


PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 26 ਮਾਰਚ ਤੋਂ 01 ਅਪ੍ਰੈਲ, 2026 | Email :- editor@punjabstar.com, Vo. 20. Issue:1230


### ਇਮੀਗ੍ਰੇਸ਼ਨ ਕੋਟੇ 'ਚ ਭਾਰੀ ਕਟੌਤੀ

## ਕੈਨੇਡਾ ਵੱਲੋਂ 2026-2027 ਦੀ ਇਮੀਗ੍ਰੇਸ਼ਨ ਨੀਤੀ 'ਚ ਵੱਡੇ ਬਦਲਾਅ



ਟੋਰਾਂਟੋ, (ਪੰਜਾਬ ਸਟਾਰ ਬਿਊਰੋ): ਕੈਨੇਡਾ ਦੀ ਮਾਰਕ ਕਾਰਨੀ ਸਰਕਾਰ ਨੇ ਆਪਣੀ 2026-2027 ਦੀ ਇਮੀਗ੍ਰੇਸ਼ਨ ਨੀਤੀ 'ਚ ਵੱਡੇ ਬਦਲਾਅ ਕੀਤੇ ਹਨ। ਨਵੀਂ ਯੋਜਨਾ ਤਹਿਤ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਅਸਥਾਈ ਵਿਦੇਸ਼ੀ ਕਾਮਿਆਂ ਦੀ ਗਿਣਤੀ ਵਿਚ ਵੱਡੀ ਕਟੌਤੀ ਕੀਤੀ ਜਾਵੇਗੀ। ਕੈਨੇਡਾ ਦੀ *ਬਾਕੀ ਸਫ਼ਾ 2 'ਤੇ

## ਅਮਰੀਕਾ ਦੀ ਨਵੀਂ ਵੀਜ਼ਾ ਨੀਤੀ ਦਾ ਪ੍ਰਭਾਵ ਭਾਰਤ ਅਤੇ ਚੀਨ 'ਤੇ ਪਿਆ

### ਵਿਦਿਆਰਥੀ ਅਤੇ ਐਚ-1ਬੀ ਵੀਜ਼ਾ ਵਿੱਚ ਆਈ ਕਾਫ਼ੀ ਗਿਰਾਵਟ




ਅਮਰੀਕਾ (ਪੰਜਾਬ ਸਟਾਰ ਬਿਊਰੋ) : ਡੋਨਾਲਡ ਟਰੰਪ ਪ੍ਰਸ਼ਾਸਨ ਦੁਆਰਾ ਲਾਗੂ ਕੀਤੀਆਂ ਗਈਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਤੋਂ ਭਾਰਤ ਅਤੇ ਚੀਨ ਖਾਸ ਤੌਰ 'ਤੇ ਪ੍ਰਭਾਵਿਤ ਹੋਏ ਹਨ। ਨਤੀਜੇ ਵਜੋਂ, ਇਨ੍ਹਾਂ ਦੇਸ਼ਾਂ ਨੇ 2024 ਦੇ ਇਸੇ ਸਮੇਂ ਦੇ ਮੁਕਾਬਲੇ 2025 ਦੇ ਪਹਿਲੇ ਅੱਠ ਮਹੀਨਿਆਂ ਵਿੱਚ 2.5 ਮਿਲੀਅਨ ਘੱਟ ਵੀਜ਼ੇ ਜਾਰੀ ਕੀਤੇ ਹਨ। ਮਾਰਚ ਦੇ ਸ਼ੁਰੂ ਵਿੱਚ ਅਮਰੀਕੀ ਵਿਦੇਸ਼ ਵਿਭਾਗ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ, ਜਨਵਰੀ ਤੋਂ ਅਗਸਤ 2025 ਤੱਕ, ਵਿਦੇਸ਼ ਵਿਭਾਗ ਨੇ ਇਸੇ ਸਮੇਂ ਦੇ ਮੁਕਾਬਲੇ 11% ਘੱਟ ਸਥਾਈ *ਬਾਕੀ ਸਫ਼ਾ 2 'ਤੇ

# ਬੰਗਲਾਦੇਸ਼ ਵਿਖੇ ਨਦੀ 'ਚ ਡਿੱਗੀ ਬੱਸ

## 23 ਦੀ ਮੌਤ, 11 ਲੋਕਾਂ ਨੇ ਤੈਰ ਕੇ ਬਚਾਈ ਆਪਣੀ ਜਾਨ



ਬੰਗਲਾਦੇਸ਼ (ਪੰਜਾਬ ਸਟਾਰ ਬਿਊਰੋ): ਬੰਗਲਾਦੇਸ਼ ਵਿੱਚ ਇੱਕ ਯਾਤਰੀ ਬੱਸ ਪਦਮਾ ਨਦੀ ਵਿੱਚ ਡਿੱਗ ਗਈ। ਇਸ ਹਾਦਸੇ ਵਿੱਚ ਹੁਣ ਤੱਕ 23 ਲੋਕਾਂ ਦੀ ਮੌਤ ਹੋ ਗਈ ਹੈ। ਗਿਆਰਾਂ ਯਾਤਰੀ ਤੈਰ ਕੇ ਸੁਰੱਖਿਅਤ ਬਾਹਰ ਨਿਕਲ ਗਏ। ਬੱਸ ਵਿੱਚ ਲਗਭਗ 40 ਲੋਕ ਸਵਾਰ ਸਨ। ਇਹ ਹਾਦਸਾ ਬੁੱਧਵਾਰ ਸ਼ਾਮ ਨੂੰ ਹੋਇਆ। ਉਸ ਸਮੇਂ ਸਿਰਫ਼ ਦੋ ਲੋਕਾਂ ਦੀ ਮੌਤ ਦੀ ਖ਼ਬਰ ਮਿਲੀ ਸੀ।

ਇਹ ਹਾਦਸਾ ਰਾਜਬਾੜੀ ਜ਼ਿਲ੍ਹੇ ਦੇ ਦੌਲਾਦੀਆ ਟਰਮੀਨਲ 'ਤੇ ਵਾਪਰਿਆ। ਬੱਸ ਇੱਕ ਕਿਸ਼ਤੀ 'ਤੇ ਚੜ੍ਹ ਰਹੀ ਸੀ ਉਦੋਂ ਹੀ ਡਰਾਈਵਰ ਨੇ ਆਪਣਾ ਕੰਟਰੋਲ ਗੁਆ ਦਿੱਤਾ ਅਤੇ ਬੱਸ ਨਦੀ ਵਿੱਚ ਡਿੱਗ ਗਈ। ਬੰਗਲਾਦੇਸ਼ ਵਿੱਚ, ਕਿਸ਼ਤੀਆਂ ਦੀ ਵਰਤੋਂ ਬੱਸਾਂ ਅਤੇ ਵਾਹਨਾਂ ਨੂੰ ਦਰਿਆਵਾਂ ਪਾਰ ਕਰਵਾਉਣ ਲਈ ਕੀਤੀ ਜਾਂਦੀ ਹੈ। ਪ੍ਰਧਾਨ ਮੰਤਰੀ ਤਾਰਿਕ ਰਹਿਮਾਨ ਨੇ ਬਚਾਅ ਕਾਰਜਾਂ ਦਾ ਜਾਇਜ਼ਾ ਲਿਆ ਹੈ *ਬਾਕੀ ਸਫ਼ਾ 2 'ਤੇ

## ਆਂਧਰਾ ਪ੍ਰਦੇਸ਼ 'ਚ ਟਿੱਪਰ ਨਾਲ ਟੱਕਰ ਮਗਰੋਂ ਬੱਸ ਨੂੰ ਲੱਗੀ ਅੱਗ, 14 ਮੌਤਾਂ



ਆਂਧਰਾ ਪ੍ਰਦੇਸ਼ (ਪੰਜਾਬ ਸਟਾਰ ਬਿਊਰੋ) : ਆਂਧਰਾ ਪ੍ਰਦੇਸ਼ ਦੇ ਮਾਰਕਾਪੁਰਮ ਜ਼ਿਲ੍ਹੇ ਵਿੱਚ ਵੀਰਵਾਰ ਨੂੰ ਇੱਕ ਨਿੱਜੀ ਬੱਸ ਦੀ ਟਿੱਪਰ ਨਾਲ ਟੱਕਰ ਹੋਣ ਅਤੇ ਅੱਗ ਲੱਗਣ ਕਾਰਨ ਘੱਟੋ-ਘੱਟ 14 ਲੋਕਾਂ ਦੀ ਮੌਤ ਹੋ ਗਈ ਹੈ ਅਤੇ 23 ਜ਼ਖ਼ਮੀ *ਬਾਕੀ ਸਫ਼ਾ 2 'ਤੇ

## ਕੋਲੰਬੀਆ 'ਚ ਫੌਜੀ ਜਹਾਜ਼ ਹਾਦਸੇ 'ਚ 66 ਸੈਨਿਕਾਂ ਦੀ ਮੌਤ, ਕਈ ਲਾਪਤਾ



(ਪੰਜਾਬ ਸਟਾਰ ਬਿਊਰੋ) ਦੱਖਣੀ ਅਮਰੀਕੀ ਦੇਸ਼ ਕੋਲੰਬੀਆ ਵਿੱਚ ਸੋਮਵਾਰ ਨੂੰ ਇੱਕ ਭਿਆਨਕ ਜਹਾਜ਼ ਹਾਦਸੇ ਵਿੱਚ 60 ਤੋਂ ਵੱਧ ਸੈਨਿਕਾਂ ਦੀ ਮੌਤ ਦੀ ਖ਼ਬਰ ਮਿਲੀ ਹੈ, ਜਦੋਂ ਕਿ ਕਈ ਹੋਰ ਅਜੇ ਵੀ ਲਾਪਤਾ ਹਨ। ਜਹਾਜ਼ ਵਿੱਚ 125 ਸੈਨਿਕ ਸਵਾਰ ਸਨ ਅਤੇ ਇਹ ਉਡਾਣ ਭਰਨ ਤੋਂ *ਬਾਕੀ ਸਫ਼ਾ 2 'ਤੇ

# ਇਰਾਨ ਵੱਲੋਂ ਅਮਰੀਕੀ ਜੰਗਬੰਦੀ ਯੋਜਨਾ ਰੱਦ

## ਆਪਣੀਆਂ ਸ਼ਰਤਾਂ ਰੱਖੀਆਂ



(ਪੰਜਾਬ ਸਟਾਰ ਬਿਊਰੋ)
ਇਰਾਨ ਨੇ ਮੱਧ ਪੂਰਬ ਵਿੱਚ ਚੱਲ ਰਹੀ ਜੰਗ ਨੂੰ ਰੋਕਣ ਲਈ ਅਮਰੀਕਾ ਵੱਲੋਂ ਪੇਸ਼ ਕੀਤੀ ਗਈ ਜੰਗਬੰਦੀ ਦੀ ਤਜਵੀਜ਼ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਇਸ ਦੇ ਉਲਟ ਇਰਾਨ ਨੇ ਆਪਣਾ ਜਵਾਬੀ ਪ੍ਰਸਤਾਵ ਪੇਸ਼ ਕਰਦਿਆਂ ਇਜ਼ਰਾਈਲ ਅਤੇ ਖਾੜੀ ਦੇਸ਼ਾਂ 'ਤੇ ਹਮਲੇ ਤੇਜ਼ ਕਰ ਦਿੱਤੇ ਹਨ। ਦੂਜੇ ਪਾਸੇ, ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਇਰਾਨੀ ਆਗੂ ਅੰਦਰੂਨੀ ਡਰ ਦੇ ਬਾਵਜੂਦ ਸਮਝੌਤਾ ਕਰਨ ਲਈ ਉਤਾਵਲੇ ਹਨ।

**ਅਮਰੀਕੀ ਪ੍ਰਸਤਾਵ ਤੇ ਇਰਾਨ ਦੀ ਪ੍ਰਤੀਕਿਰਿਆ**

ਸੂਤਰਾਂ ਮੁਤਾਬਕ ਅਮਰੀਕਾ ਨੇ 15 ਨੁਕਾਤੀ ਯੋਜਨਾ ਪੇਸ਼ ਕੀਤੀ ਸੀ, ਜਿਸ ਵਿੱਚ ਇਰਾਨ 'ਤੇ ਲੱਗੀਆਂ ਪਾਬੰਦੀਆਂ ਹਟਾਉਣ, ਪਰਮਾਣੂ ਪ੍ਰੋਗਰਾਮ 'ਤੇ ਰੋਕ ਅਤੇ ਹੋਰਮੁਜ਼ ਜਲਮਾਰਗ (Strait of Hormuz) ਨੂੰ ਮੁੜ ਖੋਲ੍ਹਣ ਵਰਗੀਆਂ ਸ਼ਰਤਾਂ ਸ਼ਾਮਲ ਸਨ। ਪਰ ਇਰਾਨ ਨੇ ਸਰਕਾਰੀ ਟੀਵੀ ਰਾਹੀਂ ਆਪਣੀ ਯੋਜਨਾ ਜਾਰੀ ਕਰਦਿਆਂ ਮੰਗ ਕੀਤੀ ਹੈ ਕਿ ਉਸ ਦੇ ਅਧਿਕਾਰੀਆਂ ਦੀਆਂ ਹੱਤਿਆਵਾਂ ਬੰਦ ਕੀਤੀਆਂ ਜਾਣ, ਜੰਗ ਦਾ ਹਰਜਾਨਾ ਦਿੱਤਾ ਜਾਵੇ ਅਤੇ ਹੋਰਮੁਜ਼ ਜਲਮਾਰਗ 'ਤੇ ਉਸ ਦੀ ਪ੍ਰਭੂਸੱਤਾ ਨੂੰ ਮਾਨਤਾ ਦਿੱਤੀ ਜਾਵੇ। ਇਰਾਨੀ ਵਿਦੇਸ਼ ਮੰਤਰੀ ਅੱਬਾਸ ਅਰਾਗਚੀ ਨੇ ਸਪੱਸ਼ਟ ਕੀਤਾ ਕਿ ਫਿਲਹਾਲ ਦੁਸ਼ਮਣ ਨਾਲ ਕੋਈ ਗੱਲਬਾਤ ਨਹੀਂ ਹੋ ਰਹੀ।

**ਜਾਨੀ ਤੇ ਮਾਲੀ ਨੁਕਸਾਨ**

ਇਸ ਭਿਆਨਕ ਜੰਗ ਵਿੱਚ ਮਰਨ ਵਾਲਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਹੁਣ ਤੱਕ ਇਰਾਨ ਵਿੱਚ 1,500, ਲਿਬਨਾਨ ਵਿੱਚ 1,100 ਅਤੇ ਇਜ਼ਰਾਈਲ ਵਿੱਚ 16 ਲੋਕਾਂ ਦੀ ਜਾਨ ਜਾ ਚੁੱਕੀ ਹੈ। ਇਸ ਤੋਂ ਇਲਾਵਾ 13 ਅਮਰੀਕੀ ਫੌਜੀ ਵੀ ਮਾਰੇ ਗਏ ਹਨ। ਲਿਬਨਾਨ ਅਤੇ ਇਰਾਨ ਵਿੱਚ ਲੱਖਾਂ ਲੋਕ ਆਪਣੇ ਘਰ ਛੱਡਣ ਲਈ ਮਜਬੂਰ ਹੋ ਗਏ ਹਨ। ਵੀਰਵਾਰ ਸਵੇਰੇ ਤੇਲ ਅਵੀਵ ਸਮੇਤ *ਬਾਕੀ ਸਫ਼ਾ 2 'ਤੇ

## ਕੈਨੇਡਾ ਦੀ ਓਨਟਾਰੀਓ ਸਰਕਾਰ ਨੇ ਘਰ ਲੈਣਾ ਕੀਤਾ ਹੋਰ ਵੀ ਸੌਖਾ



ਟੋਰਾਂਟੋ (ਬਲਜਿੰਦਰ ਸੇਖਾ) ਕੈਨੇਡਾ ਦੀ ਓਨਟਾਰੀਓ ਸਰਕਾਰ ਨੇ ਆਉਣ ਵਾਲੇ 2026 ਦੇ ਬਜਟ ਵਿੱਚ, $1 ਮਿਲੀਅਨ ਤੱਕ ਦੇ ਨਵੇਂ ਘਰਾਂ ਦੇ ਯੋਗ ਖਰੀਦਦਾਰਾਂ ਲਈ ਹਾਰਮੋਨਾਈਜ਼ਡ ਸੇਲਜ਼ ਟੈਕਸ (ਐਚਐਸਟੀ) ਦਾ ਪੂਰਾ *ਬਾਕੀ ਸਫ਼ਾ 2 'ਤੇ

## ਕੈਨੇਡਾ 'ਚ ਹਜ਼ਾਰਾਂ ਪੰਜਾਬੀਆਂ ਲਈ ਖ਼ਤਰੇ ਦੀ ਘੰਟੀ !



ਔਟਵਾ, (ਪੰਜਾਬ ਸਟਾਰ ਬਿਊਰੋ): ਸਟੱਡੀ ਵੀਜ਼ਾ 'ਤੇ ਕੈਨੇਡਾ ਆਏ ਹਜ਼ਾਰਾਂ ਪੰਜਾਬੀ ਨੌਜਵਾਨਾਂ ਲਈ ਖ਼ਤਰੇ ਦੀ ਘੰਟੀ ਵੱਜ ਗਈ ਜਿਨ੍ਹਾਂ ਵਿਰੁੱਧ ਸ਼ਰਤਾਂ ਪੂਰੀਆਂ ਨਾ ਕਰਨ ਦੇ ਦੋਸ਼ ਸਾਬਤ ਹੋ ਚੁੱਕੇ ਹਨ ਅਤੇ ਹੁਣ ਇੰਮੀਗ੍ਰੇਸ਼ਨ ਮਹਿਕਮਾ ਕਿਸੇ ਵੀ ਵੇਲੇ ਵੱਡੀ ਕਾਰਵਾਈ ਕਰ ਸਕਦਾ ਹੈ। ਜੀ ਹਾਂ, ਹਾਊਸ ਆਫ਼ ਕਾਮਨਜ਼ ਵਿਚ ਪੇਸ਼ ਆਡੀਟਰ ਜਨਰਲ ਦੀ ਰਿਪੋਰਟ ਹੈ ਕਹਿੰਦੀ ਹੈ ਕਿ 1 ਲੱਖ 53 ਹਜ਼ਾਰ 324 ਕੌਮਾਂਤਰੀ ਵਿਦਿਆਰਥੀ ਨਿਯਮ ਅਤੇ ਸ਼ਰਤਾਂ ਦੀ ਕਸੌਟੀ 'ਤੇ ਖਰੇ ਨਹੀਂ ਉਤਰਦੇ ਪਰ ਇੰਮੀਗ੍ਰੇਸ਼ਨ ਮਹਿਕਮੇ ਦੀ ਢਿੱਲ-ਮੱਠ ਸਦਕਾ ਸਾਲ 2023 ਅਤੇ 2024 ਦੌਰਾਨ ਸਿਰਫ਼ 6 ਹਜ਼ਾਰ ਵਿਦਿਆਰਥੀਆਂ ਵਿਰੁੱਧ ਹੀ ਪੜਤਾਲ ਕੀਤੀ ਗਈ। 1,654 ਵਿਦਿਆਰਥੀਆਂ ਨੇ ਇੰਮੀਗ੍ਰੇਸ਼ਨ ਮਹਿਕਮੇ ਵੱਲੋਂ ਭੇਜੀ ਮੇਲ ਦਾ ਕੋਈ ਜਵਾਬ ਹੀ ਨਾ ਦਿਤਾ ਅਤੇ ਵਿਭਾਗ ਨੇ ਕੋਈ ਕਾਰਵਾਈ ਕਰਨੀ ਵਾਜਬ ਨਾ ਸਮਝੀ।

**1.53 ਲੱਖ ਕੌਮਾਂਤਰੀ ਵਿਦਿਆਰਥੀਆਂ ਨੇ ਕੀਤੀ ਨਿਯਮਾਂ ਦੀ ਉਲੰਘਣਾ**

ਰਿਪੋਰਟ ਵਿਚ ਉਨ੍ਹਾਂ 800 ਪੰਜਾਬੀ ਵਿਦਿਆਰਥੀਆਂ ਦਾ ਖ਼ਾਸ ਤੌਰ 'ਤੇ ਜ਼ਿਕਰ ਮਿਲਦਾ ਹੈ ਜੋ ਫ਼ਰਜ਼ੀ ਦਸਤਾਵੇਜ਼ਾਂ ਦੇ *ਬਾਕੀ ਸਫ਼ਾ 2 'ਤੇ

### ਅਮਰੀਕਾ 'ਚ 'ਸਰਕਾਰੀ ਸ਼ੱਟਡਾਊਨ'

## ਹਵਾਈ ਅੱਡਿਆਂ 'ਤੇ ਲੱਗੀਆਂ ਲੰਬੀਆਂ ਕਤਾਰਾਂ




ਵਾਸ਼ਿੰਗਟਨ, (ਪੰਜਾਬ ਸਟਾਰ ਬਿਊਰੋ): ਜਿੱਥੇ ਇੱਕ ਪਾਸੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਸੀ ਕਿ ਉਹ 'ਗਵਰਨਮੈਂਟ ਸ਼ੱਟਡਾਊਨ' ਕਾਰਨ ਹਵਾਈ ਅੱਡਿਆਂ 'ਤੇ ਲੱਗੀਆਂ ਲੰਬੀਆਂ ਕਤਾਰਾਂ ਨੂੰ ਘੱਟ ਕਰਨ ਲਈ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ICE) ਦੇ ਏਜੰਟਾਂ ਨੂੰ ਤਾਇਨਾਤ ਕਰ ਰਹੇ ਹਨ, ਉੱਥੇ ਹੀ ਹੁਣ ਜ਼ਮੀਨੀ ਹਕੀਕਤ ਕੁਝ ਹੋਰ ਹੀ ਬਿਆਨ ਕਰ ਰਹੀ ਹੈ। ਹਵਾਈ ਅੱਡਿਆਂ ਤੋਂ ਅਜਿਹੀਆਂ ਵੀਡੀਓਜ਼ ਸਾਹਮਣੇ ਆਈਆਂ ਹਨ, ਜਿੱਥੇ ICE ਏਜੰਟ ਸੁਰੱਖਿਆ ਕਤਾਰਾਂ ਵਿਚ ਖੜ੍ਹੇ ਲੋਕਾਂ ਨੂੰ ਗ੍ਰਿਫਤਾਰ ਕਰਦੇ ਨਜ਼ਰ ਆ ਰਹੇ ਹਨ। ਜਿਹੜੇ ਮੁਸਾਫਰ ਆਪਣੀ ਉਡਾਣ ਫੜਨ ਲਈ ਆਏ ਸਨ, ਉਨ੍ਹਾਂ ਵਿਚ ਹੁਣ ਭਾਰੀ ਸਹਿਮ ਪਾਇਆ ਜਾ ਰਿਹਾ ਹੈ। ਪ੍ਰਸ਼ਾਸਨ ਨੇ ਕਿਹਾ ਸੀ ਕਿ ਇਹ ਏਜੰਟ ਸਿਰਫ ਭੀੜ ਘਟਾਉਣ ਵਿਚ ਮਦਦ ਕਰਨਗੇ, ਪਰ ਹੁਣ ਲੱਗਦਾ ਹੈ ਕਿ ਇਸ 'ਚੈਕਿੰਗ' ਦੇ ਬਹਾਨੇ ਇਮੀਗ੍ਰੇਸ਼ਨ ਕਾਰਵਾਈਆਂ ਤੇਜ਼ ਕਰ ਦਿੱਤੀਆਂ ਗਈਆਂ ਹਨ। ਵਾਇਰਲ ਹੋ ਰਹੀਆਂ ਵੀਡੀਓਜ਼ ਵਿਚ ਦੇਖਿਆ ਜਾ ਸਕਦਾ ਹੈ ਕਿ ਫੈਡਰਲ ਏਜੰਟ ਹਵਾਈ ਅੱਡਿਆਂ ਦੇ ਅੰਦਰ ਹੀ ਲੋਕਾਂ ਨੂੰ ਹਿਰਾਸਤ ਵਿਚ ਲੈ ਰਹੇ ਹਨ। ਇਸ ਕਾਰਵਾਈ ਨੇ ਮਨੁੱਖੀ *ਬਾਕੀ ਸਫ਼ਾ 2 'ਤੇ

## 'ਆਪ' ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਗ੍ਰਿਫ਼ਤਾਰ



ਪਟਿਆਲਾ : ਪਟਿਆਲਾ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਸਨੌਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੂੰ ਪਟਿਆਲਾ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਜਾਣ ਦੀ ਖ਼ਬਰ ਸਾਹਮਣੇ ਆਈ ਹੈ। ਪਠਾਣਮਾਜਰਾ ਉਨ੍ਹਾਂ ਦੀ ਦੂਜੀ ਪਤਨੀ ਵੱਲੋਂ ਲਾਏ ਸਰੀਰਕ ਸ਼ੋਸ਼ਣ ਦੇ ਇਲਜ਼ਾਮਾਂ ਤੋਂ ਬਾਅਦ ਫਰਾਰ ਚੱਲ ਰਹੇ ਸਨ। ਪਠਾਣਮਾਜਰਾ ਵੱਲੋਂ ਅਦਾਲਤ 'ਚ ਆਪਣੀ ਜ਼ਮਾਨਤ ਲਈ ਪਟੀਸ਼ਨ ਵੀ ਦਾਇਰ ਕੀਤੀ ਗਈ ਸੀ ਪਰ ਅਦਾਲਤ ਉਨ੍ਹਾਂ ਦੀ ਜ਼ਮਾਨਤ ਪਟੀਸ਼ਨ ਵਾਲੀ ਨੂੰ ਖਾਰਜ ਕਰਦਿਆਂ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ। ਜਿਸ ਤੋਂ ਬਾਅਦ ਉਨ੍ਹਾਂ ਜ਼ਮਾਨਤ ਲੈਣ ਲਈ ਪੰਜਾਬ-ਹਰਿਆਣਾ ਹਾਈ ਕੋਰਟ ਦਾ ਵੀ ਰੁਖ ਕੀਤਾ ਸੀ ਪਰ ਉਨ੍ਹਾਂ ਨੂੰ ਉਥੋਂ ਵੀ ਜ਼ਮਾਨਤ ਨਹੀਂ ਮਿਲੀ ਸੀ, ਜਿਸ ਤੋਂ ਬਾਅਦ ਅਦਾਲਤ ਨੇ *ਬਾਕੀ ਸਫ਼ਾ 2 'ਤੇ





ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



ਕਰਜ਼ੇ ਦੀ ਸਿਰਦਰਦੀ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
www.MakeMeDebtFree.ca
416-502-3100
1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents



Harjit Brar
Sales Representative
416-417-6010

FOR ALL YOUR REAL ESTATE NEEDS
ਕਿਸੇ ਤਰ੍ਹਾਂ ਦੀ ਵੀ ਪ੍ਰੋਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ



HOMELIFE HIGHER STANDARDS
HOMELIFE MAPLE LEAF REALTY LTD., BROKERAGE
Ph: 905-456-9090



Vik Mehmi
Broker
416-500-6262

# ਪੇਜ ਇੱਕ ਦੀ ਬਾਕੀ

## ਕੈਨੇਡਾ ਵੱਲੋਂ...

ਕਾਰਨੀ ਸਰਕਾਰ ਨੇ ਇਹ ਫ਼ੈਸਲਾ ਦੇਸ਼ ਦੀ ਆਰਥਿਕਤਾ ਨੂੰ ਸੰਤੁਲਿਤ ਕਰਨ ਅਤੇ ਬਾਹਰੀ ਨਿਰਭਰਤਾ ਦੇ ਦੋਸ਼ਾਂ ਨੂੰ ਹੱਲ ਕਰਨ ਲਈ ਕੀਤਾ ਹੈ।

ਕੈਨੇਡਾ ਦੀ ਇਸ ਨਵੀਂ ਯੋਜਨਾ ਦਾ ਮੁੱਖ ਉਦੇਸ਼ ਦੇਸ਼ ਵਿਚ ਕੌਮਾਂਤਰੀ ਵਰਕਰਾਂ ਅਤੇ ਵਿਦਿਆਰਥੀਆਂ ਦੀ ਗਿਣਤੀ ਨੂੰ ਘਟਾਉਣਾ ਹੈ। ਸਰਕਾਰ ਨੇ ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਵਿਭਾਗ (ਆਈ.ਆਰ.ਸੀ.ਸੀ.) ਰਾਹੀਂ 2026-27 ਲਈ ਇੱਕ ਨਵੀਂ ਇਮੀਗ੍ਰੇਸ਼ਨ ਰਣਨੀਤੀ ਜਾਰੀ ਕੀਤੀ ਹੈ। ਇਸ ਰਣਨੀਤੀ ਦੇ ਤਹਿਤ 2015 ਵਿਚ ਜਿੱਥੇ 6.73 ਅਸਥਾਈ ਨਿਵਾਸੀਆਂ ਨੂੰ ਇਜਾਜ਼ਤ ਦਿੱਤੀ ਗਈ ਸੀ, ਉੱਥੇ 2026 'ਚ ਇਹ ਗਿਣਤੀ ਘਟਾ ਕੇ ਲਗਭਗ 3.85 ਲੱਖ ਕਰ ਦਿੱਤੀ ਜਾਵੇਗੀ। ਕੈਨੇਡਾ ਦੀ ਇਮੀਗ੍ਰੇਸ਼ਨ ਮੰਤਰੀ ਲੀਨਾ ਮੇਟਲੇਜ-ਡਿਆਬ ਨੇ ਹਾਊਸ ਆਫ ਕਾਮਨਜ਼ ਨੂੰ ਦੱਸਿਆ ਕਿ ਇਸ ਯੋਜਨਾ ਦਾ ਉਦੇਸ਼ ਇਮੀਗ੍ਰੇਸ਼ਨ ਪ੍ਰਣਾਲੀ 'ਤੇ ਨਿਯੰਤਰਣ ਬਹਾਲ ਕਰਨਾ ਅਤੇ ਇਸਨੂੰ ਇੱਕ ਟਿਕਾਊ ਪੱਧਰ 'ਤੇ ਵਾਪਸ ਲਿਆਉਣਾ ਹੈ। ਸਰਕਾਰ ਦਾ ਮੰਨਣਾ ਹੈ ਕਿ ਬੇਕਾਬੂ ਇਮੀਗ੍ਰੇਸ਼ਨ ਨੇ ਰਿਹਾਇਸ਼, ਬੁਨਿਆਦੀ ਢਾਂਚੇ ਅਤੇ ਸਮਾਜਿਕ ਸੇਵਾਵਾਂ 'ਤੇ ਦਬਾਅ ਵਧਾਇਆ ਹੈ, ਜਿਸ ਨੂੰ ਘਟਾਉਣ ਦੀ ਲੋੜ ਹੈ। ਨਵੀਂ ਨੀਤੀ ਤਹਿਤ ਐਕਸਪ੍ਰੈੱਸ ਐਂਟਰੀ ਸਿਸਟਮ ਵਿਚ ਵੀ ਬਦਲਾਅ ਕੀਤੇ ਗਏ ਹਨ। ਫਰਵਰੀ 2026 ਤੋਂ ਲਾਗੂ ਨਵੀਆਂ ਸ਼੍ਰੇਣੀਆਂ 'ਚ ਸਿਰਫ ਉਨ੍ਹਾਂ ਉਮੀਦਵਾਰਾਂ ਨੂੰ ਤਰਜੀਹ ਦਿੱਤੀ ਜਾਵੇਗੀ, ਜਿਨ੍ਹਾਂ ਕੋਲ ਵਿਸ਼ੇਸ਼ ਹੁਨਰ ਅਤੇ ਤਜਰਬੇ ਹਨ। ਇਨ੍ਹਾਂ ਵਿਚ ਸਿਹਤ ਸੰਭਾਲ, ਹੁਨਰਮੰਦ ਕਿੱਤੇ, ਫ੍ਰੈਂਚ ਭਾਸ਼ਾ ਦੀ ਮੁਹਾਰਤ ਅਤੇ ਉੱਭਰਦੀਆਂ ਤਕਨਾਲੋਜੀਆਂ ਸ਼ਾਮਲ ਹਨ।

ਇਸ ਬਦਲਾਅ ਦਾ ਸਭ ਤੋਂ ਵੱਧ ਅਸਰ ਉਨ੍ਹਾਂ ਵਿਦਿਆਰਥੀਆਂ 'ਤੇ ਪਵੇਗਾ, ਜੋ ਕਾਰੋਬਾਰ, ਪ੍ਰਾਹੁਣਚਾਰੀ, ਏਅਰਲਾਈਨ ਅਤੇ ਹੋਟਲ ਪ੍ਰਬੰਧਨ ਵਰਗੇ ਜਨਰਲ ਕੋਰਸਾਂ ਰਾਹੀਂ ਸਥਾਈ ਨਿਵਾਸ (ਪੀ.ਆਰ.) ਪ੍ਰਾਪਤ ਕਰਨ ਦੀ ਉਮੀਦ ਰੱਖਦੇ ਸਨ। ਅਜਿਹੇ ਕੋਰਸ ਕਰਨ ਵਾਲਿਆਂ ਨੂੰ ਹੁਣ ਕੈਨੇਡਾ ਵਿਚ ਸੈਟਲ ਹੋਣਾ ਹੋਰ ਵੀ ਮੁਸ਼ਕਲ ਹੋਵੇਗਾ। ਸਰਕਾਰ ਨੇ ਇਹ ਵੀ ਟੀਚਾ ਰੱਖਿਆ ਹੈ ਕਿ 2026 ਤੱਕ ਦੇਸ਼ ਵਿਚ ਅਸਥਾਈ ਨਿਵਾਸੀਆਂ ਦੀ ਹਿੱਸੇਦਾਰੀ ਨੂੰ ਘਟਾ ਕੇ 5 ਪ੍ਰਤੀਸ਼ਤ ਕਰਨਾ ਹੈ। ਉੱਥੇ 2027 ਤੋਂ ਬਾਅਦ ਸਥਾਈ ਨਿਵਾਸੀਆਂ ਦੀ ਗਿਣਤੀ ਕੁੱਲ ਆਬਾਦੀ ਦੇ 1 ਪ੍ਰਤੀਸ਼ਤ ਤੋਂ ਘੱਟ ਰੱਖੀ ਜਾਵੇਗੀ। ਇਸ ਦੇ ਨਾਲ ਹੀ ਫ੍ਰੈਂਚ ਬੋਲਣ ਵਾਲੇ ਪ੍ਰਵਾਸੀਆਂ ਨੂੰ ਵਧਾਵਾ ਦੇਣ 'ਤੇ ਜ਼ੋਰ ਦਿੱਤਾ ਗਿਆ ਹੈ। ਸਰਕਾਰ ਨੇ ਕਿਊਬੈਕ ਤੋਂ ਬਾਹਰ ਫ੍ਰੈਂਚ ਬੋਲਣ ਵਾਲੇ ਪ੍ਰਵਾਸੀਆਂ ਦੀ ਹਿੱਸੇਦਾਰੀ ਨੂੰ 2026 ਤੱਕ 9 ਪ੍ਰਤੀਸ਼ਤ ਅਤੇ 2029 ਤੱਕ 12 ਪ੍ਰਤੀਸ਼ਤ ਕਰਨ ਦਾ ਟੀਚਾ ਰੱਖਿਆ ਹੈ। ਸਰਕਾਰ ਦਾ ਕਹਿਣਾ ਹੈ ਕਿ ਨਵੀਂ ਨੀਤੀ ਦਾ ਉਦੇਸ਼ ਸਭ ਤੋਂ ਵਧੀਆ ਪ੍ਰਤਿਭਾ ਨੂੰ ਆਕਰਸ਼ਿਤ ਕਰਨਾ ਅਤੇ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਸੰਤੁਲਿਤ ਕਰਨਾ ਹੈ, ਜਿਸ ਨਾਲ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤੀ ਮਿਲੇਗੀ ਅਤੇ ਸਥਾਨਕ ਸਰੋਤਾਂ 'ਤੇ ਦਬਾਅ ਘਟੇਗਾ। ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਮੇਂ ਤੋਂ ਕੈਨੇਡਾ ਵਿਚ ਰਿਹਾਇਸ਼ੀ ਸੰਕਟ ਅਤੇ ਹੋਰ ਬੁਨਿਆਦੀ ਸਹੂਲਤਾਂ 'ਤੇ ਵੱਧ ਰਹੇ ਬੋਝ ਕਾਰਨ ਇਮੀਗ੍ਰੇਸ਼ਨ ਨੀਤੀਆਂ ਵਿਚ ਬਦਲਾਅ ਦੀ ਮੰਗ ਕੀਤੀ ਜਾ ਰਹੀ ਸੀ। ਹੁਣ ਸਰਕਾਰ ਵੱਲੋਂ ਚੁੱਕੇ ਗਏ ਇਸ ਕਦਮ ਨਾਲ ਆਉਣ ਵਾਲੇ ਸਾਲਾਂ ਵਿਚ ਕੈਨੇਡਾ ਜਾਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਵਿਚ ਕਮੀ ਆਉਣੀ ਲਾਜ਼ਮੀ ਹੈ।

## ਅਮਰੀਕਾ ਦੀ ਨਵੀਂ...

ਨਿਵਾਸੀ-ਅਸਥਾਈ ਵੀਜ਼ੇ ਮਨਜ਼ੂਰ ਕੀਤੇ ਹਨ। ਇਹ ਵੀਜ਼ੇ ਆਮ ਤੌਰ 'ਤੇ ਵਿਦਿਆਰਥੀਆਂ, ਕਾਮਿਆਂ ਅਤੇ ਨਾਗਰਿਕਾਂ ਅਤੇ ਕਾਨੂੰਨੀ ਨਿਵਾਸੀਆਂ ਦੇ ਪਰਿਵਾਰਕ ਮੈਂਬਰਾਂ ਨੂੰ ਜਾਰੀ ਕੀਤੇ ਜਾਂਦੇ ਹਨ। ਰਿਪੋਰਟ ਅਨੁਸਾਰ ਇਸ 11% ਦੀ ਗਿਰਾਵਟ ਵਿੱਚ ਸੈਲਾਨੀ ਵੀਜ਼ੇ ਸ਼ਾਮਿਲ ਨਹੀਂ ਹਨ, ਜੋ ਕਿ ਉਸੇ ਸਮੇਂ ਦੌਰਾਨ ਵੀ ਘਟੇ ਸਨ। 2024 ਦੀ ਇਸੇ ਮਿਆਦ ਦੇ ਮੁਕਾਬਲੇ ਚੀਨੀ ਅਤੇ ਭਾਰਤੀ ਨਾਗਰਿਕਾਂ ਲਈ ਵੀਜ਼ਾ ਦੀ ਗਿਣਤੀ ਵਿੱਚ ਲਗਭਗ 84,000 ਦੀ ਗਿਰਾਵਟ ਆਈ ਹੈ, ਜੋ ਮੁੱਖ ਤੌਰ 'ਤੇ ਇਨ੍ਹਾਂ ਦੇਸ਼ਾਂ ਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਕਾਮਿਆਂ ਵਿੱਚ ਗਿਰਾਵਟ ਨੂੰ ਦਰਸਾਉਂਦੀ ਹੈ।

ਜਨਵਰੀ ਅਤੇ ਅਗਸਤ 2024 ਦੇ ਵਿਚਕਾਰ, ਅਮਰੀਕਾ ਨੇ 3.44 ਲੱਖ ਤੋਂ ਵੱਧ ਵਿਦਿਆਰਥੀ ਵੀਜ਼ੇ ਜਾਰੀ ਕੀਤੇ, ਜਦੋਂ ਕਿ 2025 ਵਿੱਚ ਇਸੇ ਸਮੇਂ ਦੌਰਾਨ ਇਹ ਗਿਣਤੀ ਘੱਟ ਕੇ 2.38 ਲੱਖ ਤੋਂ ਥੋੜ੍ਹੀ ਜ਼ਿਆਦਾ ਰਹਿ ਗਈ ਹੈ। ਪਰਿਵਾਰਕ ਤਰਜੀਹੀ ਵੀਜ਼ਾ, ਜਿਸ ਵਿੱਚ ਅਮਰੀਕੀ ਨਾਗਰਿਕਾਂ ਦੇ ਬਾਲਗ ਬੱਚੇ ਅਤੇ ਭੈਣ-ਭਰਾ ਸ਼ਾਮਲ ਹਨ, ਵਿੱਚ 27% ਤੋਂ ਵੱਧ, ਜਾਂ 44,000 ਤੋਂ ਵੱਧ ਦੀ ਗਿਰਾਵਟ ਆਈ ਹੈ। ਸਮੁੰਦਰੀ ਅਤੇ ਹਵਾਈ ਸੇਵਾ ਕਰਮਚਾਰੀਆਂ ਨੂੰ ਜਾਰੀ ਕੀਤੇ ਗਏ ਵੀਜ਼ਿਆਂ ਵਿੱਚ ਵੀ 30,876 ਦੀ ਗਿਰਾਵਟ ਆਈ ਹੈ, ਜਦੋਂ ਕਿ ਸੱਭਿਆਚਾਰਕ ਆਦਾਨ-ਪ੍ਰਦਾਨ ਲਈ ਆਉਣ ਵਾਲੇ ਸੈਲਾਨੀਆਂ ਨੂੰ ਜਾਰੀ ਕੀਤੇ ਗਏ ਵੀਜ਼ਿਆਂ ਵਿੱਚ 29,594 ਦੀ ਗਿਰਾਵਟ ਆਈ ਹੈ। ਮੰਗੇਤਰ/ਪਤੀ/ਪਤਨੀ ਨੂੰ ਜਾਰੀ ਕੀਤੇ ਗਏ ਵੀਜ਼ੇ 2024 ਦੇ ਪਹਿਲੇ ਅੱਠ ਮਹੀਨਿਆਂ ਵਿੱਚ 37,229 ਤੋਂ ਘੱਟ ਕੇ 2025 ਦੀ ਰਿਪੋਰਟਿੰਗ ਮਿਆਦ ਵਿੱਚ 18,894 ਰਹਿ ਗਏ ਹਨ। ਇਹ ਵੀ ਇੱਕ ਮਹੱਤਵਪੂਰਨ ਕਮੀ ਹੈ। ਅਮਰੀਕਾ ਨੇ ਹਾਲ ਹੀ ਵਿੱਚ H-1B ਵੀਜ਼ਾ ਪ੍ਰਕਿਰਿਆ ਵਿੱਚ ਇੱਕ ਵੱਡਾ ਬਦਲਾਅ ਕੀਤਾ ਹੈ, ਜਿਸ ਵਿੱਚ ਲਾਭਪਾਤਰੀਆਂ ਦੀ ਚੋਣ ਬੇਤਰਤੀਬ ਲਾਟਰੀ ਦੀ ਬਜਾਏ ਤਨਖਾਹ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਅਮਰੀਕੀ ਇਮੀਗ੍ਰੇਸ਼ਨ ਏਜੰਸੀ ਨੇ ਇਸਦੇ ਲਈ ਇੱਕ ਨਵਾਂ ਸਿਸਟਮ ਬਣਾਇਆ ਹੈ, ਜੋ ਕਿ 1 ਅਪ੍ਰੈਲ, 2026 ਤੋਂ ਲਾਜ਼ਮੀ ਹੋਵੇਗਾ। ਕੰਪਨੀਆਂ ਨੂੰ ਵਿਦੇਸ਼ੀ ਕਾਮਿਆਂ ਲਈ ਅਰਜ਼ੀਆਂ ਵਿੱਚ ਨੌਕਰੀ ਨਾਲ ਸਬੰਧਿਤ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਹੋਵੇਗੀ। ਇਸ ਨਾਲ ਪਹਿਲਾਂ ਨਾਲੋਂ ਜ਼ਿਆਦਾ ਤਜਰਬੇਕਾਰ ਅਤੇ ਉੱਚ ਤਨਖਾਹ ਵਾਲੇ ਪੇਸ਼ੇਵਰਾਂ ਨੂੰ ਵੀਜ਼ਾ ਮਿਲਣ ਦੀ ਸੰਭਾਵਨਾ ਵੱਧ ਜਾਵੇਗੀ।

## ਬੰਗਲਾਦੇਸ਼ ਵਿਖੇ ਨਦੀ...

ਅਤੇ ਹਾਦਸੇ ਦੀ ਜਾਂਚ ਦੇ ਹੁਕਮ ਦਿੱਤੇ ਹਨ। ਬਚਾਅ ਟੀਮਾਂ ਨੇ "ਹਮਜ਼ਾ" ਨਾਮਕ ਜਹਾਜ਼ ਦੀ ਵਰਤੋਂ ਕਰਦਿਆਂ ਲਗਭਗ ਛੇ ਘੰਟਿਆਂ ਦੀ ਕੋਸ਼ਿਸ਼ ਤੋਂ ਬਾਅਦ ਅੱਧੀ ਰਾਤ ਨੂੰ ਬੱਸ ਨੂੰ ਬਾਹਰ ਕੱਢਿਆ। ਗੋਤਾਖੋਰਾਂ ਨੇ 21 ਲਾਸ਼ਾਂ ਬਰਾਮਦ ਕੀਤੀਆਂ, ਜਦੋਂ ਕਿ ਗੋਤਾਖੋਰ ਪਹਿਲਾਂ ਹੀ ਦੋ ਔਰਤਾਂ ਦੀਆਂ ਲਾਸ਼ਾਂ ਕੱਢ ਚੁੱਕੇ ਸਨ। ਫੌਜ ਅਤੇ ਪੁਲਿਸ ਦੀ ਸਹਾਇਤਾ ਨਾਲ ਫਾਇਰ ਸਰਵਿਸ ਅਤੇ ਤੱਟ ਰੱਖਿਅਕ ਗੋਤਾਖੋਰ ਲਾਪਤਾ ਲੋਕਾਂ ਦੀ ਭਾਲ ਕਰ ਰਹੇ ਹਨ। ਅਧਿਕਾਰੀਆਂ ਨੇ ਦੱਸਿਆ ਕਿ ਬੱਸ ਢਾਕਾ ਜਾ ਰਹੀ ਸੀ। ਈਦ ਦੀਆਂ ਛੁੱਟੀਆਂ ਤੋਂ ਬਾਅਦ ਬੱਚਿਆਂ ਸਮੇਤ ਬਹੁਤ ਸਾਰੇ ਯਾਤਰੀ ਰਾਜਧਾਨੀ ਵਾਪਸ ਆ ਰਹੇ ਸਨ। ਚਸ਼ਮਦੀਦਾਂ ਦੇ ਅਨੁਸਾਰ, ਬਹੁਤ ਸਾਰੇ ਯਾਤਰੀ ਇੱਕੋ ਪਰਿਵਾਰ ਦੇ ਸਨ। ਕੁਝ ਬਾਹਰ ਖੜ੍ਹੇ ਰਹਿ ਕੇ ਬਚ ਗਏ, ਜਦੋਂ ਕਿ ਉਨ੍ਹਾਂ ਦੇ ਪਰਿਵਾਰਕ ਮੈਂਬਰ ਅੰਦਰ ਫਸ ਗਏ।

## ਆਂਧਰਾ ਪ੍ਰਦੇਸ਼ 'ਚ...

ਹੋ ਗਏ ਹਨ। ਮਾਰਕਾਪੁਰਮ ਦੇ ਪੁਲੀਸ ਸੁਪਰਡੈਂਟ ਵੀ. ਹਰਸ਼ਵਰਧਨ ਰਾਜੂ ਨੇ ਜਾਣਕਾਰੀ ਦਿੱਤੀ ਕਿ ਹਾਦਸੇ ਵਿੱਚ 14 ਲੋਕਾਂ ਦੀ ਮੌਤ ਹੋਈ ਹੈ ਅਤੇ ਡਰਾਈਵਰ ਸਮੇਤ 23 ਜ਼ਖ਼ਮੀ ਵਿਅਕਤੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਘਟਨਾ ਦੇ ਕਾਰਨਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਘਟਨਾ ਉਦੋਂ ਵਾਪਰੀ ਜਦੋਂ ਇੱਕ ਪ੍ਰਾਈਵੇਟ ਟਰੈਵਲ ਬੱਸ ਤੇਲੰਗਾਨਾ ਦੇ ਜਗਤਿਆਲ ਤੋਂ ਨੇਲੋਰ ਜ਼ਿਲ੍ਹੇ ਦੇ ਕਾਲੀਗਿਰੀ ਜਾ ਰਹੀ ਸੀ। ਟਿੱਪਰ ਨਾਲ ਟੱਕਰ ਮਗਰੋਂ ਬੱਸ ਵਿੱਚ ਅੱਗ ਲੱਗ ਗਈ ਅਤੇ ਯਾਤਰੀ ਵਿੱਚ ਹੀ ਫਸ ਗਏ। ਉੱਥੇ ਹੀ ਟਿੱਪਰ ਚਾਲਕ ਨੂੰ ਵੀ ਸੱਟਾਂ ਲੱਗੀਆਂ ਹਨ ਅਤੇ ਉਸ ਨੂੰ ਵੀ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

ਸੂਬੇ ਦੇ ਮੁੱਖ ਮੰਤਰੀ ਐੱਨ. ਚੰਦਰਬਾਬੂ ਨਾਇਡੂ ਨੇ ਜਾਨੀ ਨੁਕਸਾਨ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਮੁੱਖ ਮੰਤਰੀ ਨੇ ਜ਼ਖਮੀਆਂ ਨੂੰ ਲੋੜੀਂਦੀ ਡਾਕਟਰੀ ਸਹਾਇਤਾ ਯਕੀਨੀ ਬਣਾਉਣ ਲਈ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹਾਦਸੇ ਦੇ ਕਾਰਨਾਂ ਦੀ ਜਾਂਚ ਕਰਨ ਅਤੇ ਰਿਪੋਰਟ ਸੌਂਪਣ ਦੇ ਨਿਰਦੇਸ਼ ਦਿੱਤੇ ਹਨ।

## ਕੋਲੰਬੀਆ 'ਚ ਫੌਜੀ ਜਹਾਜ਼...

ਤੁਰੰਤ ਬਾਅਦ ਹਾਦਸਾਗ੍ਰਸਤ ਹੋ ਗਿਆ ਸੀ। ਕੋਲੰਬੀਆ ਦੀ ਫੌਜ ਨੇ ਲਗਭਗ 66 ਸੈਨਿਕਾਂ ਦੀ ਮੌਤ ਦੀ ਪੁਸ਼ਟੀ ਕੀਤੀ ਹੈ। ਇਸ ਤੋਂ ਪਹਿਲਾਂ, ਕੋਲੰਬੀਆ ਦੇ ਸ਼ਹਿਰ ਪਿਊਰਟੋ ਲੇਗੁਇਜ਼ਾਮੋ ਦੇ ਮੇਅਰ ਨੇ ਕਿਹਾ ਸੀ ਕਿ ਜਹਾਜ਼ ਹਾਦਸੇ ਵਿੱਚ 34 ਸੈਨਿਕਾਂ ਦੀ ਮੌਤ ਹੋ ਗਈ ਹੈ। ਰਿਪੋਰਟਾਂ ਤੋਂ ਪਤਾ ਚੱਲਦਾ ਹੈ ਕਿ 20 ਤੋਂ ਵੱਧ ਸੈਨਿਕ ਲਾਪਤਾ ਹਨ। ਕੋਲੰਬੀਆ ਦੀ ਹਵਾਈ ਸੈਨਾ ਦਾ ਇੱਕ ਜਹਾਜ਼ ਜਿਸ ਵਿੱਚ 121 ਸੈਨਿਕ ਸਨ, ਸੋਮਵਾਰ ਨੂੰ ਉਡਾਣ ਭਰਦੇ ਸਮੇਂ ਹਾਦਸਾਗ੍ਰਸਤ ਹੋ ਗਿਆ। ਜਹਾਜ਼ ਨੇ ਕੋਲੰਬੀਆ ਦੇ ਪੁਤੁਮਾਯੋ ਵਿੱਚ ਪਿਊਰਟੋ ਲੇਗੁਇਜ਼ਾਮੋ ਤੋਂ ਉਡਾਣ ਭਰੀ ਸੀ, ਪਰ ਉਡਾਣ ਭਰਨ ਤੋਂ ਥੋੜ੍ਹੀ ਦੇਰ ਬਾਅਦ ਹੀ ਹਾਦਸਾਗ੍ਰਸਤ ਹੋ ਗਿਆ।

ਹਾਦਸਾਗ੍ਰਸਤ ਜਹਾਜ਼ ਅਮਰੀਕੀ ਕੰਪਨੀ ਲਾਕਹੀਡ ਮਾਰਟਿਨ ਦੁਆਰਾ ਨਿਰਮਿਤ ਹਰਕੂਲਸ ਸੀ-130 ਟਰਾਂਸਪੋਰਟ ਜਹਾਜ਼ ਸੀ। ਇਸ ਹਾਦਸੇ ਵਿੱਚ ਫੌਜੀ ਟਰਾਂਸਪੋਰਟ ਜਹਾਜ਼ ਵਿੱਚ ਲਿਜਾਏ ਜਾ ਰਹੇ ਗੋਲਾ-ਬਾਰੂਦ ਅਤੇ ਵਿਸਫੋਟਕ ਵੀ ਵਿਸਫੋਟ ਹੋ ਗਏ, ਜਿਸ ਨਾਲ ਕਾਫ਼ੀ ਨੁਕਸਾਨ ਹੋਇਆ ਅਤੇ ਬਚਾਅ ਕਾਰਜ ਵਿੱਚ ਮੁਸ਼ੀਕਲਾ ਦਾ ਸਾਹਮਣਾ ਕਰਨਾ ਪਿਆ। ਹਰਕੂਲੀਸ ਸੀ-130 ਜਹਾਜ਼ 1950 ਦੇ ਦਹਾਕੇ ਵਿੱਚ ਬਣਾਏ ਗਏ ਸਨ ਅਤੇ ਕੋਲੰਬੀਆ ਨੇ ਇਨ੍ਹਾਂ ਨੂੰ 1960 ਦੇ ਦਹਾਕੇ ਦੇ ਅਖੀਰ ਵਿੱਚ ਖਰੀਦਿਆ ਸੀ। ਇਹ ਜਹਾਜ਼ ਵਰਤਮਾਨ ਵਿੱਚ ਕੋਲੰਬੀਆਈ ਫੌਜਾਂ ਨੂੰ ਲਿਜਾਣ ਲਈ ਵਰਤੇ ਜਾਂਦੇ ਹਨ।

## ਇਰਾਨ ਵੱਲੋਂ ਅਮਰੀਕੀ...

ਮੱਧ ਇਜ਼ਰਾਈਲ ਵਿੱਚ ਖ਼ਤਰੇ ਦੇ ਸਾਇਰਨ ਗੂੰਜੇ, ਜਿਸ ਪਿੱਛੇ ਹਿਜ਼ਬੁੱਲ੍ਹਾ ਦੇ ਰਾਕੇਟ ਹਮਲਿਆਂ ਦਾ ਸ਼ੱਕ ਜਤਾਇਆ ਜਾ ਰਿਹਾ ਹੈ।

**ਅਮਰੀਕਾ ਦੀ ਚੇਤਾਵਨੀ**

ਵਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲੀਨ ਲੀਵਿਟ ਨੇ ਕਿਹਾ ਕਿ ਜੇਕਰ ਇਰਾਨ ਨੇ ਮੌਜੂਦਾ ਹਾਲਾਤ ਨੂੰ ਨਾ ਸਮਝਿਆ ਅਤੇ ਜੰਗਬੰਦੀ ਸਵੀਕਾਰ ਨਾ ਕੀਤੀ, ਤਾਂ ਉਸ 'ਤੇ ਪਹਿਲਾਂ ਨਾਲੋਂ ਵੀ ਵੱਡਾ ਹਮਲਾ ਕੀਤਾ ਜਾਵੇਗਾ। ਇਸੇ ਦੌਰਾਨ ਅਮਰੀਕੀ ਰੱਖਿਆ ਮੰਤਰੀ ਪੀਟ ਹੇਗਸੈਥ ਨੇ ਪੈਂਟਾਗਨ ਵਿੱਚ ਇੱਕ ਪ੍ਰਾਰਥਨਾ ਸਭਾ ਦੌਰਾਨ ਦੁਸ਼ਮਣਾਂ ਵਿਰੁੱਧ 'ਅੰਨ੍ਹੇਵਾਹ ਹਿੰਸਕ ਕਾਰਵਾਈ' ਲਈ ਪ੍ਰਾਰਥਨਾ ਕੀਤੀ, ਜਿਸ ਦੀ ਚਰਚਾ ਚਾਰੇ ਪਾਸੇ ਹੋ ਰਹੀ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟੇਰੇਸ ਨੇ ਜੰਗ ਨੂੰ 'ਬੇਕਾਬੂ' ਦੱਸਦਿਆਂ ਜੀਨ ਅਰਨੌਲਟ ਨੂੰ ਸ਼ਾਂਤੀ ਵਾਰਤਾ ਲਈ ਆਪਣਾ ਵਿਸ਼ੇਸ਼ ਦੂਤ ਨਿਯੁਕਤ ਕੀਤਾ ਹੈ।

## ਕੈਨੇਡਾ ਦੀ ਓਨਟਾਰੀਓ...

13 ਪ੍ਰਤੀਸ਼ਤ ਹਟਾ ਕੇ ਘਰਾਂ ਦੀ ਮਾਲਕੀ ਦੇ ਸੁਪਨੇ ਨੂੰ ਸਾਕਾਰ ਕਰਨ ਅਤੇ ਪਰਿਵਾਰਾਂ ਦੀ ਮਦਦ ਕਰਨਾ ਜਾਰੀ ਰੱਖ ਰਹੀ ਹੈ। $130,000 ਦੀ ਇਹ ਅਧਿਕਤਮ ਛੋਟ $1.5 ਮਿਲੀਅਨ ਤੱਕ ਦੀ ਕੀਮਤ ਵਾਲੇ ਨਵੇਂ ਘਰਾਂ ਲਈ ਦਿੱਤੀ ਜਾਵੇਗੀ, ਅਤੇ ਅਨੁਪਾਤਕ ਤੌਰ 'ਤੇ $130,000 ਦੀ ਛੋਟ $1.5 ਮਿਲੀਅਨ ਦੇ ਘਰਾਂ 'ਤੇ ਅਤੇ $1.85 ਮਿਲੀਅਨ ਅਤੇ ਇਸ ਤੋਂ ਵੱਧ ਦੇ ਘਰਾਂ ਲਈ ਅਧਿਕਤਮ ਇਹ ਛੋਟ ਘੱਟ ਕੇ $24,000 ਤੱਕ ਹੋਵੇਗੀ, ਪ੍ਰੋਵਿੰਸ ਤੇ ਅਤੇ ਫੈਡਰਲ ਸਰਕਾਰ ਵੱਲੋਂ ਪਹਿਲਾਂ ਕੀਤੇ ਵਾਅਦੇ ਜਿਸ ਵਿੱਚ ਪਹਿਲਾਂ $1 ਮਿਲੀਅਨ ਦੇ ਨਵੇਂ ਘਰ ਖਰੀਦਣ ਲਈ ਐਚਐਸਟੀ ਰੀਬੇਟ ਦੀ ਗੱਲ ਕੀਤੀ ਗਈ ਸੀ ਉਸ ਨੂੰ ਹੀ ਅੱਗੇ ਵਧਾਇਆ ਗਿਆ ਹੈ।

ਪ੍ਰੋਵਿੰਸ ਅਤੇ ਫੈਡਰਲ ਸਰਕਾਰ ਦੀ ਇਸ ਭਾਈਵਾਲੀ ਨਾਲ ਓਨਟਾਰੀਓ ਵਿੱਚ ਘਰਾਂ ਦੀ ਖਰੀਦ ਵਿੱਚ ਕੁੱਲ ਟੈਕਸ ਰਾਹਤ ਵਿੱਚ ਲਗਭਗ $2.2 ਬਿਲੀਅਨ ਦੀ ਛੋਟ ਮਿਲੇਗੀ। ਪ੍ਰੀਮੀਅਰ ਡੱਗ ਫੋਰਡ ਨੇ ਕਿਹਾ, "ਟੈਰਿਫਾਂ ਅਤੇ ਆਰਥਿਕ ਅਨਿਸ਼ਚਿਤਤਾ ਦੇ ਮੱਦੇਨਜ਼ਰ, ਸਾਡੀ ਸਰਕਾਰ ਪਰਿਵਾਰਾਂ ਲਈ ਕੀਮਤਾਂ ਘੱਟ ਕਰਨ, ਕਰਮਚਾਰੀਆਂ ਨੂੰ ਨੌਕਰੀ 'ਤੇ ਰੱਖਣ ਅਤੇ ਜੀ7 ਵਿੱਚ ਸਭ ਤੋਂ ਵੱਧ ਪ੍ਰਤੀਯੋਗੀ, ਲਚਕੀਲਾ ਅਤੇ ਸਵੈ-ਨਿਰਭਰ ਅਰਥਵਿਵਸਥਾ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨ ਲਈ ਫੈਡਰਲ ਸਰਕਾਰ ਨਾਲ ਮਿਲ ਕੇ ਕੰਮ ਕਰ ਰਹੀ ਹੈ।" "ਅੱਜ ਦੀ ਘੋਸ਼ਣਾ ਓਨਟਾਰੀਓ ਦੇ ਲੋਕਾਂ ਨੂੰ ਸਾਰਥਕ ਅਤੇ ਮਹੱਤਵਪੂਰਨ ਰਾਹਤ ਪ੍ਰਦਾਨ ਕਰੇਗੀ, ਹਜ਼ਾਰਾਂ ਹੋਰ ਪਰਿਵਾਰਾਂ ਨੂੰ ਘਰ ਦੀ ਮਾਲਕੀ ਦੇ ਸੁਪਨੇ ਨੂੰ ਸਾਕਾਰ ਕਰਨ ਅਤੇ ਓਨਟਾਰੀਓ ਦੀ ਆਰਥਿਕਤਾ ਨੂੰ $2.7 ਬਿਲੀਅਨ ਤੱਕ ਵਧਾਉਣ ਵਿੱਚ ਮਦਦ ਕਰੇਗੀ।" ਓਨਟਾਰੀਓ ਦਾ ਪ੍ਰਸਤਾਵ 1 ਅਪ੍ਰੈਲ, 2026 ਤੋਂ 31 ਮਾਰਚ, 2027 ਤੱਕ, ਇੱਕ ਸਾਲ ਲਈ ਮੌਜੂਦਾ ਪ੍ਰੋਵਿੰਸ਼ੀਅਲ ਐਚਐਸਟੀ ਨਿਊ ਹਾਊਸਿੰਗ ਰਿਬੇਟ ਅਤੇ ਨਵੀਂ ਰਿਹਾਇਸ਼ੀ ਰੈਂਟਲ ਪ੍ਰਾਪਰਟੀ ਰੀਬੇਟ ਨੂੰ ਮਜ਼ਬੂਤ ਕਰੇਗਾ। 13 ਪ੍ਰਤੀਸ਼ਤ ਐਚਐਸਟੀ ਛੋਟ ਅਗਲੇ ਸਾਲ ਓਨਟਾਰੀਓ ਵਿੱਚ 8,000 ਵਾਧੂ ਨਵੀਆਂ ਉਸਾਰੀਆਂ ਦੀ ਸ਼ੁਰੂਆਤ ਨੂੰ ਉਤਸ਼ਾਹਿਤ ਕਰ ਸਕਦੀ ਹੈ, ਅਤੇ 21,000 ਨੌਕਰੀਆਂ ਪੈਦਾ ਕਰੇਗੀ ਅਤੇ ਓਨਟਾਰੀਓ ਦੇ ਜੀਡੀਪੀ ਵਿਕਾਸ ਦਰ ਨੂੰ $2.7 ਬਿਲੀਅਨ ਤੱਕ ਵਧਾ ਸਕਦੀ ਹੈ। ਪਿਛਲੇ ਸਾਲ ਅਕਤੂਬਰ ਵਿੱਚ ਓਨਟਾਰੀਓ ਨੇ $1 ਮਿਲੀਅਨ ਤੱਕ ਦੇ ਨਵੇਂ ਘਰਾਂ ਦੇ ਪਹਿਲੀ ਵਾਰ ਖਰੀਦਦਾਰਾਂ ਲਈ ਐਚਐਸਟੀ ਦੇ ਪੂਰੇ ਅੱਠ ਪ੍ਰਤੀਸ਼ਤ ਪ੍ਰੋਵਿੰਸ਼ੀਅਲ ਹਿੱਸੇ ਨੂੰ ਹਟਾਉਣ ਦੇ ਪ੍ਰਸਤਾਵ ਦੀ ਘੋਸ਼ਣਾ ਕੀਤੀ, ਪ੍ਰਸਤਾਵਿਤ ਫੈਡਰਲ ਜੀਐਸਟੀ/ਐਚਐਸਟੀ ਪਹਿਲੀ ਵਾਰ ਘਰ ਖਰੀਦਦਾਰਾਂ ਦੀ ਛੋਟ ਨਾਲ ਮੇਲ਼ ਖਾਂਦੀ ਹੈ, ਜਿਸ ਨੂੰ ਫੈਡਰਲ ਸਰਕਾਰ ਨੇ ਓਨਟਾਰੀਓ ਤੋਂ ਕਈ ਮਹੀਨਿਆਂ ਦੀ ਵਕਾਲਤ ਤੋਂ ਬਾਅਦ ਅਪਣਾਇਆ ਸੀ।

ਪਹਿਲੀ ਵਾਰ ਘਰ ਖਰੀਦਦਾਰਾਂ ਲਈ ਓਨਟਾਰੀਓ ਦੀਆਂ ਪ੍ਰਸਤਾਵਿਤ ਤਬਦੀਲੀਆਂ ਦਾ ਮਤਲਬ ਹੈ ਕਿ ਪ੍ਰੋਵਿੰਸ ਅਤੇ ਫੈਡਰਲ ਸਰਕਾਰ ਦੋਵਾਂ ਦੀਆਂ ਛੋਟਾਂ ਉਪਲਬਧ ਹੋਣਗੀਆਂ ਜੇਕਰ ਬਿਲਡਰ ਨਾਲ 20 ਮਾਰਚ, 2025 ਨੂੰ ਜਾਂ ਇਸ ਤੋਂ ਬਾਅਦ ਅਤੇ 31 ਦਸੰਬਰ, 2030 ਨੂੰ ਜਾਂ ਇਸ ਤੋਂ ਪਹਿਲਾਂ ਨਵੇਂ ਘਰ ਲਈ ਖਰੀਦ ਅਤੇ ਵਿਕਰੀ ਦਾ ਸਮਝੌਤਾ ਕੀਤਾ ਜਾਂਦਾ ਹੈ। ਓਨਟਾਰੀਓ ਫੈਡਰਲ ਸਰਕਾਰ ਨਾਲ ਰੀਬੇਟ ਲਾਗੂ ਕਰਨ 'ਤੇ ਕੰਮ ਕਰਨਾ ਜਾਰੀ ਰੱਖੇਗਾ।

## ਹਵਾਈ ਅੱਡਿਆਂ 'ਤੇ...

ਅਧਿਕਾਰ ਸੰਗਠਨਾਂ ਅਤੇ ਵਿਰੋਧੀ ਧਿਰਾਂ ਨੂੰ ਹੱਥਾਂ-ਪੈਰਾਂ ਦੀ ਪਾ ਦਿੱਤੀ ਹੈ। ਇਹ ਖ਼ਬਰ ਖਾਸ ਕਰਕੇ ਉਨ੍ਹਾਂ ਪੰਜਾਬੀਆਂ ਲਈ ਚਿੰਤਾ ਦਾ ਵਿਸ਼ਾ ਹੈ, ਜੋ ਇਸ ਵੇਲੇ ਅਮਰੀਕਾ ਵਿਚ ਹਨ ਜਾਂ ਸਫ਼ਰ ਕਰ ਰਹੇ ਹਨ। ਜੇਕਰ ਤੁਸੀਂ ਹਵਾਈ ਸਫ਼ਰ ਕਰ ਰਹੇ ਹੋ, ਤਾਂ ਆਪਣੇ ਸਾਰੇ ਕਾਨੂੰਨੀ ਦਸਤਾਵੇਜ਼ ਅਤੇ ਆਈ.ਡੀ. ਪਰੂਫ਼ ਆਪਣੇ ਕੋਲ ਜ਼ਰੂਰ ਰੱਖੋ।

ਮਾਹਰਾਂ ਦਾ ਮੰਨਣਾ ਹੈ ਕਿ 'ਸ਼ੱਟਡਾਊਨ' ਦੀ ਆੜ ਵਿਚ ਟਰੰਪ ਪ੍ਰਸ਼ਾਸਨ ਆਪਣੀ ਇਮੀਗ੍ਰੇਸ਼ਨ ਨੀਤੀ ਨੂੰ ਸਖ਼ਤੀ ਨਾਲ ਲਾਗੂ ਕਰ ਰਿਹਾ ਹੈ। ਕੀ ਇਹ ਸਿਰਫ ਸੁਰੱਖਿਆ ਲਈ ਹੈ ਜਾਂ ਵੱਡੇ ਪੱਧਰ 'ਤੇ ਡਿਪੋਰਟੇਸ਼ਨ (ਦੇਸ਼ ਨਿਕਾਲੇ) ਦੀ ਤਿਆਰੀ? ਇਹ ਸਵਾਲ ਹੁਣ ਹਰ ਕਿਸੇ ਦੇ ਮਨ ਵਿਚ ਹੈ। ਦੱਸ ਦਈਏ ਕਿ ਸਰਕਾਰੀ ਤਾਲਾਬੰਦੀ ਕਾਰਨ ਟਰਾਂਸਪੋਰਟੇਸ਼ਨ ਸਕਿਓਰਿਟੀ ਐਡਮਿਨਿਸਟ੍ਰੇਸ਼ਨ (TSA) ਦੇ ਮੁਲਾਜ਼ਮਾਂ ਨੂੰ ਤਨਖਾਹਾਂ ਨਹੀਂ ਮਿਲ ਰਹੀਆਂ, ਜਿਸ ਕਾਰਨ ਵੱਡੀ ਗਿਣਤੀ 'ਚ ਸੁਰੱਖਿਆ ਕਰਮੀ ਕੰਮ 'ਤੇ ਨਹੀਂ ਆ ਰਹੇ। ਇਸ ਕਾਰਨ ਅਮਰੀਕਾ ਦੇ ਮੁੱਖ ਹਵਾਈ ਅੱਡਿਆਂ 'ਤੇ ਮੁਸਾਫਰਾਂ ਦੀਆਂ ਲੰਬੀਆਂ ਕਤਾਰਾਂ ਲੱਗ ਗਈਆਂ ਹਨ ਅਤੇ ਉਡਾਣਾਂ 'ਚ ਭਾਰੀ ਦੇਰੀ ਹੋ ਰਹੀ ਹੈ। ਯਾਤਰੀਆਂ ਨੂੰ ਘੰਟਿਆਂਬੱਧੀ ਇੰਤਜ਼ਾਰ ਕਰਨਾ ਪੈ ਰਿਹਾ ਹੈ, ਜਿਸ ਕਾਰਨ 'ਟਰੈਵਲ ਚਾਓਸ' (ਯਾਤਰਾ ਦਾ ਉਜਾੜਾ) ਵਰਗੇ ਹਾਲਾਤ ਬਣੇ ਹੋਏ ਹਨ।

ਵਿਰੋਧੀ ਧਿਰ ਵੱਲੋਂ ਟਰੰਪ ਦੇ ਇਸ ਫੈਸਲੇ ਦੀ ਸਖ਼ਤ ਨਿਖੇਧੀ ਕੀਤੀ ਜਾ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ICE ਦਾ ਕੰਮ ਹਵਾਈ ਅੱਡਿਆਂ ਦੀ ਸੁਰੱਖਿਆ ਚੈੱਕ ਕਰਨਾ ਨਹੀਂ ਹੈ। ਰਾਸ਼ਟਰਪਤੀ ਟਰੰਪ ਨੇ ਸ਼ਟਡਾਊਨ ਅਤੇ ਇਸ ਤੋਂ ਬਾਅਦ ਫੰਡਿੰਗ ਦੀ ਘਾਟ ਲਈ ਡੈਮੋਕ੍ਰੇਟਿਕ ਸਿਆਸਤਦਾਨਾਂ ਨੂੰ ਜ਼ਿੰਮੇਵਾਰ ਠਹਿਰਾਇਆ – ਜਿਸ ਕਾਰਨ ਬਸੰਤ ਰੁੱਤ ਦੀਆਂ ਛੁੱਟੀਆਂ ਦੇ ਯਾਤਰਾ ਸੀਜ਼ਨ ਦੇ ਸ਼ੁਰੂ ਹੋਣ ਦੇ ਨਾਲ ਹਵਾਈ ਅੱਡਿਆਂ ਵਿਚ ਸਟਾਫ ਦੀ ਘਾਟ ਅਤੇ ਗੈਰਹਾਜ਼ਰੀ ਵਿਚ ਚਿੰਤਾਜਨਕ ਵਾਧਾ ਹੋਇਆ ਹੈ।

## 'ਆਪ' ਵਿਧਾਇਕ ਹਰਮੀਤ...

ਪਠਾਣਮਾਜਰਾ ਨੂੰ ਭਗੌੜਾ ਐਲਾਨ ਦਿੱਤਾ ਸੀ। ਉਧਰ ਪਟਿਆਲਾ ਦੇ ਐਸ.ਐਸ.ਪੀ. ਵਰੁਣ ਸ਼ਰਮਾ ਨੇ ਦੱਸਿਆ ਪਟਿਆਲਾ ਪੁਲਿਸ ਦੀਆਂ 5-6 ਟੀਮਾਂ ਪਠਾਣਮਾਜਰਾ ਨੂੰ ਗ੍ਰਿਫ਼ਤਾਰ ਕਰਨ ਲਈ ਕੰਮ ਕਰ ਰਹੀਆਂ ਸਨ। ਉਨ੍ਹਾਂ ਦੱਸਿਆ ਕਿ ਪਠਾਣਮਾਜਰਾ ਨੂੰ ਮੱਧ ਪ੍ਰਦੇਸ਼ ਦੇ ਸ਼ਿਵਪੁਰੀ ਗਵਾਲੀਅਰ ਤੋਂ ਗ੍ਰਿਫ਼ਤਾਰ ਕੀਤਾ ਗਿਆ। ਗ੍ਰਿਫ਼ਤਾਰ ਸਮੇਂ ਉਨ੍ਹਾਂ ਇਕ ਸਕਾਰਪੀਓ ਗੱਡੀ 'ਚੋਂ 3 ਹੋਰ ਸਾਥੀਆਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ। ਐਸ.ਐਸ.ਪੀ. ਨੇ ਦੱਸਿਆ ਕਿ ਪਠਾਣਮਾਜਰਾ ਨੂੰ ਲੈ ਕੇ ਪੁਲਿਸ ਪਟਿਆਲਾ ਪਹੁੰਚ ਚੁੱਕੀ ਹੈ ਅਤੇ ਉਨ੍ਹਾਂ ਨੂੰ ਅੱਜ ਹੀ ਅਦਾਲਤ ਵਿਚ ਪ੍ਰੇਸ ਕਰਕੇ ਰਿਮਾਂਡ ਲੈਣ ਦੀ ਕੋਸ਼ਿਸ਼ ਕੀਤੀ ਜਾਵੇਗੀ।

## ਕੈਨੇਡਾ 'ਚ ਹਜ਼ਾਰਾਂ...

ਆਧਾਰ 'ਤੇ ਕੈਨੇਡਾ ਪੁੱਜੇ ਅਤੇ ਫ਼ਰਜ਼ੀ ਔਫ਼ਰ ਲੈਟਰ ਮੁਹੱਈਆ ਕਰਵਾਉਣ ਦੇ ਦੋਸ਼ ਹੇਠ ਭਾਰਤ ਨਾਲ ਸਬੰਧਤ ਇੰਮੀਗ੍ਰੇਸ਼ਨ ਸਲਾਹਕਾਰ ਬ੍ਰਜੇਸ਼ ਮਿਸ਼ਰਾ ਨੂੰ ਸਜ਼ਾ ਵੀ ਸੁਣਾਈ ਗਈ। ਆਡੀਟਰ ਜਨਰਲ ਦੀ ਰਿਪੋਰਟ ਮੁਤਾਬਕ ਧੋਖਾਧੜੀ ਕਰਨ ਵਾਲੇ ਜ਼ਿਆਦਾਤਰ ਵਿਦਿਆਰਥੀਆਂ ਨੇ ਬਾਅਦ ਵਿਚ ਇੰਮੀਗ੍ਰੇਸ਼ਨ ਪਰਮਿਟ ਵਾਸਤੇ ਅਰਜ਼ੀਆਂ ਦਾਖ਼ਲ ਕੀਤੀਆਂ ਅਤੇ ਅੱਧੇ ਤੋਂ ਵੱਧ ਵੀਜ਼ੇ ਹਾਸਲ ਕਰਨ ਵਿਚ ਸਫ਼ਲ ਰਹੇ। ਰਿਪੋਰਟ ਕਹਿੰਦੀ ਹੈ ਕਿ 800 ਵਿਚੋਂ 105 ਜਣਿਆਂ ਨੂੰ ਪਰਮਾਨੈਂਟ ਰੈਜ਼ੀਡੈਂਸੀ ਮਿਲ ਗਈ ਜਦਕਿ 351 ਜਣਿਆਂ ਦੇ ਸਟੱਡੀ ਵੀਜ਼ਾ ਜਾਂ ਆਰਜ਼ੀ ਵਰਕ ਪਰਮਿਟ ਦੀ ਮਿਆਦ ਵਧਾ ਦਿਤੀ ਗਈ। ਇਕ ਹੋਰ ਹੈਰਾਨਕੁੰਨ ਦਾਅਵੇ ਤਹਿਤ ਆਡੀਟਰ ਜਨਰਲ ਕੈਰਨ ਹੋਗਨ ਨੇ ਦੱਸਿਆ ਕਿ ਸਾਲ 2024 ਦੌਰਾਨ 5 ਲੱਖ 49 ਹਜ਼ਾਰ ਵਿਦਿਆਰਥੀਆਂ ਦੇ ਸਟੱਡੀ ਵੀਜ਼ਾ ਐਕਸਪਾਇਰ ਹੋਏ ਅਤੇ ਇਨ੍ਹਾਂ ਵਿਚੋਂ 93 ਫ਼ੀ ਸਦੀ ਨੂੰ ਕੈਨੇਡਾ ਵਿਚ ਰਹਿਣ ਦੀ ਇਜਾਜ਼ਤ ਦਿਤੀ ਗਈ।

# ਕੈਨੇਡਾ 'ਚ ਖਿਲਾਰਾ ਪਾ ਕੇ ਪੰਜਾਬੀ ਡਰਾਈਵਰ ਫ਼ਰਾਰ

### * ਟਰੱਕ ਹੋ ਗਏ ਟੋਟੇ, ਗ੍ਰਿਫ਼ਤਾਰੀ ਵਾਰੰਟ ਜਾਰੀ * ਹਰਿੰਦਰ ਸਿੰਘ ਦੇ ਪੰਜਾਬ 'ਚ ਹੋਣ ਦੇ ਚਰਚੇ



ਸੇਂਟ ਜੌਹਨ : ਕੈਨੇਡਾ ਵਿਚ ਖਿਲਾਰਾ ਪਾ ਕੇ ਫ਼ਰਾਰ ਹੋਏ ਪੰਜਾਬੀ ਟਰੱਕ ਡਰਾਈਵਰ ਦੀ ਕੋਈ ਉਘ-ਸੁੱਘ ਪੁਲਿਸ ਹਾਸਲ ਨ ਕਰ ਮਿਲ ਸਕੀ ਅਤੇ ਥੱਕ-ਹਾਰ ਕੇ ਹਰਿੰਦਰ ਸਿੰਘ ਦੀ ਗ੍ਰਿਫ਼ਤਾਰੀ ਲਈ ਕੈਨੇਡਾ ਪੱਧਰੀ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਗਏ ਪਰ ਵੱਡਾ ਸਵਾਲ ਇਹ ਉਠਦਾ ਹੈ ਕਿ ਮਾਮੂਲੀ ਖ਼ਰਚੇ ਤੋਂ ਡਰਦਾ ਇਕ ਟ੍ਰਾਂਸਪੋਰਟਰ ਆਪਣਾ ਕੰਮਕਾਜ ਛੱਡ ਕੇ ਇੰਡੀਆ ਫ਼ਰਾਰ ਕਿਉਂ ਹੋਇਆ। ਫਿਲਹਾਲ ਹਰਿੰਦਰ ਸਿੰਘ ਦੇ ਪਰਵਾਰਕ ਮੈਂਬਰਾਂ ਬਾਰੇ ਕੋਈ ਜਾਣਕਾਰੀ ਹਾਸਲ ਨਹੀਂ ਹੋ ਸਕੀ। ਜੀ ਹਾਂ, ਨਿਊਫੰਡਲੈਂਡ ਦੇ ਬਿਊਰਿਨ ਪੈਨਿਨਸੁਲਾ ਵਿਖੇ ਵਾਪਰੇ ਟਰੱਕ ਹਾਦਸੇ ਨੂੰ ਇਕ ਸਾਲ ਤੋਂ ਵੱਧ ਸਮਾਂ ਲੰਘ ਚੁੱਕਾ ਹੈ ਅਤੇ ਹੁਣ ਤੱਕ ਮਸਲਾ ਸੁਲਝਾਇਆ ਨਹੀਂ ਜਾ ਸਕਿਆ ਕਿਉਂਕਿ ਟਰੱਕ ਡਰਾਈਵਰ ਇਸ ਵੇਲੇ ਇੰਡੀਆ ਵਿਚ ਦੱਸਿਆ ਜਾ ਰਿਹਾ ਹੈ।

4 ਫ਼ਰਵਰੀ 2025 ਉਨਟਾਰੀਓ ਦੀ ਓਲੀ ਟ੍ਰਾਂਸਪੋਰਟ ਦਾ ਇਕ ਟਰੱਕ ਸਵਿਫ਼ਟ ਕਰੰਟ ਨੇੜੇ ਇਕ ਘਰ ਦੇ ਨੇੜੇ ਖੱਡ ਵਿਚ ਡਿੱਗ ਗਿਆ ਅਤੇ ਸੈਂਕੜੇ ਲਿਟਰ ਡੀਜ਼ਲ ਲੀਕ ਹੋਇਆ। ਇਸ ਤੋਂ ਇਲਾਵਾ ਟਰੱਕ ਦੀ ਟੱਕਰ ਕਾਰਨ ਡਿੱਗੇ ਦਰੱਖਤਾਂ ਦਾ ਮਲਬਾ ਵੀ ਹਰ ਪਾਸੇ ਖਿਲਰਿਆ ਨਜ਼ਰ ਆਇਆ। ਸੂਬਾ ਸਰਕਾਰ ਨੇ ਟ੍ਰਾਂਸਪੋਰਟ ਕੰਪਨੀ ਨੂੰ ਹੁਕਮ ਦਿਤਾ ਕਿ ਹਾਦਸੇ ਵਾਲੀ ਥਾਂ ਦੀ ਸਫ਼ਾਈ ਕਰਵਾ ਕੇ ਨੁਕਸਾਨ ਵਾਲੇ ਇਲਾਕੇ ਦੀ ਮੁਰੰਮਤ ਕਰਵਾਈ ਜਾਵੇ ਪਰ ਹਰਿੰਦਰ ਸਿੰਘ ਦੀ ਕੰਪਨੀ ਨੇ ਇਹ ਹੁਕਮ ਨਾ ਮੰਨਿਆ ਜਿਸ ਮਗਰੋਂ ਮਾਮਲਾ ਅਦਾਲਤ ਵਿਚ ਪੁੱਜ ਗਿਆ। ਸਰਕਾਰੀ ਵਕੀਲ ਕੋਰੀ ਬਾਇੰਡਰਅੱਪ ਨੇ ਅਦਾਲਤ ਨੂੰ ਦੱਸਿਆ ਕਿ ਹਰਿੰਦਰ ਸਿੰਘ ਇਸ ਵੇਲੇ ਭਾਰਤ ਵਿਚ ਅਤੇ ਉਸ ਦੇ ਕੈਨੇਡਾ ਵਾਪਸ ਆਉਣ ਦੀਆਂ ਸੰਭਾਵਨਾਵਾਂ ਨਜ਼ਰ ਨਹੀਂ ਆਉਂਦੀਆਂ। ਉਨ੍ਹਾਂ ਇਹ ਵੀ ਦੱਸਿਆ ਕਿ ਹਾਦਸੇ ਵੇਲੇ ਹਰਿੰਦਰ ਸਿੰਘ ਖੁਦ ਟਰੱਕ ਚਲਾ ਰਿਹਾ ਸੀ। ਹਰਿੰਦਰ ਸਿੰਘ ਤੱਕ ਕਾਨੂੰਨੀ ਨੋਟਿਸ ਪਹੁੰਚਾਉਣ ਵਿਚ ਦਿੱਕਤਾਂ ਆ ਰਹੀਆਂ ਹਨ ਜਿਸ ਦੇ ਮੱਦੇਨਜ਼ਰ ਕ੍ਰਾਊਨ ਵੱਲੋਂ ਬਦਦਲਵੇਂ ਪ੍ਰਬੰਧਾਂ ਲਈ ਅਰਜ਼ੀ ਦਾਇਰ ਕੀਤੀ ਗਈ ਹੈ। ਹਰਿੰਦਰ ਸਿੰਘ ਤੱਕ ਸਿੱਧਾ ਕਾਨੂੰਨੀ ਨੋਟਿਸ ਪੁੱਜਦਾ ਨਾ ਹੋਣ ਕਰ ਕੇ ਹੁਣ ਬਦਲਵੇਂ ਤਰੀਕਿਆਂ ਦੀ ਵਰਤੋਂ ਕੀਤੀ ਜਾਵੇਗੀ। ਸੂਬਾ ਸਰਕਾਰ ਦੀ ਸਪੋਕਸਪਰਸਨ ਜੀਨਾ ਮੈਕਾਰਥਰ ਨੇ ਕਿਹਾ ਕਿ ਸਰਕਾਰ ਵਾਤਾਵਰਣ ਦੀ ਰਾਖੀ ਨੂੰ ਬੇਹੱਦ ਗੰਭੀਰਤਾ ਨਾਲ ਲੈਂਦੀ ਹੈ ਅਤੇ ਇਸ ਮਾਮਲੇ ਦੌਰਾਨ ਪ੍ਰਭਾਵਤ ਹੋਏ ਲੋਕਾਂ ਦੀ ਨਾਰਾਜ਼ਗੀ ਵੀ ਬੇਹੱਦ ਅਹਿਮੀਅਤ ਰਖਦੀ ਹੈ। ਉਨ੍ਹਾਂ ਦੱਸਿਆ ਕਿ ਹਰਿੰਦਰ ਸਿੰਘ ਦੀ ਕੰਪਨੀ ਵੱਲੋਂ ਸਫ਼ਾਈ ਨਾ ਕਰਵਾਉਣ ਕਰ ਕੇ ਕਾਨੂੰਨੀ ਚਾਰਾਜੋਈ ਕਰਨੀ ਪਈ ਅਤੇ ਮਾਮਲਾ ਅਦਾਲਤ ਦੇ ਵਿਚਾਰ ਅਧੀਨ ਹੈ। 2 ਅਪ੍ਰੈਲ ਨੂੰ ਮਾਮਲੇ ਉਤੇ ਮੁੜ ਸੁਣਵਾਈ ਹੋਵੇਗੀ। ਹਰਿੰਦਰ ਸਿੰਘ ਦੀ ਟ੍ਰਾਂਸਪੋਰਟ ਕੰਪਨੀ ਨਾਲ ਸੰਪਰਕ ਕਰਨ ਦੇ ਅਥਾਹ ਯਤਨ ਕੀਤੇ ਗਏ ਪਰ ਈਮੇਲ ਜਾਂ ਫੋਨ ਕਾਲਜ਼ ਵਿਚੋਂ ਕਿਸੇ ਦਾ ਜਵਾਬ ਨਾ ਮਿਲ ਸਕਿਆ। ਦੂਜੇ ਪਾਸੇ ਹਾਦਸੇ ਵਾਲੀ ਥਾਂ ਨੇੜੇ ਰਹਿੰਦੀ ਨੈਨਸੀ ਬੈਰਿੰਗਟਨ ਦਾ ਕਹਿਣਾ ਸੀ ਕਿ ਇਕ ਸਾਲ ਤੋਂ ਵੱਧ ਸਮਾਂ ਲੰਘਣ ਦੇ ਬਾਵਜੂਦ ਡੀਜ਼ਲ ਦੀ ਸਮੈੱਲ ਹੁਣ ਵੀ ਆਉਂਦੀ ਹੈ ਅਤੇ ਇਹ ਸਮੱਸਿਆ ਮਾਨਸਿਕ ਤਣਾਅ ਦਾ ਕਾਰਨ ਬਣ ਚੁੱਕੀ ਹੈ। ਨੈਨਸੀ ਨੇ ਦੱਸਿਆ ਕਿ ਟਰੱਕ ਦੇ ਮਲਬੇ ਵਿਚੋਂ ਸ਼ੀਸ਼ੇ ਦੇ ਟੁਕੜੇ ਅਤੇ ਛੋਟੀਆਂ ਮੋਟੀਆਂ ਚੀਜ਼ਾਂ ਤਾਂ ਸਾਫ਼ ਕਰ ਦਿਤੀਆਂ ਗਈਆਂ ਪਰ ਟਰੱਕ ਦੇ ਟਾਇਰ, ਕੈਬਿਨ ਅਤੇ ਹੋਰ ਹਿੱਸੇ ਹੁਣ ਵੀ ਉਥੇ ਹੀ ਪਏ ਹਨ। ਹਰ ਪਾਸੇ ਡੀਜ਼ਲ ਰੁੜਨ ਕਰ ਕੇ ਘਾਹ ਸੜ ਗਿਆ ਹੈ ਅਤੇ ਗਰਮੀ ਦੇ ਮੌਸਮ ਦੌਰਾਨ ਅੱਗ ਲੱਗਣ ਦਾ ਖ਼ਤਰਾ ਵਧ ਸਕਦਾ ਹੈ। ਨੈਨਸੀ ਦਾ ਕਹਿਣਾ ਸੀ ਕਿ ਪ੍ਰਦੂਸ਼ਣ ਫੈਲਾਉਣ ਵਾਲਿਆਂ ਲਈ ਸਖ਼ਤ ਸਜ਼ਾ ਤੈਅ ਹੋਣੀ ਚਾਹੀਦੀ ਹੈ ਅਤੇ ਹਾਈਵੇਜ਼ ਤੋਂ ਲੰਘਦੇ ਟਰੱਕਾਂ ਦੀ ਡੂੰਘਾਈ ਨਾਲ ਪੜਤਾਲ ਵੀ ਕੀਤੀ ਜਾਵੇ। ਹਾਦਸੇ ਵਾਲੀ ਥਾਂ ਨੂੰ ਪਹਿਲਾਂ ਵਾਲਾ ਰੂਪ ਦਿਤਾ ਜਾਵੇ ਤਾਂ ਆਲੇ ਦੁਆਲੇ ਨੂੰ ਵੇਖ ਕੇ ਮਨ ਨੂੰ ਮਿਲਣ ਵਾਲਾ ਸਕੂਨ ਮੁੜ ਕਾਇਮ ਹੋ ਸਕੇ।

# ਟੈਕਸਾਸ ਤੇਲ ਰਿਫਾਇਨਰੀ 'ਚ ਵੱਡਾ ਧਮਾਕਾ !

### ਕਈ ਫੁੱਟ ਉਚੇ ਉੱਠੇ ਧੂੰਏਂ ਦੇ ਗੁਬਾਰ



ਅਮਰੀਕਾ : ਅਮਰੀਕੀ ਰਾਜ ਟੈਕਸਾਸ ਦੇ ਤੱਟ 'ਤੇ ਇੱਕ ਵੱਡੀ ਤੇਲ ਰਿਫਾਇਨਰੀ ਵਿੱਚ ਇੱਕ ਵੱਡੇ ਧਮਾਕੇ ਨਾਲ ਅੱਗ ਦੀਆਂ ਲਪਟਾਂ ਅਤੇ ਧੂੰਏਂ ਦਾ ਇੱਕ ਉੱਚਾ ਗੁਬਾਰ ਅਸਮਾਨ ਵਿੱਚ ਉੱਠਿਆ। ਅੱਗ ਦੀਆਂ ਲਪਟਾਂ ਅਤੇ ਧੂੰਏਂ ਦੇ ਗੁਬਾਰ ਸੈਂਕੜੇ ਫੁੱਟ ਉੱਚੇ ਉੱਠਦੇ ਵੇਖੇ ਗਏ। ਇਸ ਤੋਂ ਬਾਅਦ, ਤੇਲ ਰਿਫਾਇਨਰੀ ਦੇ ਨੇੜੇ ਰਹਿਣ ਵਾਲੇ ਨਿਵਾਸੀਆਂ ਨੂੰ ਘਰ ਦੇ ਅੰਦਰ ਪਨਾਹ ਲੈਣ ਦਾ ਨਿਰਦੇਸ਼ ਜਾਰੀ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਹ ਹਾਦਸਾ ਪੋਰਟ ਆਰਥਰ ਵਿੱਚ ਇੱਕ ਵੱਡੀ ਤੇਲ ਰਿਫਾਇਨਰੀ ਵਿੱਚ ਵਾਪਰਿਆ। ਦੱਸਿਆ ਜਾ ਰਿਹਾ ਹੈ ਕਿ ਰਿਫਾਇਨਰੀ ਵਿੱਚ ਇੱਕ ਉਦਯੋਗਿਕ ਹੀਟਰ ਅਚਾਨਕ ਫਟ ਗਿਆ, ਜਿਸ ਕਾਰਨ ਅੱਗ ਤੇਜ਼ੀ ਨਾਲ ਫੈਲ ਗਈ। ਵੈਲੇਰੋ ਐਨਰਜੀ ਦੀ ਮਲਕੀਅਤ ਵਾਲੀ ਇਸ ਰਿਫਾਇਨਰੀ ਦੀ ਉਤਪਾਦਨ ਸਮਰੱਥਾ ਲਗਭਗ 380,000 ਬੈਰਲ ਪ੍ਰਤੀ ਦਿਨ ਹੈ ਅਤੇ ਇਸਨੂੰ ਸੰਯੁਕਤ ਰਾਜ ਅਮਰੀਕਾ ਦੇ ਸਭ ਤੋਂ ਵੱਡੇ ਤੇਲ ਪ੍ਰੋਸੈਸਿੰਗ ਕੇਂਦਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਹਿਊਸਟਨ ਤੋਂ ਲਗਭਗ 145 ਕਿਲੋਮੀਟਰ ਪੂਰਬ ਵਿੱਚ ਸਥਿਤ ਪੋਰਟ ਆਰਥਰ ਵਿੱਚ ਵੈਲੇਰੋ ਰਿਫਾਇਨਰੀ ਵਿੱਚ ਹੋਏ ਧਮਾਕੇ ਵਿੱਚ ਕੋਈ ਜ਼ਖਮੀ ਨਹੀਂ ਹੋਇਆ।

ਅਧਿਕਾਰੀਆਂ ਅਨੁਸਾਰ ਧਮਾਕਾ ਸ਼ਾਮ 6:30 ਵਜੇ ਦੇ ਕਰੀਬ ਹੋਇਆ। ਧਮਾਕਾ ਇੰਨਾ ਸ਼ਕਤੀਸ਼ਾਲੀ ਸੀ ਕਿ ਇਸਦੀ ਆਵਾਜ਼ ਪੋਰਟ ਆਰਥਰ ਦੇ ਨਾਲ-ਨਾਲ ਆਲੇ-ਦੁਆਲੇ ਦੇ ਇਲਾਕਿਆਂ ਜਿਵੇਂ ਕਿ ਗਰੋਵਜ਼ ਅਤੇ ਨੀਦਰਲੈਂਡ ਵਿੱਚ ਵੀ ਸੁਣਾਈ ਦਿੱਤੀ। ਬਹੁਤ ਸਾਰੇ ਲੋਕਾਂ ਨੇ ਭੂਚਾਲ ਦੇ ਝਟਕੇ ਮਹਿਸੂਸ ਕਰਨ ਦੀ ਵੀ ਰਿਪੋਰਟ ਦਿੱਤੀ, ਜਿਸ ਨਾਲ ਇਲਾਕੇ ਵਿੱਚ ਦਹਿਸ਼ਤ ਫੈਲ ਗਈ।

ਦੱਸ ਦਈਏ ਕਿ ਘਟਨਾ ਤੋਂ ਤੁਰੰਤ ਬਾਅਦ ਪ੍ਰਸ਼ਾਸਨ ਨੇ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਰਹਿਣ ਵਾਲੇ ਨਿਵਾਸੀਆਂ ਲਈ ਇੱਕ ਸਾਵਧਾਨੀ ਚੇਤਾਵਨੀ ਜਾਰੀ ਕੀਤੀ। ਨਿਵਾਸੀਆਂ, ਖਾਸ ਕਰਕੇ ਸ਼ਹਿਰ ਦੇ ਪੱਛਮੀ ਹਿੱਸੇ ਦੇ ਲੋਕਾਂ ਨੂੰ, ਘਰ ਦੇ ਅੰਦਰ ਰਹਿਣ ਦੀ ਅਪੀਲ ਕੀਤੀ ਗਈ। ਉਨ੍ਹਾਂ ਨੂੰ ਧੂੰਏਂ ਅਤੇ ਜ਼ਹਿਰੀਲੀਆਂ ਗੈਸਾਂ ਤੋਂ ਆਪਣੇ ਆਪ ਨੂੰ ਬਚਾਉਣ ਲਈ ਖਿੜਕੀਆਂ ਅਤੇ ਦਰਵਾਜ਼ੇ ਬੰਦ ਰੱਖਣ ਦੀ ਵੀ ਸਲਾਹ ਦਿੱਤੀ ਗਈ। ਐਮਰਜੈਂਸੀ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਬਚਾਅ ਅਤੇ ਰਾਹਤ ਕਾਰਜ ਸ਼ੁਰੂ ਕਰ ਦਿੱਤੇ।

ਪੋਰਟ ਆਰਥਰ ਪਲਾਂਟ ਅਮਰੀਕੀ ਖਾੜੀ ਤੱਟ ਰਿਫਾਇਨਿੰਗ ਨੈੱਟਵਰਕ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਇਹ ਵੱਡੀ ਮਾਤਰਾ ਵਿੱਚ ਬਾਲਣ ਪੈਦਾ ਕਰਦਾ ਹੈ, ਜੋ ਦੇਸ਼ ਦੀਆਂ ਊਰਜਾ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਸ ਲਈ ਅਜਿਹੀ ਘਟਨਾ ਦਾ ਨਾ ਸਿਰਫ਼ ਸਥਾਨਕ ਤੌਰ 'ਤੇ ਸਗੋਂ ਵਿਆਪਕ ਤੌਰ 'ਤੇ ਊਰਜਾ ਸਪਲਾਈ 'ਤੇ ਵੀ ਮਹੱਤਵਪੂਰਨ ਪ੍ਰਭਾਵ ਪੈ ਸਕਦਾ ਹੈ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT ANY CREDIT
Office: 416-674-7050
Fax: 416-674-9009
EMail:paulgahunia@hotmail com
Jaspal Singh Gahunia
# M08006400
Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre

Best Bargain Carpet & Flooring
Sale & Custom Installation done by Professionals
FREE Shop at Home Service
Residential - Commercial - Industrial
Hardwood * Laminate * Vinyl Flooring * Wall to Wall Carpets
Hall Runners * Custom Made Area Rugs * Tiles * Accessories
Specialized in Hotel, Motel and Banquet Halls Carpet and Wallpaper and Tiles
beaulieu CANADA
TORLYS smart floors
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
Gurpreet Singh
Tel: 905-696-7877 Cell: 416-937-2856
1332 Khalsa Drive, Unit#21, Mississauga, ON L5S 0A2
Email:- info@bbcflooring.ca

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum USA Mace Special Rates with Installation
CAT Batteries 1000c Under Warranty $550 Installation Included
MICHELIN BFGoodrich DUNLOP GOODYEAR Hankook Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
1715 Sismet Road, Mississauga, ON. L4W 1P9
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.
www.besttruckrepairandtire.ca

# ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਲੋਕ ਸਭਾ ਮੈਂਬਰੀ ਨਹੀਂ ਹੋਵੇਗੀ ਰੱਦ




ਚੰਡੀਗੜ੍ਹ: ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਚੱਲ ਰਹੀ ਸੁਣਵਾਈ ਦੌਰਾਨ ਵਧੀਕ ਸਾਲੀਸਿਟਰ ਜਨਰਲ ਸੱਤਿਆਪਾਲ ਜੈਨ ਨੇ ਇੱਕ ਅਹਿਮ ਜਾਣਕਾਰੀ ਸਾਂਝੀ ਕੀਤੀ ਹੈ। ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਲੋਕ ਸਭਾ ਮੈਂਬਰੀ ਰੱਦ ਨਹੀਂ ਕੀਤੀ ਜਾਵੇਗੀ ਅਤੇ ਉਹ ਆਪਣੀ ਗੈਰ-ਹਾਜ਼ਰੀ ਲਈ ਮੁਆਫ਼ੀ ਦੀ ਮੰਗ ਕਰ ਸਕਦੇ ਹਨ।

ਸੰਵਿਧਾਨਕ ਨਿਯਮਾਂ ਅਨੁਸਾਰ ਜੇਕਰ ਕੋਈ ਸੰਸਦ ਮੈਂਬਰ ਲਗਾਤਾਰ 60 ਦਿਨਾਂ ਤੱਕ ਸਦਨ ਦੀ ਕਾਰਵਾਈ ਤੋਂ ਗੈਰ-ਹਾਜ਼ਰ ਰਹਿੰਦਾ ਹੈ, ਤਾਂ ਉਸ ਦੀ ਸੀਟ ਖਾਲੀ ਐਲਾਨੀ ਜਾ ਸਕਦੀ ਹੈ। ਸੱਤਿਆਪਾਲ ਜੈਨ ਨੇ ਸਪੱਸ਼ਟ ਕੀਤਾ ਕਿ ਅੰਮ੍ਰਿਤਪਾਲ ਸਿੰਘ ਆਪਣੀ ਐੱਨ.ਐੱਸ.ਏ. ਅਧੀਨ ਹਿਰਾਸਤ ਨੂੰ ਗੈਰ-ਹਾਜ਼ਰੀ ਦਾ ਇੱਕ ਜਾਇਜ਼ ਕਾਰਨ ਦੱਸ ਸਕਦੇ ਹਨ। ਇਸ ਆਧਾਰ 'ਤੇ ਉਨ੍ਹਾਂ ਦੀ ਸੀਟ ਨੂੰ ਖਾਲੀ ਹੋਣ ਤੋਂ ਬਚਾਇਆ ਜਾ ਸਕਦਾ ਹੈ। ਲੋਕ ਸਭਾ ਦੀ ਇੱਕ ਵਿਸ਼ੇਸ਼ ਕਮੇਟੀ ਅਜਿਹੇ ਮਾਮਲਿਆਂ ਦੀ ਜਾਂਚ ਕਰਦੀ ਹੈ। ਜਦੋਂ ਕੋਈ ਸੰਸਦ ਮੈਂਬਰ ਆਪਣੀ ਗੈਰ-ਹਾਜ਼ਰੀ ਦਾ ਠੋਸ ਕਾਰਨ (ਜਿਵੇਂ ਕਿ ਜੇਲ੍ਹ ਵਿੱਚ ਹੋਣਾ) ਦੱਸਦਾ ਹੈ, ਤਾਂ ਆਮ ਤੌਰ 'ਤੇ ਲੋਕ ਸਭਾ ਵੱਲੋਂ ਉਸ ਗੈਰ-ਹਾਜ਼ਰੀ ਨੂੰ ਸਵੀਕਾਰ ਕਰਦਿਆਂ ਮੁਆਫ਼ ਕਰ ਦਿੱਤਾ ਜਾਂਦਾ ਹੈ।

# 5,000 ਕਰੋੜ ਰੁਪਏ ਦੀ ਜਾਇਦਾਦ ਨਾਲ ਰਾਜਿੰਦਰ ਗੁਪਤਾ ਦੇਸ਼ ਦੇ ਦੂਜੇ ਸਭ ਤੋਂ ਅਮੀਰ ਰਾਜ ਸਭਾ ਮੈਂਬਰ



ਚੰਡੀਗੜ੍ਹ: ਪੰਜਾਬ ਦੇ ਰਾਜ ਸਭਾ ਮੈਂਬਰ ਸੰਪਤੀ ਦੇ ਮਾਮਲੇ ਵਿਚ ਦੇਸ਼ ਭਰ ਵਿਚ ਦੂਜੇ ਸਥਾਨ 'ਤੇ ਹਨ। ਸੂਬੇ ਦੇ ਸੱਤ ਰਾਜ ਸਭਾ ਮੈਂਬਰਾਂ ਦੀ ਕੁਲ ਕੀਮਤ 5729 ਕਰੋੜ ਰੁਪਏ ਆਂਕੀ ਗਈ ਹੈ। ਐਸੋਸੀਏਸ਼ਨ ਫਾਰ ਡੇਮੋਕਰੇਟਿਕ ਰਿਫਾਰਮ (ਏਡੀਆਰ) ਦੀ ਰਿਪੋਰਟ ਵਿੱਚ ਇਹ ਖੁਲਾਸਾ ਹੋਇਆ ਹੈ।

ਰਿਪੋਰਟ ਮੁਤਾਬਕ ਪੰਜਾਬ ਦੇ ਦੋ ਸੰਸਦ ਮੈਂਬਰ ਦੇਸ਼ ਦੇ ਚੋਟੀ ਦੇ 10 ਅਮੀਰ ਸੰਸਦ ਮੈਂਬਰਾਂ ਵਿੱਚ ਸ਼ਾਮਲ ਹਨ। ਟਰਾਈਡੈਂਟ ਗਰੁੱਪ ਦੇ ਪ੍ਰਮੁੱਖ ਅਤੇ ਰਾਜ ਸਭਾ ਸੰਸਦ ਮੈਂਬਰ ਰਜਿੰਦਰਾ ਗੁਪਤ 5053 ਕਰੋੜ ਰੁਪਏ ਦੀ ਜਾਇਦਾਦ ਦੇ ਨਾਲ ਦੇਸ਼ ਦੇ ਦੂਜੇ ਸਥਾਨ 'ਤੇ ਹਨ। ਉਨ੍ਹਾਂ ਅੱਗੇ ਸਿਰਫ਼ ਤੇਲੰਗਾਨਾ ਦੇ ਇੱਕ ਸੰਸਦ ਹਨ। ਗੁਪਤਾ ਦੀ ਆਮਦਨ ਦੇ ਪ੍ਰਮੁੱਖ ਸਰੋਤ ਕਾਰੋਬਾਰ ਅਤੇ ਨਿਵੇਸ਼ ਦੱਸੇ ਗਏ ਹਨ। ਇਸ ਤੋਂ ਇਲਾਵਾ ਸੰਸਦ ਮੈਂਬਰ ਵਿਕਰਮਜੀਤ ਸਿੰਘ ਸਾਹਨੀ 498 ਕਰੋੜ ਰੁਪਏ ਦੀ ਜਾਇਦਾਦ ਦੇ ਨਾਲ ਦੇਸ਼ ਵਿਚ ਅੱਠਵੇਂ ਸਥਾਨ 'ਤੇ ਹਨ। ਇਸ ਤਰ੍ਹਾਂ ਪੰਜਾਬ ਦੇ ਦੋ ਸੰਸਦ ਅਰਬਪਤੀਆਂ ਦੀ ਸੂਚੀ ਵਿੱਚ ਸ਼ਾਮਲ ਹਨ। ਖਾਸ ਗੱਲ ਇਹ ਹੈ ਕਿ ਦੇਣਦਾਰੀਆਂ ਦੇ ਕੇਸ ਵਿੱਚ ਪੰਜਾਬ ਦਾ ਕੋਈ ਵੀ ਸੰਸਦ ਮੈਂਬਰ ਟਾਪ-10 ਵਿਚ ਸ਼ਾਮਲ ਨਹੀਂ ਹੈ। ਰਾਜਿੰਦਰ ਗੁਪਤਾ ਹਾਲ ਹੀ ਵਿੱਚ ਰਾਜਭਾਗ ਪਹੁੰਚੇ ਸਨ। ਉਧਰ, ਸਭ ਤੋਂ ਘੱਟ ਸੰਪਤੀ ਦੇ ਮਾਮਲੇ ਵਿੱਚ ਵੀ ਪੰਜਾਬ ਦੇ ਸੰਸਦ ਦਾ ਨਾਮ ਸਾਹਮਣੇ ਆਇਆ ਹੈ। ਸੰਤ ਬਲਬੀਰ ਸਿੰਘ ਸੀਚੇਵਾਲ ਦੇ ਨਾਮ ਸਭ ਤੋਂ ਘੱਟ ਸੰਪਤੀ ਦਰਜ ਹੈ।

# ਨਿਊਯਾਰਕ ਹਵਾਈ ਅੱਡੇ 'ਤੇ ਜਹਾਜ਼ ਤੇ ਫਾਇਰ ਟਰੱਕ ਦੀ ਟੱਕਰ, 2 ਲੋਕਾਂ ਦੀ ਮੌਤ, ਕਈ ਜ਼ਖਮੀ, ਹਵਾਈ ਅੱਡਾ ਬੰਦ




ਨਿਊਯਾਰਕ ਦੇ ਲਾਗਾਰਡੀਆ ਹਵਾਈ ਅੱਡੇ 'ਤੇ ਇੱਕ ਵੱਡਾ ਹਾਦਸਾ ਵਾਪਰਿਆ ਜਦੋਂ ਇੱਕ ਏਅਰ ਕੈਨੇਡਾ ਐਕਸਪ੍ਰੈਸ CRJ-900 ਜਹਾਜ਼ ਰਨਵੇਅ 'ਤੇ ਇੱਕ ਫਾਇਰ ਇੰਜਣ ਨਾਲ ਟਕਰਾ ਗਿਆ। ਦੋ ਲੋਕਾਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖਮੀ ਹੋ ਗਏ। ਇਸ ਘਟਨਾ ਤੋਂ ਬਾਅਦ ਹਵਾਈ ਅੱਡੇ ਨੂੰ ਬੰਦ ਕਰ ਦਿੱਤਾ ਗਿਆ ਹੈ।

ਅਮਰੀਕਾ ਦੇ ਨਿਊਯਾਰਕ ਸ਼ਹਿਰ ਦੇ ਲਾਗਾਰਡੀਆ ਹਵਾਈ ਅੱਡੇ 'ਤੇ ਇੱਕ ਵੱਡੇ ਪੱਧਰ 'ਤੇ ਜਾਨੀ ਨੁਕਸਾਨ ਦੀ ਘਟਨਾ ਦਾ ਐਲਾਨ ਕੀਤਾ ਗਿਆ ਹੈ। ਲਗਭਗ 100 ਯਾਤਰੀਆਂ ਨੂੰ ਲੈ ਕੇ ਜਾ ਰਿਹਾ ਇੱਕ ਏਅਰ ਕੈਨੇਡਾ ਐਕਸਪ੍ਰੈਸ CRJ-900 ਜਹਾਜ਼ ਰਨਵੇਅ 'ਤੇ ਇੱਕ ਫਾਇਰ ਇੰਜਣ ਨਾਲ ਟਕਰਾ ਗਿਆ। ਫਾਇਰ ਇੰਜਣ 'ਤੇ ਸਵਾਰ ਪੰਜ ਐਮਰਜੈਂਸੀ ਕਰਮਚਾਰੀ ਗੰਭੀਰ ਜ਼ਖਮੀ ਹੋ ਗਏ, ਹਾਲਾਂਕਿ ਕਿਸੇ ਵੀ ਜਾਨੀ ਨੁਕਸਾਨ ਦੀ ਪੁਸ਼ਟੀ ਨਹੀਂ ਹੋਈ ਹੈ। ਘਟਨਾ ਤੋਂ ਬਾਅਦ ਹਵਾਈ ਅੱਡੇ ਨੂੰ ਬੰਦ ਕਰ ਦਿੱਤਾ ਗਿਆ ਹੈ। ਸਾਰੀਆਂ ਉਡਾਣਾਂ ਨੂੰ JFK ਹਵਾਈ ਅੱਡੇ ਵੱਲ ਮੋੜ ਦਿੱਤਾ ਗਿਆ ਹੈ। ਮੀਡੀਆ ਰਿਪੋਰਟਾਂ ਦੇ ਅਨੁਸਾਰ, ਟੱਕਰ ਰਨਵੇਅ 4 ਦੇ ਨੇੜੇ ਹੋਈ ਜਦੋਂ ਇੱਕ ਏਅਰ ਕੈਨੇਡਾ ਛੁੜ-900 ਫਲਾਈਟ ਟੈਕਸੀਵੇਅ ਤੋਂ ਲੰਘ ਰਹੀ ਸੀ। ਟੱਕਰ ਤੋਂ ਬਾਅਦ ਫਾਇਰ ਬ੍ਰਿਗੇਡ ਅਤੇ ਬਚਾਅ ਟੀਮਾਂ ਮੌਕੇ 'ਤੇ ਪਹੁੰਚੀਆਂ। ਹਾਦਸੇ ਵਿੱਚ ਜਹਾਜ਼ ਨੂੰ ਵੀ ਨੁਕਸਾਨ ਪਹੁੰਚਿਆ। ਯਾਤਰੀਆਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਅਤੇ ਰਨਵੇਅ ਦੇ ਨੇੜੇ ਇੱਕ ਸੁਰੱਖਿਅਤ ਖੇਤਰ ਵਿੱਚ ਲਿਜਾਇਆ ਗਿਆ। ਹਾਦਸੇ ਵਿੱਚ ਵੱਡੀ ਗਿਣਤੀ ਵਿੱਚ ਲੋਕ ਜ਼ਖਮੀ ਵੀ ਹੋਏ। ਘਟਨਾ ਤੋਂ ਬਾਅਦ, ਹਵਾਈ ਅੱਡਾ ਬੰਦ ਕਰ ਦਿੱਤਾ ਗਿਆ ਸੀ ਅਤੇ ਸਥਿਤੀ ਨੂੰ ਕਾਬੂ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ।

ਹਵਾਈ ਆਵਾਜਾਈ ਨਿਯੰਤਰਣ ਨੇ ਹਾਦਸੇ ਤੋਂ ਪਹਿਲਾਂ ਜਹਾਜ਼ ਅਤੇ ਜ਼ਮੀਨੀ ਵਾਹਨਾਂ ਦੋਵਾਂ ਨੂੰ ਰੋਕਣ ਦਾ ਆਦੇਸ਼ ਦਿੱਤਾ ਸੀ, ਪਰ ਟੱਕਰ ਫਿਰ ਵੀ ਹੋਈ। ਘਟਨਾ ਤੋਂ ਬਾਅਦ, ਸੰਘੀ ਹਵਾਬਾਜ਼ੀ ਪ੍ਰਸ਼ਾਸਨ ਨੇ ਹਵਾਈ ਅੱਡੇ 'ਤੇ ਸਾਰੀਆਂ ਉਡਾਣਾਂ ਨੂੰ ਰੋਕ ਦਿੱਤਾ ਸੀ ਅਤੇ ਜਾਂਚ ਸ਼ੁਰੂ ਕਰ ਦਿੱਤੀ ਸੀ। ਜਹਾਜ਼ ਵਿੱਚ ਸਵਾਰ ਲੋਕਾਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਮੀਡੀਆ ਰਿਪੋਰਟਾਂ ਅਨੁਸਾਰ, ਜਹਾਜ਼ ਵਿੱਚ ਸਵਾਰ ਜ਼ਿਆਦਾਤਰ ਯਾਤਰੀ ਯਹੂਦੀ ਸਨ।

ਦੁਰਘਟਨਾ ਤੋਂ ਬਾਅਦ ਦੇ ਕਈ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੇ ਹਨ। ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗਈ ਇੱਕ ਕਲਿੱਪ ਵਿੱਚ ਜਹਾਜ਼ ਦੀ ਨੱਕ ਕਈ ਡਿਗਰੀ ਵੱਧਦੀ ਦਿਖਾਈ ਦੇ ਰਹੀ ਹੈ। ਇਹ ਸਪੱਸ਼ਟ ਤੌਰ 'ਤੇ ਇੱਕ ਵੱਡੇ ਹਾਦਸੇ ਦਾ ਸੰਕੇਤ ਹੈ। ਇਸ ਲਈ ਅਗਲੇ ਨੋਟਿਸ ਤੱਕ ਹਵਾਈ ਅੱਡੇ ਨੂੰ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਗਿਆ ਹੈ। ਉਡਾਣਾਂ ਨੂੰ ਹੋਰ ਹਵਾਈ ਅੱਡਿਆਂ ਵੱਲ ਵੀ ਮੋੜ ਦਿੱਤਾ ਗਿਆ ਹੈ।

# ਅਮਰੀਕੀ ਅਦਾਲਤ ਨੇ ਮੈਟਾ 'ਤੇ ਲਗਾਇਆ 3100 ਕਰੋੜ ਰੁਪਏ ਦਾ ਜ਼ੁਰਮਾਨਾ



ਵਾਸ਼ਿੰਟਨ : ਸੋਸ਼ਲ ਮੀਡੀਆ ਦਿੱਗਜ ਕੰਪਨੀ ਮੇਟਾ ਜੋ ਕਿ ਫੇਸਬੁੱਕ, ਇੰਸਟਾਗ੍ਰਾਮ ਅਤੇ ਵਟਸਐਪ ਦੀ ਮਾਲਕ ਹੈ, ਇੱਕ ਵੱਡੀ ਕਾਨੂੰਨੀ ਮੁਸੀਬਤ ਵਿੱਚ ਫਸ ਗਈ ਹੈ। ਇੱਕ ਇਤਿਹਾਸਕ ਫੈਸਲੇ ਵਿੱਚ ਅਮਰੀਕਾ ਦੇ ਨਿਊ ਮੈਕਸੀਕੋ ਵਿੱਚ ਇੱਕ ਜਿਊਰੀ ਨੇ ਮੇਟਾ 'ਤੇ ਲਗਭਗ 3100 ਕਰੋੜ ਰੁਪਏ ਦਾ ਭਾਰੀ ਜੁਰਮਾਨਾ ਲਗਾਇਆ ਹੈ। ਅਦਾਲਤ ਨੇ ਮੰਨਿਆ ਹੈ ਕਿ ਉਦਯੋਗਪਤੀ ਮਾਰਕ ਜ਼ੁਕਰਬਰਗ ਦੀ ਕੰਪਨੀ ਮੈਟਾ ਨੇ ਬੱਚਿਆਂ ਦੀ ਸੁਰੱਖਿਆ ਅਤੇ ਮਾਨਸਿਕ ਸਿਹਤ ਲਈ ਖਤਰਿਆਂ ਨੂੰ ਛੁਪਾਇਆ ਅਤੇ ਮੁਨਾਫ਼ੇ ਦੇ ਚੱਕਰ ਵਿੱਚ ਨਿਯਮਾਂ ਦੀ ਉਲੰਘਣਾ ਕੀਤੀ। ਸੁਣਵਾਈ ਤੋਂ ਬਾਅਦ ਅਦਾਲਤ ਨੇ ਕੰਪਨੀ ਨੂੰ ਦੋਸ਼ੀ ਪਾਇਆ ਅਤੇ ਜੁਰਮਾਨਾ ਲਗਾਇਆ। ਇਹ ਮਾਮਲਾ ਲਗਭਗ ਸੱਤ ਹਫ਼ਤੇ ਚੱਲਿਆ। ਨਿਊ ਮੈਕਸੀਕੋ ਸਰਕਾਰ ਦੇ ਵਕੀਲਾਂ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਮੈਟਾ ਚੰਗੀ ਤਰ੍ਹਾਂ ਜਾਣਦਾ ਸੀ ਕਿ ਇਸਦੇ ਪਲੇਟਫਾਰਮ ਬੱਚਿਆਂ ਲਈ ਖਤਰਨਾਕ ਹੋ ਸਕਦੇ ਹਨ, ਪਰ ਕੰਪਨੀ ਨੇ ਕਦੇ ਵੀ ਜਨਤਕ ਤੌਰ 'ਤੇ ਇਨ੍ਹਾਂ ਖ਼ਤਰਿਆਂ ਸਬੰਧੀ ਜਨਤਕ ਤੌਰ 'ਤੇ ਜਾਣਕਾਰੀ ਨਹੀਂ ਦਿੱਤੀ।

## ਇਰਾਨ 'ਤੇ ਹਮਲੇ ਦਾ ਸੁਝਾਅ ਹੈਗਸੇਥ ਨੇ ਦਿੱਤਾ ਸੀ: ਟਰੰਪ



ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਪੱਛਮੀ ਏਸ਼ੀਆ ਦੇ ਮੁੱਦੇ 'ਤੇ ਨੇੜਲੇ ਸਹਿਯੋਗੀਆਂ ਨਾਲ ਚਰਚਾ ਦੌਰਾਨ ਇਰਾਨ 'ਤੇ ਹਮਲਾ ਕਰਨ ਦਾ ਸੁਝਾਅ ਸਭ ਤੋਂ ਪਹਿਲਾਂ ਰੱਖਿਆ ਮੰਤਰੀ ਪੀਟ ਹੈਗਸੇਥ ਨੇ ਦਿੱਤਾ ਸੀ। ਟਰੰਪ ਨੇ ਸੋਮਵਾਰ ਨੂੰ ਟੇਨੇਸੀ 'ਚ 'ਮੈਮਫਿਸ ਸੇਫ ਟਾਸਕ ਫੋਰਸ' ਗੋਲਮੇਜ਼ ਬੈਠਕ ਦੌਰਾਨ ਇਹ ਗੱਲ ਆਖੀ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਫ਼ੈਸਲਾ ਕਰਨ ਤੋਂ ਪਹਿਲਾਂ ਉਨ੍ਹਾਂ ਹੈਗਸੇਥ ਅਤੇ ਜੁਆਇੰਟ ਚੀਫਜ਼ ਆਫ ਸਟਾਫ ਦੇ ਚੇਅਰਮੈਨ, ਹਵਾਈ ਸੈਨਾ ਦੇ ਜਨਰਲ ਡੈਨ ਕੇਨ ਸਮੇਤ ਕਈ ਸੀਨੀਅਰ ਅਧਿਕਾਰੀਆਂ ਨੂੰ ਫੋਨ ਕਰ ਕੇ ਇਰਾਨ ਦੇ ਹਾਲਾਤ ਬਾਰੇ ਚਰਚਾ ਕੀਤੀ ਸੀ। ਉਨ੍ਹਾਂ ਕਿਹਾ, ''ਮੈਂ ਸਾਰਿਆਂ ਨੂੰ ਫੋਨ ਕਰ ਕੇ ਇਰਾਨ ਮੁੱਦੇ ਬਾਰੇ ਗੱਲ ਕਰਨ ਲਈ ਸੱਦਿਆ। ਮੈਂ ਆਖਿਆ ਕਿ ਇਰਾਨ ਪਰਮਾਣੂ ਹਥਿਆਰ ਬਣਾਉਣ ਦੇ ਨਜ਼ਦੀਕ ਹੈ; ਜਾਂ ਤਾਂ ਅਸੀਂ ਇਸ ਨੂੰ ਅਣਗੌਲਿਆ ਕਰ ਦਈਏ ਜਾਂ ਫਿਰ ਪੱਛਮੀ ਏਸ਼ੀਆ ਵੱਲ ਕਦਮ ਵਧਾ ਕੇ ਵੱਡੀ ਸਮੱਸਿਆ ਦਾ ਨਿਬੇੜਾ ਕਰ ਸਕਦੇ ਹਾਂ।'' ਟਰੰਪ ਨੇ ਹੈਗਸੇਥ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਸ ਨੇ ਸਭ ਤੋਂ ਪਹਿਲਾਂ ਕਦਮ ਚੁੱਕਣ ਲਈ ਆਖਿਆ ਸੀ ਕਿਉਂਕਿ ਇਰਾਨ ਨੂੰ ਪਰਮਾਣੂ ਹਥਿਆਰ ਹਾਸਲ ਕਰਨ ਨਹੀਂ ਦਿੱਤਾ ਜਾ ਸਕਦਾ।

# ਏਟੀਐਫ ਦੀਆਂ ਵੱਧਦੀਆਂ ਕੀਮਤਾਂ ਦਾ ਅਸਰ !

## ਅਗਲੇ ਮਹੀਨੇ ਤੋਂ ਮਹਿੰਗੀ ਹੋ ਜਾਵੇਗੀ ਹਵਾਈ ਯਾਤਰਾ?

ਨਵੀ ਦਿੱਲੀ : ਹਵਾਈ ਸਫਰ ਨੂੰ ਲੈ ਕੇ ਇੱਕ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਦੱਸ ਦੇਈਏ ਕਿ ਆਉਣ ਵਾਲੇ ਦਿਨਾਂ ਵਿੱਚ ਹਵਾਈ ਯਾਤਰੀਆਂ ਨੂੰ ਮਹਿੰਗਾਈ ਦਾ ਇਕ ਹੋਰ ਝਟਕਾ ਲੱਗ ਸਕਦਾ ਹੈ। ਦਰਅਸਲ, ਮੱਧ-ਪੂਰਬ ਵਿੱਚ ਵਧਦੇ ਭੂ-ਰਾਜਨੀਤਿਕ ਤਣਾਅ ਕਾਰਨ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਉਛਾਲ ਦੇਖਿਆ ਜਾ ਰਿਹਾ ਹੈ, ਜਿਸ ਦਾ ਸਿੱਧਾ ਅਸਰ ਏਵੀਏਸ਼ਨ ਟਰਬਾਈਨ ਫਿਊਲ (ATF) 'ਤੇ ਪੈ ਸਕਦਾ ਹੈ। ਜਿਸ ਕਾਰਨ ਮੰਨਿਆ ਜਾ ਰਿਹਾ ਹੈ ਕਿ 1 ਅਪ੍ਰੈਲ ਤੋਂ ਬਾਲਣ ਦੀਆਂ ਦਰਾਂ ਵਿੱਚ ਸੋਧ ਦੇ ਨਾਲ ਵਾਧਾ ਹੋਣਾ ਸੰਭਵ ਹੈ।

ਇਰਾਨ, ਇਜ਼ਰਾਈਲ ਅਤੇ ਅਮਰੀਕਾ ਵਿਚਾਲੇ ਜਾਰੀ ਤਣਾਅ ਨੇ ਤੇਲ ਦੀ ਸਪਲਾਈ ਨੂੰ ਪ੍ਰਭਾਵਿਤ ਕੀਤਾ ਹੈ। ਇਸ ਕਾਰਨ ਨਾ ਸਿਰਫ਼ ਬਾਲਣ ਮਹਿੰਗਾ ਹੋ ਰਿਹਾ ਹੈ, ਸਗੋਂ ਕੁਝ ਉਡਾਣ ਮਾਰਗ ਵੀ ਸੀਮਤ ਹੋ ਗਏ ਹਨ। ਇਸ ਨਾਲ ਏਅਰਲਾਈਨਾਂ ਦੀ ਸੰਚਾਲਨ ਲਾਗਤ, ਬੀਮਾ ਪ੍ਰੀਮੀਅਮ ਅਤੇ ਕੁੱਲ ਖਰਚਿਆਂ ਵਿੱਚ ਵਾਧਾ ਹੋਇਆ ਹੈ, ਜਿਸ ਕਾਰਨ ਕੰਪਨੀਆਂ ਦਬਾਅ ਵਿੱਚ ਹਨ।

ਕੇਂਦਰੀ ਨਾਗਰਿਕ ਹਵਾਬਾਜ਼ੀ ਮੰਤਰੀ ਰਾਮ ਮੋਹਨ ਨਾਇਡੂ ਨੇ ਦੱਸਿਆ ਕਿ ATF ਦੀਆਂ ਕੀਮਤਾਂ ਹਰ ਮਹੀਨੇ ਦੀ ਸ਼ੁਰੂਆਤ ਵਿੱਚ ਤੈਅ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਸੰਭਾਵੀ ਵਾਧੇ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਏਅਰਲਾਈਨ ਕੰਪਨੀਆਂ ਨਾਲ ਗੱਲਬਾਤ ਜਾਰੀ ਹੈ, ਤਾਂ ਜੋ ਯਾਤਰੀਆਂ 'ਤੇ ਸਿੱਧਾ ਬੋਝ ਨਾ ਪਵੇ। ਦੱਸ ਦਈਏ ਕਿ ਕੁਝ ਕੰਪਨੀਆਂ ਨੇ ਵਧਦੀ ਲਾਗਤ ਦੀ ਭਰਪਾਈ ਲਈ ਪਹਿਲਾਂ ਹੀ ਵਾਧੂ ਚਾਰਜ ਲਗਾਉਣੇ ਸ਼ੁਰੂ ਕਰ ਦਿੱਤੇ ਹਨ। Air India ਅਤੇ Akasa Air ਨੇ ਫਿਊਲ ਸਰਚਾਰਜ ਲਾਗੂ ਕਰ ਦਿੱਤਾ ਹੈ, ਜਦੋਂ ਕਿ IndiGo ਨੇ ਦੂਰੀ ਦੇ ਆਧਾਰ 'ਤੇ ਵੱਖ-ਵੱਖ ਚਾਰਜ ਤੈਅ ਕੀਤੇ ਹਨ। ਸਰਕਾਰ ਦਾ ਕਹਿਣਾ ਹੈ ਕਿ ਮੌਜੂਦਾ ਵਿਸ਼ਵਵਿਆਪੀ ਹਾਲਾਤ ਵਿੱਚ ਲਾਗਤ ਵਧਣਾ ਤੈਅ ਹੈ, ਪਰ ਇਹ ਯਕੀਨੀ ਬਣਾਇਆ ਜਾਵੇਗਾ ਕਿ ਇਸ ਦਾ ਅਸਰ ਯਾਤਰੀਆਂ 'ਤੇ ਅਚਾਨਕ ਅਤੇ ਬਹੁਤ ਜ਼ਿਆਦਾ ਨਾ ਪਵੇ। ਪਹਿਲ ਸੁਰੱਖਿਅਤ ਅਤੇ ਸੁਚਾਰੂ ਹਵਾਈ ਸੇਵਾਵਾਂ ਨੂੰ ਬਰਕਰਾਰ ਰੱਖਣ ਦੀ ਹੈ।

# ਮੈਕਸੀਕੋ 'ਚ ਅਧਿਕਾਰੀਆਂ ਨੇ ਟਰੱਕ 'ਚ ਖ਼ਤਰਨਾਕ ਹਾਲਤ 'ਚ ਬੰਦ 229 ਪ੍ਰਵਾਸੀ ਕੀਤੇ ਬਰਾਮਦ

ਮੈਕਸੀਕੋ : ਮੈਕਸੀਕੋ ਦੇ ਪੂਰਬੀ ਰਾਜ ਵੇਰਾਕਰੂਜ਼ ਵਿਚ ਅਧਿਕਾਰੀਆਂ ਨੇ ਚੋਰੀ ਕੀਤੇ ਗਏ ਇੱਕ ਟਰੱਕ ਦੇ ਪਿਛਲੇ ਹਿੱਸੇ ਵਿਚ ਬੇਹੱਦ ਖ਼ਤਰਨਾਕ ਹਾਲਤ ਵਿਚ ਬੰਦ 229 ਪ੍ਰਵਾਸੀਆਂ ਨੂੰ ਬਰਾਮਦ ਕੀਤਾ ਹੈ। ਇਹ ਘਟਨਾ ਉਸ ਸਮੇਂ ਸਾਹਮਣੇ ਆਈ, ਜਦੋਂ ਪੁਲਿਸ ਦੇ ਟਰੱਕ ਨੂੰ ਵਾਹਨ ਜ਼ਬਤ ਕੇਂਦਰ 'ਚ ਰੱਖਿਆ ਤਾਂ ਉਸ ਵਿਚ ਬੰਦ ਪ੍ਰਵਾਸੀਆਂ ਨੇ ਅਚਾਨਕ ਮਦਦ ਲਈ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਸੂਬੇ ਦੇ ਡਿਪਟੀ ਗਵਰਨਮੈਂਟ ਸੈਕਟਰੀ ਜੋਸ ਮੈਨੂਅਲ ਪੋਜ਼ੋਸ ਅਨੁਸਾਰ ਇਹ ਪ੍ਰਵਾਸੀ ਇੱਕ ਅਜਿਹੇ ਟਰੱਕ ਵਿਚ ਸਵਾਰ ਸਨ, ਜਿਸ ਦੇ ਚੋਰੀ ਹੋਣ ਦੀ ਰਿਪੋਰਟ ਦਰਜ ਸੀ। ਜਦੋਂ ਟਰੱਕ ਨੂੰ ਜ਼ਬਤ ਕਰਕੇ ਕੇਂਦਰ ਵਿਚ ਖੜ੍ਹਾ ਕੀਤਾ ਗਿਆ, ਤਾਂ ਕੁਝ ਘੰਟਿਆਂ ਬਾਅਦ ਉੱਥੇ ਮੌਜੂਦ ਮੁਲਾਜ਼ਮਾਂ ਨੂੰ ਅੰਦਰੋਂ ਖੜਕਾਉਣ ਅਤੇ ਚੀਕਾਂ ਮਾਰਨ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ। ਜਦੋਂ ਐਮਰਜੈਂਸੀ ਸੇਵਾਵਾਂ ਨੇ ਟਰੱਕ ਖੋਲ੍ਹਿਆ, ਤਾਂ ਅੰਦਰੋਂ 17 ਨਾਬਾਲਗ ਬੱਚਿਆਂ ਸਮੇਤ 229 ਲੋਕ ਮਿਲੇ, ਜਿਨ੍ਹਾਂ ਵਿਚੋਂ ਜ਼ਿਆਦਾਤਰ ਮੱਧ ਅਮਰੀਕਾ ਦੇ ਰਹਿਣ ਵਾਲੇ ਸਨ। ਪਾਣੀ ਦੀ ਕਮੀ (ਡੀਹਾਈਡ੍ਰੇਸ਼ਨ) ਕਾਰਨ ਕਈ ਪ੍ਰਵਾਸੀਆਂ ਦੀ ਹਾਲਤ ਖਰਾਬ ਪਾਈ ਗਈ ਹੈ। ਰਿਪੋਰਟਾਂ ਅਨੁਸਾਰ ਵੇਰਾਕਰੂਜ਼ ਇੱਕ ਅਜਿਹਾ ਇਲਾਕਾ ਹੈ, ਜਿੱਥੋਂ ਪ੍ਰਵਾਸੀ ਅਕਸਰ ਅਮਰੀਕਾ ਪਹੁੰਚਣ ਲਈ ਲੰਘਦੇ ਹਨ ਅਤੇ ਇੱਥੇ ਉਹ ਅਪਰਾਧਿਕ ਗਿਰੋਹਾਂ ਅਤੇ ਕਾਰਟੇਲਸ ਦਾ ਸ਼ਿਕਾਰ ਹੋ ਜਾਂਦੇ ਹਨ। ਸਮੱਗਲਰ ਇਨ੍ਹਾਂ ਲੋਕਾਂ ਨੂੰ ਚੈੱਕ ਪੋਸਟਾਂ ਤੋਂ ਬਚਾਉਣ ਲਈ ਅਕਸਰ ਖ਼ਤਰਨਾਕ ਹਾਲਤਾਂ ਵਿਚ ਟਰੱਕਾਂ, ਲੁਕਵੇਂ ਖਾਨਿਆਂ ਅਤੇ ਇੱਥੋਂ ਤੱਕ ਕਿ ਨਕਲੀ ਐਂਬੂਲੈਂਸਾਂ ਵਿਚ ਭਰ ਕੇ ਲਿਜਾਂਦੇ ਹਨ। ਅਤੀਤ ਵਿਚ ਅਜਿਹੇ ਕਈ ਹਾਦਸੇ ਵਾਪਰ ਚੁੱਕੇ ਹਨ, ਜਿੱਥੇ ਟਰੱਕਾਂ ਵਿਚ ਦਮ ਘੁੱਟਣ ਕਾਰਨ ਪ੍ਰਵਾਸੀਆਂ ਦੀ ਮੌਤ ਹੋਈ ਹੈ, ਜਿਵੇਂ ਕਿ 2022 ਵਿਚ ਟੈਕਸਾਸ ਵਿਚ 53 ਪ੍ਰਵਾਸੀਆਂ ਦੀ ਜਾਨ ਚਲੀ ਗਈ ਸੀ। ਮੈਕਸੀਕੋ ਪੁਲਿਸ ਨੇ ਸਾਰੇ ਪ੍ਰਵਾਸੀਆਂ ਨੂੰ ਬੱਸਾਂ ਰਾਹੀਂ ਸੁਰੱਖਿਅਤ ਸਥਾਨ 'ਤੇ ਪਹੁੰਚਾਇਆ ਹੈ ਅਤੇ ਆਮ ਤੌਰ 'ਤੇ ਅਜਿਹੇ ਮਾਮਲਿਆਂ ਵਿਚ ਪ੍ਰਵਾਸੀਆਂ ਨੂੰ ਮੈਕਸੀਕੋ ਦੀ ਇਮੀਗ੍ਰੇਸ਼ਨ ਏਜੰਸੀ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ। ਮਾਹਰਾਂ ਦਾ ਮੰਨਣਾ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਅਹੁਦਾ ਸੰਭਾਲਣ ਤੋਂ ਬਾਅਦ ਭਾਵੇਂ ਉੱਤਰ ਵੱਲ ਜਾਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਵਿਚ ਭਾਰੀ ਗਿਰਾਵਟ ਆਈ ਸੀ, ਪਰ ਹੁਣ ਇਹ ਸਿਲਸਿਲਾ ਹੌਲੀ-ਹੌਲੀ ਦੁਬਾਰਾ ਵਧਣਾ ਸ਼ੁਰੂ ਹੋ ਗਿਆ ਹੈ।

# ਆਸਟ੍ਰੇਲੀਆ 'ਚ ਭਾਰਤੀ ਟਰੱਕ ਡਰਾਈਵਰਾਂ ਦੀ ਬਹਾਦਰੀ ਦੀ ਚਰਚਾ, ਲੁਟੇਰਿਆਂ ਨੂੰ ਇੰਨੀ ਬੁਰੀ ਤਰ੍ਹਾਂ ਕੁੱਟਿਆ



ਮੈਲਬੌਰਨ: ਭਾਰਤੀ ਟਰੱਕ ਡਰਾਈਵਰਾਂ ਨੂੰ ਲੁੱਟਣ ਲਈ ਮੈਲਬੌਰਨ ਆਏ ਦੋ ਆਸਟ੍ਰੇਲੀਆਈ ਲੁਟੇਰਿਆਂ ਨੂੰ ਕਾਬੂ ਕਰ ਲਿਆ ਗਿਆ ਹੈ। ਇੱਕ ਟਰੱਕ ਡਰਾਈਵਰ ਨੇ ਦੋ ਆਸਟ੍ਰੇਲੀਆਈ ਲੁਟੇਰਿਆਂ ਦਾ ਸਾਹਮਣਾ ਕੀਤਾ ਅਤੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਕੁੱਟਿਆ ਹੈ। ਹਾਲਾਤ ਇੰਨੇ ਗੰਭੀਰ ਹੋ ਗਏ ਕਿ ਲੁਟੇਰੇ ਆਪਣੀ ਜਾਨ ਬਚਾਉਣ ਲਈ ਇੱਕ ਕਾਰ ਵਿੱਚ ਭੱਜ ਗਏ। ਪਰ ਭਾਰਤੀ ਟਰੱਕ ਡਰਾਈਵਰ ਨੇ ਲੁਟੇਰਿਆਂ ਨੂੰ ਕੁੱਟਣਾ ਬੰਦ ਨਹੀਂ ਕੀਤਾ। ਬਾਅਦ ਵਿੱਚ, ਟਰੱਕ ਡਰਾਈਵਰ ਦਾ ਦੂਜਾ ਭਾਰਤੀ ਸਾਥੀ ਵੀ ਪਹੁੰਚ ਗਿਆ ਅਤੇ ਦੋਵਾਂ ਲੁਟੇਰਿਆਂ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਇਸ ਨਾਲ ਲੁਟੇਰੇ ਬਹੁਤ ਹੀ ਭਿਆਨਕ ਸਥਿਤੀ ਵਿੱਚ ਪੈ ਗਏ।

20 ਮਾਰਚ ਨੂੰ, ਮੈਲਬੌਰਨ ਵਿੱਚ ਦੋ ਭਾਰਤੀ ਟਰੱਕ ਡਰਾਈਵਰਾਂ 'ਤੇ ਲੁਟੇਰਿਆਂ ਦੁਆਰਾ ਹਮਲਾ ਕੀਤੇ ਜਾਣ ਦੀ ਖ਼ਬਰ ਹੈ। ਇਹ ਘਟਨਾ ਸ਼ਹਿਰ ਦੇ ਸਕੋਰਸਬੀ ਖੇਤਰ ਵਿੱਚ ਇੱਕ ਪੈਟਰੋਲ ਸਟੇਸ਼ਨ ਦੀ ਪਾਰਕਿੰਗ ਵਿੱਚ ਵਾਪਰੀ ਹੈ। ਦੋ ਭਾਰਤੀ ਮੂਲ ਦੇ ਡਿਲੀਵਰੀ ਟਰੱਕ ਡਰਾਈਵਰ, ਜੋ ਲ਼ਘ ਲਈ ਕੰਮ ਕਰਦੇ ਹਨ, ਆਪਣੀ ਗੱਡੀ ਦੇ ਨੇੜੇ ਖੜ੍ਹੇ ਸਨ ਜਦੋਂ ਦੋ ਹਥਿਆਰਬੰਦ ਵਿਅਕਤੀਆਂ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਲੁਟੇਰਿਆਂ ਨੇ ਨਾ ਸਿਰਫ਼ ਟਰੱਕ ਦੀਆਂ ਚਾਬੀਆਂ ਮੰਗੀਆਂ ਸਗੋਂ ਨਸਲੀ ਗਾਲਾਂ ਵੀ ਕੱਢੀਆਂ ਸਨ। ਹਾਲਾਂਕਿ, ਇੱਕ ਡਰਾਈਵਰ ਨੇ ਇਕੱਲੇ ਹੀ ਦੋ ਗੁੰਡਿਆਂ ਦਾ ਸਾਹਮਣਾ ਕੀਤਾ। ਵੀਡੀਓ ਫੁਟੇਜ ਵਿੱਚ ਸਾਫ਼ ਦਿਖਾਈ ਦੇ ਰਿਹਾ ਹੈ ਕਿ ਡਰਾਈਵਰ ਮੁੱਕੇ ਮਾਰਨ ਤੋਂ ਨਹੀਂ ਡਰਦਾ। ਕੁਝ ਹੀ ਪਲਾਂ ਵਿੱਚ, ਉਸਦਾ ਸਾਥੀ ਡਰਾਈਵਰ ਮਦਦ ਲਈ ਆ ਗਿਆ ਸੀ।

ਵੀਡੀਓ ਵਿੱਚ ਦੋ ਭਾਰਤੀ ਡਰਾਈਵਰ ਗੁੰਡਿਆਂ 'ਤੇ ਬੇਰਹਿਮੀ ਨਾਲ ਹਮਲਾ ਕਰਦੇ ਦਿਖਾਈ ਦੇ ਰਹੇ ਹਨ। ਇੱਕ ਡਰਾਈਵਰ ਨੇ ਤਾਂ ਸਵੈ-ਰੱਖਿਆ ਵਿੱਚ ਇੱਕ ਸੰਦ ਦੀ ਵਰਤੋਂ ਵੀ ਕੀਤੀ। ਗੁੰਡਿਆਂ ਨੂੰ ਇਸ ਹਮਲੇ ਦੀ ਉਮੀਦ ਨਹੀਂ ਸੀ ਅਤੇ ਉਨ੍ਹਾਂ ਨੂੰ ਤੁਰੰਤ ਪਛਤਾਵਾ ਹੋਇਆ। ਹਾਲਾਂਕਿ, ਦੋਵੇਂ ਲੁਟੇਰੇ ਬਾਅਦ ਵਿੱਚ ਭੱਜਣ ਵਿੱਚ ਕਾਮਯਾਬ ਹੋ ਗਏ। ਪੁਲਿਸ ਹੁਣ ਉਨ੍ਹਾਂ ਦੀ ਭਾਲ ਕਰ ਰਹੀ ਹੈ। ਇਸ ਘਟਨਾ ਦਾ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਆਸਟ੍ਰੇਲੀਆਈ ਮੀਡੀਆ ਦੋਵਾਂ ਭਾਰਤੀ ਡਰਾਈਵਰਾਂ ਦੀ ਬਹਾਦਰੀ ਦੀ ਪ੍ਰਸ਼ੰਸਾ ਕਰ ਰਿਹਾ ਹੈ। ਲੋਕ ਕਹਿ ਰਹੇ ਹਨ ਕਿ ਵਿਦੇਸ਼ਾਂ ਵਿੱਚ ਰਹਿਣ ਦੇ ਬਾਵਜੂਦ, ਭਾਰਤੀਆਂ ਨੇ ਹਿੰਮਤ ਨਹੀਂ ਹਾਰੀ ਅਤੇ ਸਵੈ-ਰੱਖਿਆ ਵਿੱਚ ਬਹਾਦਰੀ ਨਾਲ ਲੜੇ ਹਨ।

ਇਹ ਘਟਨਾ ਆਸਟ੍ਰੇਲੀਆ ਵਿੱਚ ਕਾਰ ਚੋਰੀ ਅਤੇ ਨਸਲੀ ਹਮਲਿਆਂ ਵਿੱਚ ਵਾਧੇ ਨੂੰ ਉਜਾਗਰ ਕਰਦੀ ਹੈ। ਇਸ ਘਟਨਾ ਤੋਂ ਬਾਅਦ ਭਾਰਤੀ ਭਾਈਚਾਰੇ ਨੇ ਸੁਰੱਖਿਆ ਵਧਾਉਣ ਦੀ ਮੰਗ ਕੀਤੀ ਹੈ। ਦੋਵੇਂ ਡਰਾਈਵਰ ਸੁਰੱਖਿਅਤ ਹਨ ਅਤੇ ਕੋਈ ਵੀ ਗੰਭੀਰ ਜ਼ਖਮੀ ਨਹੀਂ ਹੋਇਆ। ਪੁਲਿਸ ਘਟਨਾ ਦੀ ਜਾਂਚ ਕਰ ਰਹੀ ਹੈ। ਦੋਵਾਂ ਭਾਰਤੀ ਡਰਾਈਵਰਾਂ ਦੀ ਬਹਾਦਰੀ ਦੀ ਕਹਾਣੀ ਹੁਣ ਹਰ ਕਿਸੇ ਦੇ ਮੂੰਹ 'ਤੇ ਹੈ।

# ਅਮਰੀਕਾ ਵੱਲੋਂ ਭਾਰਤੀ ਲੋਕਾਂ ਦੀਆਂ 1.5 ਲੱਖ ਵੀਜ਼ਾ ਅਰਜੀਆਂ ਰੱਦ

## * ਸਟੱਡੀ ਵੀਜ਼ਿਆਂ ਦੀ ਗਿਣਤੀ 1 ਲੱਖ ਹੇਠਾਂ ਆਈ




ਵਾਸ਼ਿੰਗਟਨ : ਗੈਰਕਾਨੂੰਨੀ ਪ੍ਰਵਾਸੀਆਂ ਨੂੰ ਫੜ-ਫੜ ਡਿਪੋਰਟ ਕਰ ਰਹੀ ਟਰੰਪ ਸਰਕਾਰ ਵੱਲੋਂ ਭਾਰਤੀ ਨਾਗਰਿਕਾਂ ਦੀਆਂ ਵੀਜ਼ਾ ਅਰਜ਼ੀਆਂ ਧੜਾ-ਧੜ ਰੱਦ ਕੀਤੀਆਂ ਜਾ ਰਹੀਆਂ ਹਨ ਅਤੇ ਪਿਛਲੇ ਸਾਲ ਭਾਰਤੀਆਂ ਨੂੰ ਮਿਲਦੇ ਵੀਜ਼ਿਆਂ ਵਿਚ ਡੇਢ ਲੱਖ ਦੀ ਕਟੌਤੀ ਕਰ ਦਿਤੀ ਗਈ ਜਦਕਿ ਗਰੀਨ ਕਾਰਡ ਅਰਜ਼ੀਆਂ ਪ੍ਰਵਾਨ ਹੋਣ ਦੇ ਮਾਮਲੇ ਵਿਚ ਵੀ ਭਾਰਤੀ ਖੁੱਡੇ ਲਾਈਨ ਲੱਗ ਚੁੱਕੇ ਹਨ। ਜੀ ਹਾਂ, ਜਨਵਰੀ 2025 ਤੋਂ ਅਗਸਤ 2025 ਦਰਮਿਆਨ ਅਮਰੀਕਾ ਦੇ ਵਿਦੇਸ਼ੀ ਵਿਭਾਗ ਨੇ ਭਾਰਤੀ ਨਾਗਰਿਕਾਂ ਦੀਆਂ ਵੀਜ਼ਾ ਅਰਜ਼ੀਆ ਵੱਡੇ ਪੱਧਰ 'ਤੇ ਰੱਦ ਕੀਤੀਆਂ। ਵਾਸ਼ਿੰਗਟਨ ਪੋਸਟ ਦੀ ਰਿਪੋਰਟ ਮੁਤਾਬਕ ਭਾਰਤ ਅਤੇ ਚੀਨ ਦੇ ਲੋਕਾਂ ਨੂੰ ਮਿਲਦੇ ਵੀਜ਼ਿਆਂ ਵਿਚ ਸਾਂਝੇ ਤੌਰ 'ਤੇ ਢਾਈ ਲੱਖ ਦੀ ਕਟੌਤੀ ਹੋਈ ਅਤੇ ਪੂਰੇ ਸਾਲ ਦਾ ਅੰਕੜਾ ਕਿਤੇ ਜ਼ਿਆਦਾ ਹੋ ਸਕਦਾ ਹੈ। ਕੁਲ ਮਿਲਾ ਕੇ ਦੇਖਿਆ ਜਾਵੇ ਤਾਂ ਟਰੰਪ ਸਰਕਾਰ ਵੱਲੋਂ ਬਾਇਡਨ ਸਰਕਾਰ ਦੇ ਮੁਕਾਬਲੇ 11 ਫ਼ੀ ਸਦੀ ਘੱਟ ਵੀਜ਼ੇ ਜਾਰੀ ਕੀਤੇ ਗਏ ਜਿਨ੍ਹਾਂ ਵਿਚ ਟੂਰਿਸਟ ਅਤੇ ਬਿਜ਼ਨਸ ਵੀਜ਼ਾ ਸ਼ਾਮਲ ਹਨ।

ਸਟੱਡੀ ਵੀਜ਼ਿਆਂ ਦੀ ਗੱਲ ਕੀਤੀ ਜਾਵੇ ਜਨਵਰੀ 2024 ਤੋਂ ਅਗਸਤ 2024 ਦਰਮਿਆਨ 3 ਲੱਖ 45 ਹਜ਼ਾਰ ਕੌਮਾਂਤਰੀ ਵਿਦਿਆਰਥੀਆ ਨੂੰ ਅਮਰੀਕਾ ਆਉਣ ਦੀ ਇਜਾਜ਼ਤ ਦਿਤੀ ਗਈ ਪਰ ਟਰੰਪ ਦੇ ਸੱਤਾ ਵਿਚ ਆਉਣ ਮਗਰੋਂ ਇਹ ਅੰਕੜਾ 2 ਲੱਖ 38 ਹਜ਼ਾਰ ਰਹਿ ਗਿਆ। ਮੰਗਣੀ ਕਰਵਾ ਕੇ ਅਮਰੀਕਾ ਆਉਣ ਵਾਲਿਆਂ ਦੇ ਵੀਜ਼ੇ ਅੱਧੇ ਰਹਿ ਗਏ ਕਿਉਂਕਿ ਬਾਇਡਨ ਸਰਕਾਰ ਨੇ 2024 ਦੇ ਪਹਿਲੇ ਅੱਠ ਮਹੀਨੇ ਦੌਰਾਨ 37 ਹਜ਼ਾਰ ਵੀਜ਼ੇ ਜਾਰੀ ਕੀਤੇ ਪਰ ਟਰੰਪ ਸਰਕਾਰ ਨੇ ਅੰਕੜਾ 19 ਹਜ਼ਾਰ ਤੋਂ ਵੀ ਹੇਠਾਂ ਲਿਆ ਦਿਤਾ ਹੈ। ਫ਼ੈਮਿਲੀ ਪਰੈਫ਼ਰੈਂਸ ਵੀਜ਼ਾ ਦਾ ਜ਼ਿਕਰ ਕੀਤਾ ਜਾਵੇ ਤਾਂ ਯੂ.ਐਸ. ਸਿਟੀਜ਼ਨਜ਼ ਦੇ ਬਾਲਗ ਬੱਚਿਆਂ ਜਾਂ ਭੈਣ-ਭਰਾਵਾਂ ਨੂੰ ਮਿਲਦੇ ਵੀਜ਼ਿਆਂ ਵਿਚ 27 ਫ਼ੀ ਸਦੀ ਕਮੀ ਆਈ ਹੈ। ਵਾਈਟ ਹਾਊਸ ਦੀ ਸਪੋਕਸਪਰਸਨ ਐਬੀਗੇਲ ਜੈਕਸਨ ਤੋਂ ਜਦੋਂ ਇਨ੍ਹਾਂ ਅੰਕੜਿਆਂ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਡੌਨਲਡ ਟਰੰਪ ਨੂੰ ਅਮਰੀਕਾ ਵਾਸੀਆਂ ਨੇ ਆਪਣੇ ਹੱਕਾਂ ਦੀ ਰਾਖੀ ਵਾਸਤੇ ਚੁਣਿਆ ਹੈ। ਅਮਰੀਕਾ ਦਾ ਵੀਜ਼ਾ ਕਿਸੇ ਦਾ ਹੱਕ ਨਹੀਂ ਅਤੇ ਟਰੰਪ ਸਰਕਾਰ ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਵੀਜ਼ੇ ਜਾਰੀ ਕਰ ਰਹੀ ਹੈ। ਇਥੇ ਦਸਣਾ ਬਣਦਾ ਹੈ ਕਿ ਦੁਨੀਆਂ ਦੇ 50 ਮੁਲਕਾਂ ਉਤੇ 15 ਹਜ਼ਾਰ ਡਾਲਰ ਬੌਂਡ ਵਾਲਾ ਨਿਯਮ ਲਾਗੂ ਹੋ ਗਿਆ ਹੈ ਅਤੇ ਇਨ੍ਹਾਂ ਮੁਲਕਾਂ ਤੋਂ ਵਿਜ਼ਟਰ ਵੀਜ਼ਾ ਜਾਂ ਬਿਜ਼ਨਸ ਵੀਜ਼ਾ ਦੀਆਂ ਅਰਜ਼ੀਆਂ ਪਹਿਲਾਂ ਹੀ ਸੀਮਤ ਹੋ ਚੁੱਕੀਆਂ ਹਨ।

ਇੰਮੀਗ੍ਰੇਸ਼ਨ ਐਂਡ ਕਸਮਟਜ਼ ਐਨਫ਼ੋਰਸਮੈਂਟ ਵਾਲਿਆਂ ਦਾ ਕਹਿਣਾ ਹੈ ਕਿ ਵਿਜ਼ਟਰ ਵੀਜ਼ਾ ਜਾਂ ਬਿਜ਼ਨਸ ਵੀਜ਼ਾ 'ਤੇ ਆਉਣ ਵਾਲੇ ਕੁਝ ਆਪਣੇ ਮੁਲਕ ਵਾਪਸੀ ਨਹੀਂ ਕਰਦੇ ਅਤੇ ਅਮਰੀਕਾ ਦੀਆਂ ਸਮਾਜਿਕ ਸੇਵਾਵਾਂ ਉਤੇ ਬੋਝ ਬਣ ਜਾਂਦੇ ਹਨ। ਅਜਿਹੇ ਲੋਕਾਂ ਨੂੰ ਫੜ ਕੇ ਡਿਪੋਰਟ ਕਰਨ ਦਾ ਔਸਤ ਖਰਚਾ 18 ਹਜ਼ਾਰ ਡਾਲਰ ਤੋਂ ਵੱਧ ਬਣਦਾ ਹੈ ਜਿਸ ਦੇ ਮੱਦੇਨਜ਼ਰ 15 ਹਜ਼ਾਰ ਡਾਲਰ ਦਾ ਬੌਂਡ ਭਰਵਾਇਆ ਜਾ ਰਿਹਾ ਹੈ। ਵਿਦੇਸ਼ ਵਿਭਾਗ ਨੇ ਦੱਸਿਆ ਕਿ ਬੌਂਡ ਭਰਨ ਤੋਂ ਬਾਅਦ ਵਿਜ਼ਟਰ ਵੀਜ਼ਾ ਜਾਂ ਬਿਜ਼ਨਸ ਵੀਜ਼ਾ 'ਤੇ ਅਮਰੀਕਾ ਪੁੱਜੇ 97 ਫ਼ੀ ਸਦੀ ਨਾਗਰਿਕ ਤੈਅ ਸਮੇਂ ਦੇ ਅੰਦਰ ਵਾਪਸ ਚਲੇ ਗਏ ਪਰ ਇਸ ਦੇ ਉਲਟ ਇਨ੍ਹਾਂ ਮੁਲਕਾਂ ਦੇ ਹੀ 45 ਹਜ਼ਾਰ ਨਾਗਰਿਕਾਂ ਨੇ ਬਾਇਡਨ ਸਰਕਾਰ ਵੇਲੇ ਵੀਜ਼ਾ ਮਿਆਦ ਲੰਘਣ ਤੋਂ ਬਾਅਦ ਵੀ ਆਪਣੇ ਮੁਲਕ ਵਾਪਸੀ ਨਾ ਕੀਤੀ।









# ਪੰਜਾਬ ਦਾ ਹੰਕਾਰੀ ਮੁੱਖ ਮੰਤਰੀ CBI ਜਾਂਚ ਤੋਂ ਭੱਜ ਰਿਹਾ ਹੈ, ਸਰਕਾਰ ਦੀ ਨਿਆਂ ਪ੍ਰਣਾਲੀ 'ਤੇ ਕੋਈ ਵਿਸ਼ਵਾਸ ਨਹੀਂ: ਰੰਧਾਵਾ



ਚੰਡੀਗੜ੍ਹ: ਸਾਬਕਾ ਉਪ ਮੁੱਖ ਮੰਤਰੀ ਅਤੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਮੰਗਲਵਾਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੂੰ ਹੰਕਾਰੀ ਕਿਹਾ ਅਤੇ ਪੰਜਾਬ ਸਰਕਾਰ ਦੀ ਨਿਆਂ ਪ੍ਰਣਾਲੀ 'ਤੇ ਸਵਾਲ ਉਠਾਏ। ਉਨ੍ਹਾਂ ਪੁੱਛਿਆ ਕਿ ਜੇਕਰ ਪੰਜਾਬ ਸਰਕਾਰ ਕੋਲ ਲੁਕਾਉਣ ਲਈ ਕੁਝ ਨਹੀਂ ਹੈ, ਤਾਂ ਉਹ ਸੁਤੰਤਰ ਜਾਂਚ ਤੋਂ ਕਿਉਂ ਡਰਦੀ ਹੈ? ਪੰਜਾਬ ਸਰਕਾਰ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਤੋਂ ਜਾਂਚ ਕਰਵਾਉਣ ਲਈ ਤਿਆਰ ਕਿਉਂ ਨਹੀਂ ਹੈ। ਇੱਕ ਤਿੱਖੀ ਟਿੱਪਣੀ ਵਿੱਚ, ਕਾਂਗਰਸੀ ਸੰਸਦ ਮੈਂਬਰ ਨੇ ਕੇਂਦਰੀ ਜਾਂਚ ਏਜੰਸੀਆਂ ਨੂੰ ਸ਼ਾਮਲ ਕਰਨ ਲਈ ਸੂਬਾ ਸਰਕਾਰ ਦੀ ਝਿਜਕ 'ਤੇ ਸਵਾਲ ਉਠਾਏ।

ਰੰਧਾਵਾ ਨੇ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ 'ਤੇ ਤਿੱਖਾ ਹਮਲਾ ਬੋਲਦਿਆਂ ਦੋਸ਼ ਲਗਾਇਆ ਕਿ ਇਹ ਮਹੱਤਵਪੂਰਨ ਮਾਮਲਿਆਂ ਵਿੱਚ ਨਿਆਂ ਪ੍ਰਦਾਨ ਕਰਨ ਅਤੇ ਪਾਰਦਰਸ਼ਤਾ ਬਣਾਈ ਰੱਖਣ ਵਿੱਚ ਅਸਫਲ ਰਹੀ ਹੈ। ਰੰਧਾਵਾ ਨੇ ਜਾਂਚ ਵਿੱਚ ਦੇਰੀ ਅਤੇ ਚੋਣਵੇਂ ਇਨਸਾਫ਼ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਸੂਬੇ ਵਿੱਚ ਬਹੁਤ ਸਾਰੇ ਸੰਵੇਦਨਸ਼ੀਲ ਮਾਮਲੇ ਅਜੇ ਵੀ ਲੰਬਿਤ ਹਨ ਜਾਂ ਜਨਤਾ ਦੀਆਂ ਨਜ਼ਰਾਂ ਵਿੱਚ ਭਰੋਸੇਯੋਗਤਾ ਦੀ ਘਾਟ ਹੈ। ਸਾਬਕਾ ਕੈਬਨਿਟ ਮੰਤਰੀ ਡਾ. ਵਿਜੇ ਸਿੰਗਲਾ ਅਤੇ ਜਲੰਧਰ ਦੇ ਵਿਧਾਇਕ ਰਮਨ ਅਰੋੜਾ ਦੇ ਮਾਮਲਿਆਂ ਵਿੱਚ ਕੁਝ ਨਹੀਂ ਹੋਇਆ। ਉਦੋਂ ਵੀ ਪੁਲਿਸ ਅਤੇ ਪ੍ਰਸ਼ਾਸਨ ਸਰਕਾਰ ਦੇ ਅਧੀਨ ਸਨ, ਪਰ ਹੁਣ ਉਨ੍ਹਾਂ ਵਿਰੁੱਧ ਕਾਰਵਾਈ ਰੁਕ ਗਈ ਹੈ। ਪੰਜਾਬ ਦੇ ਲੋਕ ਅਜੇ ਵੀ ਇਨਸਾਫ਼ ਦੀ ਉਡੀਕ ਕਰ ਰਹੇ ਹਨ। ਸਰਕਾਰ ਨੇ ਜਵਾਬਦੇਹੀ ਦਾ ਵਾਅਦਾ ਕੀਤਾ ਸੀ, ਪਰ ਜ਼ਮੀਨੀ ਹਕੀਕਤ ਇੱਕ ਵੱਖਰੀ ਕਹਾਣੀ ਦੱਸਦੀ ਹੈ। ਉਨ੍ਹਾਂ ਦਲੀਲ ਦਿੱਤੀ ਕਿ ਵਿਵਾਦਪੂਰਨ ਮਾਮਲਿਆਂ ਵਿੱਚ ਸੀਬੀਆਈ ਜਾਂਚ ਨਿਰਪੱਖਤਾ ਨੂੰ ਯਕੀਨੀ ਬਣਾਏਗੀ ਅਤੇ ਜਨਤਾ ਦਾ ਵਿਸ਼ਵਾਸ ਬਹਾਲ ਕਰੇਗੀ। ਉਨ੍ਹਾਂ ਕਿਹਾ ਕਿ ਪਾਰਦਰਸ਼ਤਾ ਲੋਕਤੰਤਰ ਦੀ ਨੀਂਹ ਹੈ। ਸੁਤੰਤਰ ਜਾਂਚ ਤੋਂ ਬਚਣਾ ਸਿਰਫ ਸ਼ੱਕ ਨੂੰ ਹੋਰ ਡੂੰਘਾ ਕਰਦਾ ਹੈ। ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਸ਼ਾਸਨ ਅਤੇ ਕਾਨੂੰਨ ਵਿਵਸਥਾ ਦੇ ਮੁੱਦਿਆਂ ਨੂੰ ਲੈ ਕੇ ਪੰਜਾਬ ਵਿੱਚ ਵਿਰੋਧੀ ਧਿਰ ਅਤੇ ਸੱਤਾਧਾਰੀ ਆਮ ਆਦਮੀ ਪਾਰਟੀ ਵਿਚਕਾਰ ਰਾਜਨੀਤਿਕ ਤਣਾਅ ਵਧ ਰਿਹਾ ਹੈ। ਰੰਧਾਵਾ ਨੇ ਮਾਨ ਸਰਕਾਰ ਨੂੰ ਰਾਜਨੀਤੀ ਤੋਂ ਉੱਪਰ ਉੱਠ ਕੇ ਨਿਰਪੱਖ ਜਾਂਚ ਦੀ ਆਗਿਆ ਦੇਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਨਸਾਫ਼ ਸਿਰਫ਼ ਹੋਣਾ ਹੀ ਨਹੀਂ ਚਾਹੀਦਾ, ਸਗੋਂ ਹੁੰਦਾ ਵੀ ਦਿਖਾਈ ਦੇਣਾ ਚਾਹੀਦਾ ਹੈ।

# ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਜਾਅਲੀ ਦਸਤਾਵੇਜ਼ਾਂ ਦੀ ਪਾਲਣਾ ਕਰਨ ਵਿੱਚ ਰਿਹਾ ਅਸਫ਼ਲ




ਟੋਰਾਂਟੋ (ਬਲਜਿੰਦਰ ਸੇਖਾ) ਅੱਜ ਆਡੀਟਰ ਜਨਰਲ ਨੇ ਰਿਪੋਰਟ ਦਿੱਤੀ ਕਿ ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (IRCC) 2018 ਅਤੇ 2023 ਦੇ ਵਿਚਕਾਰ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਜਾਂ ਗਲਤ ਜਾਣਕਾਰੀ ਦੇਣ ਵਾਲੇ 800 ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਮਾਮਲਿਆਂ ਦੀ ਪਾਲਣਾ ਕਰਨ ਵਿੱਚ ਅਸਫਲ ਰਿਹਾ। ਇਨ੍ਹਾਂ ਵਿੱਚੋਂ ਲਗਭਗ ਸਾਰੇ ਵਿਅਕਤੀਆਂ ਨੇ ਬਾਅਦ ਵਿੱਚ ਕੈਨੇਡਾ ਵਿੱਚ ਰਹਿਣ ਲਈ ਹੋਰ ਇਮੀਗ੍ਰੇਸ਼ਨ ਪਰਮਿਟਾਂ ਲਈ ਅਰਜ਼ੀ ਦਿੱਤੀ, ਅਤੇ ਅੱਧੇ ਤੋਂ ਵੱਧ ਨੂੰ ਮਨਜ਼ੂਰੀ ਦੇ ਦਿੱਤੀ ਗਈ। ਆਡਿਟ ਨੇ ਪ੍ਰੋਗਰਾਮ ਦੀ ਇਮਾਨਦਾਰੀ ਅਤੇ ਲਾਗੂ ਕਰਨ ਵਿੱਚ ਮਹੱਤਵਪੂਰਨ ਕਮਜ਼ੋਰੀਆਂ ਨੂੰ ਝੰਡੀ ਦਿੱਤੀ।

ਆਡਿਟ ਨੇ ਪ੍ਰੋਗਰਾਮ ਦੀ ਇਮਾਨਦਾਰੀ ਅਤੇ ਲਾਗੂ ਕਰਨ ਵਿੱਚ ਮਹੱਤਵਪੂਰਨ ਕਮਜ਼ੋਰੀਆਂ ਨੂੰ ਝੰਡੀ ਦਿੱਤੀ।

800 ਮਾਮਲਿਆਂ ਵਿੱਚ ਜਿੱਥੇ ਬਿਨੈਕਾਰਾਂ ਨੂੰ ਧੋਖਾਧੜੀ ਵਾਲੇ ਦਸਤਾਵੇਜ਼ਾਂ ਦੀ ਵਰਤੋਂ ਕਰਨ ਦਾ ਪਤਾ ਲੱਗਿਆ, ਵਿਭਾਗ ਨੇ ਢੁਕਵੀਂ ਫਾਲੋ-ਅੱਪ ਕਾਰਵਾਈ ਨਹੀਂ ਕੀਤੀ। ਨਤੀਜੇ ਵਜੋਂ, ਇਨ੍ਹਾਂ ਵਿੱਚੋਂ ਬਹੁਤ ਸਾਰੇ ਵਿਅਕਤੀ ਹੋਰ ਇਮੀਗ੍ਰੇਸ਼ਨ ਸਥਿਤੀਆਂ ਵਿੱਚ ਤਬਦੀਲ ਹੋ ਕੇ ਕੈਨੇਡਾ ਵਿੱਚ ਹੀ ਰਹੇ। ਵਿਭਾਗ ਦੇ ਅਧਿਕਾਰੀਆਂ ਨੇ ਰਿਪੋਰਟ ਦਿੱਤੀ ਕਿ ਉਨ੍ਹਾਂ ਕੋਲ ਸਾਲਾਨਾ ਲਗਭਗ 2,000 ਮਾਮਲਿਆਂ ਦੀ ਜਾਂਚ ਕਰਨ ਲਈ ਬਜਟ ਸੀ, ਭਾਵੇਂ ਕਿ ਹਜ਼ਾਰਾਂ ਵਿਦਿਆਰਥੀਆਂ ਨੂੰ ਪਰਮਿਟ ਦੀਆਂ ਸ਼ਰਤਾਂ ਦੀ ਸੰਭਾਵੀ ਉਲੰਘਣਾ ਲਈ ਫਲੈਗ ਕੀਤਾ ਗਿਆ ਸੀ।

# ਆਨਲਾਈਨ FIR ਡਾਊਨਲੋਡ ਕਰਨ 'ਤੇ ਨਹੀਂ ਲੱਗੇਗੀ 80 ਰੁਪਏ ਫੀਸ, ਸਰਕਾਰ ਨੇ ਫ਼ੈਸਲਾ ਲਿਆ ਵਾਪਿਸ



ਚੰਡੀਗੜ੍ਹ : ਪੰਜਾਬ ਪੁਲਿਸ ਦੀ ਵੈੱਬਸਾਈਟ ਤੋਂ ਕਿਸੇ ਕੇਸ ਦੀ ਐਫ.ਆਈ.ਆਰ.ਡਾਊਨਲੋਡ ਕਰਨ 'ਤੇ 80 ਰੁਪਏ ਫੀਸ ਲਗਾਉਣ ਦੇ ਫੈਸਲੇ ਨੂੰ ਸਰਕਾਰ ਨੇ ਵਾਪਸ ਲੈ ਲਿਆ ਹੈ। ਇਸ ਸਬੰਧ ਵਿੱਚ ਸਰਕਾਰ ਨੇ ਪਹਿਲਾਂ ਜਾਰੀ ਕੀਤੇ ਨੋਟੀਫਿਕੇਸ਼ਨ ਨੂੰ ਵੀ ਰੱਦ ਕਰ ਦਿੱਤਾ ਹੈ ਅਤੇ ਨਵੇਂ ਹੁਕਮ ਜਾਰੀ ਕਰ ਦਿੱਤੇ ਗਏ ਹਨ। ਇਸ ਤੋਂ ਪਹਿਲਾਂ ਇਹ ਮਾਮਲਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੱਕ ਪਹੁੰਚ ਗਿਆ ਸੀ। ਇਸ ਸਬੰਧੀ ਵਕੀਲਾਂ ਵੱਲੋਂ ਪਟੀਸ਼ਨ ਦਾਇਰ ਕਰਕੇ ਇਸ ਫੈਸਲੇ ਨੂੰ ਵਾਪਸ ਲੈਣ ਦੀ ਮੰਗ ਕੀਤੀ ਗਈ ਸੀ। ਸਰਕਾਰ ਵੱਲੋਂ ਜਾਰੀ ਤਾਜ਼ਾ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ FIR ਡਾਊਨਲੋਡ ਕਰਨ 'ਤੇ ਫੀਸ ਲਗਾਉਣ ਦਾ ਫੈਸਲਾ ਵਾਪਸ ਲਿਆ ਜਾਂਦਾ ਹੈ। ਪੰਜਾਬ ਸਰਕਾਰ ਦੇ ਪ੍ਰਸ਼ਾਸਕੀ ਸੁਧਾਰ ਅਤੇ ਸੂਚਨਾ ਤਕਨਾਲੋਜੀ ਵਿਭਾਗ ਦੇ ਹੁਕਮਾਂ ਅਨੁਸਾਰ, ਹੁਣ ਸਾਂਝ ਪੋਰਟਲ ਤੋਂ FIR ਡਾਊਨਲੋਡ ਕਰਨ ਲਈ ਕੋਈ ਫੀਸ ਨਹੀਂ ਲਈ ਜਾਵੇਗੀ। ਇਸੇ ਤਰ੍ਹਾਂ, ਸਾਂਝ ਕੇਂਦਰਾਂ ਤੋਂ ਵੀ੍ ਦੀਆਂ ਕਾਪੀਆਂ ਪ੍ਰਾਪਤ ਕਰਨ ਲਈ ਵੀ ਬਿਨੈਕਾਰਾਂ ਤੋਂ ਕੋਈ ਫੀਸ ਨਹੀਂ ਲਈ ਜਾਵੇਗੀ। ਇਸ ਸੇਵਾ ਲਈ ਪਹਿਲਾਂ ਜੋ 80 ਰੁਪਏ ਦਾ ਸੇਵਾ ਸ਼ੁਲਕ ਨਿਰਧਾਰਤ ਸੀ, ਉਸ ਨੂੰ ਤੁਰੰਤ ਪ੍ਰਭਾਵ ਨਾਲ ਵਾਪਸ ਲੈ ਲਿਆ ਗਿਆ ਹੈ। ਦੱਸ ਦਈਏ ਕਿ ਦੇਰ ਰਾਤ ਨੂੰ ਜਾਰੀ ਸਰਕਾਰੀ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਇਹ ਹੁਕਮ ਤੁਰੰਤ ਪ੍ਰਭਾਵ ਨਾਲ ਲਾਗੂ ਕਰ ਦਿੱਤਾ ਗਿਆ ਹੈ। ਦੱਸ ਦਈਏ ਕਿ ਬੀਤੇ ਕੱਲ੍ਹ ਇਹ ਮਾਮਲਾ ਪੰਜਾਬ-ਹਰਿਆਣਾ ਹਾਈ ਕੋਰਟ ਵਿੱਚ ਪਹੁੰਚਿਆ। ਐਡਵੋਕੇਟ ਵਾਸੂ ਰੰਜਨ ਸ਼ਾਂਡਿਲਿਆ ਅਤੇ ਅਭਿਸ਼ੇਕ ਮਲਹੋਤਰਾ ਨੇ ਪਟੀਸ਼ਨ ਦਾਇਰ ਕੀਤੀ। ਪਟੀਸ਼ਨ 'ਚ ਉਨ੍ਹਾਂ ਕਿਹਾ ਕਿਸਾਂਝ ਪੋਰਟਲ/ਐਪ ਤੋਂ FIR ਡਾਊਨਲੋਡ ਕਰਨ ਲਈ 80 ਰੁਪਏ ਲਏ ਜਾ ਰਹੇ ਹਨ ਜੋ ਕਿ ਗਲਤ ਹੈ। ਉਨ੍ਹਾਂ ਕਿਹਾ ਕਿ ਕਾਨੂੰਨ ਦੇ ਨਿਯਮ ਕਹਿੰਦੇ ਹਨ ਕਿ FIR ਦੀ ਕਾਪੀ ਪੀੜਤ ਜਾਂ ਸ਼ਿਕਾਇਤਕਰਤਾ ਨੂੰ ਮੁਫ਼ਤ ਮਿਲਣੀ ਚਾਹੀਦੀ ਹੈ। ਸੁਪਰੀਮ ਕੋਰਟ ਵੀ ਪਹਿਲਾਂ ਕਹਿ ਚੁੱਕੀ ਹੈ ਕਿ FIR ਆਨਲਾਈਨ ਪਾਈ ਜਾਣੀ ਚਾਹੀਦੀ ਹੈ, ਤਾਂ ਜੋ ਲੋਕ ਇਸ ਨੂੰ ਮੁਫ਼ਤ ਵਿੱਚ ਦੇਖ ਅਤੇ ਡਾਊਨਲੋਡ ਕਰ ਸਕਣ। ਪੁਰਾਣੇ ਪੁਲਿਸ ਨਿਯਮਾਂ ਵਿੱਚ ਵੀ ਲਿਖਿਆ ਹੈ ਕਿ FIR ਦੀ ਕਾਪੀ ਲਈ ਕੋਈ ਪੈਸਾ ਨਹੀਂ ਲਿਆ ਜਾਵੇਗਾ।

ਪਟੀਸ਼ਨ ਵਿੱਚ ਇਹ ਵੀ ਕਿਹਾ ਗਿਆ ਕਿ ਪੈਸੇ ਲੈਣਾ ਲੋਕਾਂ ਦੇ ਮੌਲਿਕ ਅਧਿਕਾਰਾਂ ਦੇ ਖ਼ਿਲਾਫ਼ ਹੈ, ਕਿਉਂਕਿ ਇਸ ਨਾਲ ਗਰੀਬ ਲੋਕਾਂ ਨੂੰ ਇਨਸਾਫ਼ ਲੈਣ ਵਿੱਚ ਮੁਸ਼ਕਲ ਆਉਂਦੀ ਹੈ। FIR ਇੱਕ ਜਨਤਕ ਦਸਤਾਵੇਜ਼ ਹੈ, ਇਸ ਲਈ ਇਸ ਨੂੰ ਦੇਖਣ ਜਾਂ ਲੈਣ ਲਈ ਵੱਖਰੇ ਤੌਰ 'ਤੇ ਪੈਸੇ ਨਹੀਂ ਲੈਣੇ ਚਾਹੀਦੇ।

# ਲਾਲਜੀਤ ਭੁੱਲਰ ਨੂੰ ਹਟਾਉਣਾ ਅਤੇ ਗ੍ਰਿਫ਼ਤਾਰ ਕਰਨਾ ਪੰਜਾਬ 'ਚ ਗਲਤ ਕੰਮਾਂ ਪ੍ਰਤੀ ਜ਼ੀਰੋ ਟਾਲਰੈਂਸ ਨੂੰ ਦਰਸਾਉਂਦਾ ਹੈ: ਅਮਨ ਅਰੋੜਾ



ਚੰਡੀਗੜ੍ਹ: ਜਵਾਬਦੇਹੀ ਵਾਲੇ ਸ਼ਾਸਨ ਅਤੇ ਸਿਆਸੀ ਸਰਪ੍ਰਸਤੀ ਦੇ ਸੱਭਿਆਚਾਰ ਵਿਚਕਾਰ ਇੱਕ ਸਪੱਸ਼ਟ ਲਕੀਰ ਖਿੱਚਦਿਆਂ, ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਨੇ ਲਾਲਜੀਤ ਭੁੱਲਰ ਨੂੰ ਤੁਰੰਤ ਹਟਾਉਣ ਅਤੇ ਗ੍ਰਿਫਤਾਰ ਕਰਨ ਸਮੇਤ ਗਲਤ ਕੰਮਾਂ ਵਿਰੁੱਧ ਤੇਜ਼ੀ ਅਤੇ ਦ੍ਰਿੜਤਾ ਨਾਲ ਕਾਰਵਾਈ ਕਰਕੇ ਇੱਕ ਨਵਾਂ ਮਾਪਦੰਡ ਸਥਾਪਿਤ ਕੀਤਾ ਹੈ। 'ਆਪ' ਪੰਜਾਬ ਦੇ ਸੂਬਾ ਪ੍ਰਧਾਨ ਨੇ ਰੇਖਾਂਕਿਤ ਕੀਤਾ ਕਿ ਜਿੱਥੇ 'ਆਪ' ਸਰਕਾਰ ਵਿੱਚ ਆਪਣੇ ਹੀ ਲੋਕਾਂ ਵਿਰੁੱਧ ਕਾਰਵਾਈ ਕਰਨ ਅਤੇ ਸੱਚਾਈ ਨੂੰ ਬਰਕਰਾਰ ਰੱਖਣ ਦੀ ਹਿੰਮਤ ਹੈ, ਉੱਥੇ ਹੀ ਭਾਜਪਾ ਦੀ ਅਗਵਾਈ ਵਾਲੀ ਹਰਿਆਣਾ ਸਰਕਾਰ ਏਡੀਜੀਪੀ ਦੀ ਦੁਖਦਾਈ ਖੁਦਕੁਸ਼ੀ ਦੇ ਮਾਮਲੇ ਵਿੱਚ ਮੁਲਜ਼ਮਾਂ ਨੂੰ ਬਚਾ ਰਹੀ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਕਾਂਗਰਸ ਅਤੇ ਅਕਾਲੀ ਦਲ ਦੀਆਂ ਸਰਕਾਰਾਂ ਰਵਾਇਤੀ ਤੌਰ 'ਤੇ ਬਿਨਾਂ ਕਿਸੇ ਜਾਂਚ ਦੇ ਕਲੀਨ ਚਿੱਟਾਂ ਵੰਡਦੀਆਂ ਸਨ।

ਮੀਡੀਆ ਦੇ ਇੱਕ ਸਵਾਲ ਦਾ ਜਵਾਬ ਦਿੰਦਿਆਂ ਅਮਨ ਅਰੋੜਾ ਨੇ ਪਾਰਦਰਸ਼ਤਾ ਅਤੇ ਜਵਾਬਦੇਹੀ ਪ੍ਰਤੀ 'ਆਪ' ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਕਿਹਾ ਕਿ ਗਲਤ ਕੰਮਾਂ ਵਿਰੁੱਧ ਤੁਰੰਤ ਕਾਰਵਾਈ ਕਰਕੇ ਸਰਕਾਰ ਨੇ ਆਪਣੀ ਨੀਅਤ ਸਪੱਸ਼ਟ ਕਰ ਦਿੱਤੀ ਹੈ।

ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਨੀਅਤ ਦੀ ਸਪੱਸ਼ਟਤਾ ਹਰ ਕੋਈ ਦੇਖ ਸਕਦਾ ਹੈ। ਸਾਡੀ ਸਰਕਾਰ ਦੋਸ਼ਾਂ 'ਤੇ ਤੁਰੰਤ ਕਾਰਵਾਈ ਕਰਦੀ ਹੈ। ਲਾਲਜੀਤ ਭੁੱਲਰ ਨੂੰ ਤੁਰੰਤ ਹਟਾਇਆ ਗਿਆ ਅਤੇ ਗ੍ਰਿਫਤਾਰ ਕੀਤਾ ਗਿਆ। ਅਸੀਂ ਜਵਾਬਦੇਹੀ ਲਈ ਵਚਨਬੱਧ ਹਾਂ। ਇਸ ਦੇ ਉਲਟ, ਭਾਜਪਾ ਦੀ ਅਗਵਾਈ ਵਾਲੀ ਹਰਿਆਣਾ ਸਰਕਾਰ ਏਡੀਜੀਪੀ ਦੀ ਦੁਖਦਾਈ ਖੁਦਕੁਸ਼ੀ ਦੇ ਮੁਲਜ਼ਮਾਂ ਨੂੰ ਸ਼ਹਿ ਦੇ ਰਹੀ ਹੈ।

ਪਿਛਲੀਆਂ ਸਰਕਾਰਾਂ ਨਾਲ ਤਿੱਖਾ ਵਿਰੋਧ ਪ੍ਰਗਟ ਕਰਦਿਆਂ ਅਮਨ ਅਰੋੜਾ ਨੇ ਜ਼ੋਰ ਦੇ ਕੇ ਕਿਹਾ ਕਿ 'ਆਪ' ਸਰਕਾਰ ਸੱਤਾ ਵਿੱਚ ਬੈਠੇ ਲੋਕਾਂ ਨੂੰ ਬਚਾਉਣ ਦੇ ਪੁਰਾਣੇ ਸੱਭਿਆਚਾਰ ਦੀ ਪਾਲਣਾ ਨਹੀਂ ਕਰਦੀ, ਸਗੋਂ ਸੱਚ ਅਤੇ ਜਵਾਬਦੇਹੀ ਨੂੰ ਸਰਵਉੱਚ ਰੱਖਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਤੁਸੀਂ ਕਾਂਗਰਸ ਅਤੇ ਅਕਾਲੀ ਦਲ ਦੇ ਸ਼ਾਸਨ ਨੂੰ ਦੇਖੋ, ਤਾਂ ਉਨ੍ਹਾਂ ਦੇ ਨੇਤਾਵਾਂ ਨੂੰ ਗੰਭੀਰ ਦੋਸ਼ਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਪਰ ਬਿਨਾਂ ਕਿਸੇ ਜਾਂਚ ਦੇ ਮਿੰਟਾਂ ਵਿੱਚ ਹੀ ਕਲੀਨ ਚਿੱਟ ਮਿਲ ਜਾਂਦੀ ਸੀ। 'ਆਪ' ਸਰਕਾਰ ਵੱਖਰੀ ਹੈ। ਸਾਡੇ ਵਿੱਚ ਸੱਚ ਬੋਲਣ, ਗਲਤੀ ਨੂੰ ਸਵੀਕਾਰ ਕਰਨ ਦੀ ਹਿੰਮਤ ਹੈ ਅਤੇ ਅਸੀਂ ਆਪਣੇ ਬੰਦਿਆਂ ਨੂੰ ਵੀ ਨਹੀਂ ਬਚਾਉਂਦੇ।

# ਕਾਂਗਰਸ ਨੂੰ ਦਫ਼ਤਰ ਖਾਲੀ ਕਰਨ ਦਾ ਨੋਟਿਸ ਜਾਰੀ, 28 ਮਾਰਚ ਤੱਕ ਦਾ ਮਿਲਿਆ ਸਮਾਂ

ਨਵੀ ਦਿੱਲੀ : ਨੈਸ਼ਨਲ ਕਾਂਗਰਸ ਨੂੰ 24 ਅਕਬਰ ਰੋਡ, ਦਿੱਲੀ ਵਿਖੇ ਆਪਣਾ ਪੁਰਾਣਾ ਮੁੱਖ ਦਫਤਰ ਅਤੇ 5 ਰਾਏਸੀਨਾ ਰੋਡ ਵਿਖੇ ਯੂਥ ਕਾਂਗਰਸ ਦਫ਼ਤਰ ਖਾਲੀ ਕਰਨ ਦਾ ਨੋਟਿਸ ਜਾਰੀ ਹੋਇਆ ਹੈ। ਰਿਪੋਰਟਾਂ ਅਨੁਸਾਰ, ਪਾਰਟੀ ਨੂੰ 28 ਮਾਰਚ ਤੱਕ ਦੋਵੇਂ ਦਫ਼ਤਰ ਖਾਲੀ ਕਰਨ ਦਾ ਹੁਕਮ ਦਿੱਤਾ ਗਿਆ ਹੈ। ਕਾਂਗਰਸ ਨੇ ਇੰਦਰਾ ਭਵਨ ਵਿਖੇ ਆਪਣੇ ਨਵੇਂ ਹੈੱਡਕੁਆਰਟਰ ਦਾ ਉਦਘਾਟਨ ਪਹਿਲਾਂ ਹੀ ਕਰ ਦਿੱਤਾ ਹੈ, ਪਰ ਪੁਰਾਣੇ ਬੰਗਲੇ 24 ਅਕਬਰ ਰੋਡ ਤੋਂ ਅਜੇ ਤੱਕ ਤਬਾਦਲਾ ਨਹੀਂ ਕੀਤਾ ਸੀ। ਇਸ ਕਾਰਨ ਪਾਰਟੀ ਦੀਆਂ ਸਰਗਰਮੀਆਂ ਲਗਾਤਾਰ ਇਸੇ ਥਾਂ ਤੋਂ ਜਾਰੀ ਸਨ। ਦੂਜੇ ਪਾਸੇ, ਕਾਂਗਰਸ ਨੇਤਾ ਪਵਨ ਖੇੜਾ ਨੇ ਕਿਹਾ, "ਸਾਡੇ 24 ਅਕਬਰ ਰੋਡ ਸਥਿਤ ਦਫ਼ਤਰ ਅਤੇ ਯੂਥ ਕਾਂਗਰਸ ਦੇ ਦਫ਼ਤਰ ਨੂੰ ਇੱਕ ਨੋਟਿਸ ਮਿਲਿਆ ਹੈ। ਅੱਜ ਪੂਰੇ ਦੇਸ਼ ਦੀ ਤਰਜੀਹ ਕੀ ਹੈ? ਦੇਸ਼ ਦੀ ਤਰਜੀਹ ਇਹ ਹੈ ਕਿ ਲੋਕਾਂ ਨੂੰ LPG ਦੀਆਂ ਲਾਈਨਾਂ ਵਿੱਚ ਨਾ ਫਸਣਾ ਪਵੇ, ਕਾਲਾਬਜ਼ਾਰੀ ਵਿੱਚ ਸਿਲੰਡਰ ਨਾ ਖਰੀਦਣਾ ਪਵੇ, ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਦਾ ਬੋਝ ਨਾ ਉਠਾਉਣਾ ਪਵੇ ਅਤੇ ਮਹਿੰਗਾਈ ਦੀ ਮਾਰ ਨਾ ਝੱਲਣੀ ਪਵੇ। ਸਾਡੇ ਗਰਮ ਮਸਾਲੇ, ਕੇਲੇ, ਅੰਗੂਰ, ਹਲਦੀ ਅਤੇ ਬਾਸਮਤੀ ਚੌਲਾਂ ਦੇ ਕਿਸਾਨ—ਇਨ੍ਹਾਂ ਸਭ ਦੀ ਹਾਲਤ ਅਜੇ ਲਟਕੀ ਹੋਈ ਹੈ। ਇਹੀ ਦੇਸ਼ ਦੀ ਤਰਜੀਹ ਹੈ। ਉਨ੍ਹਾਂ ਕਿਹਾ ਕਿ "ਪਰ ਸਰਕਾਰ ਦੀ ਤਰਜੀਹ ਅੱਜ ਤੁਹਾਡੇ ਸਾਹਮਣੇ ਹੈ। ਸਰਕਾਰ ਨੇ ਇਨ੍ਹਾਂ ਸਾਰੇ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰਨ ਨੂੰ ਤਰਜੀਹ ਦਿੱਤੀ ਹੈ—ਦੇਸ਼ ਦੀਆਂ ਸੁਰਖੀਆਂ ਨੂੰ ਆਪਣੇ ਹਿਸਾਬ ਨਾਲ ਚਲਾਉਣ ਨੂੰ, ਲੋਕਾਂ ਨੂੰ ਉਲਝਾ ਕੇ ਰੱਖਣ ਨੂੰ, ਅਤੇ ਵਿਰੋਧੀ ਧਿਰ ਦਾ ਮੂੰਹ ਬੰਦ ਕਰਨ ਨੂੰ; ਤਾਂ ਜੋ ਉਹ ਇਨ੍ਹਾਂ ਮੁੱਦਿਆਂ ਨੂੰ ਉਠਾ ਨਾ ਸਕਣ, ਸਵਾਲ ਨਾ ਪੁੱਛ ਸਕਣ, ਪ੍ਰੈੱਸ ਕਾਨਫਰੰਸ ਨਾ ਕਰ ਸਕਣ " ਇਸ ਤੋਂ ਇਲਾਵਾ ਦਫ਼ਤਰ ਖਾਲੀ ਕਰਨ ਦੇ ਨੋਟਿਸ 'ਤੇ ਪਾਰਟੀ ਸਾਂਸਦ ਇਮਰਾਨ ਮਸੂਦ ਨੇ ਕਿਹਾ, "ਸਰਕਾਰ ਨੂੰ ਲੱਗਦਾ ਹੈ ਕਿ ਸਾਡੇ 'ਤੇ ਦਬਾਅ ਬਣਾ ਕੇ ਉਹ ਕਾਂਗਰਸ ਨੂੰ ਚੁੱਪ ਕਰਵਾ ਸਕਦੀ ਹੈ। ਉਨ੍ਹਾਂ ਨੂੰ ਸਾਨੂੰ ਡਰਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਕੀ ਉਨ੍ਹਾਂ ਨੇ 11, ਅਸ਼ੋਕ ਰੋਡ ਜਾਂ ਪੰਤ ਮਾਰਗ ਸਥਿਤ ਭਾਜਪਾ (BJP) ਦਾ ਦਫ਼ਤਰ ਖਾਲੀ ਕਰਵਾਇਆ ਹੈ?

# LMIA ਤੋਂ ਬਗੈਰ ਵਰਕ ਪਰਮਿਟ ਜਾਰੀ ਰਹਿਣਗੇ

## * ਕੈਨੇਡਾ ਸਰਕਾਰ ਨੇ ਇੰਮੀਗ੍ਰੇਸ਼ਨ ਯੋਜਨਾ 2 ਸਾਲ ਵਧਾਈ

## * ਜੀਵਨ ਸਾਥੀਆਂ ਨੂੰ ਓਪਨ ਵਰਕ ਪਰਮਿਟ ਦੀ ਸਹੂਲਤ ਵੀ ਮਿਲੇਗੀ



ਟੋਰਾਂਟੋ : ਕੈਨੇਡਾ ਸਰਕਾਰ ਨੇ ਪੰਜਾਬੀ ਨੌਜਵਾਨਾਂ ਦੇ ਦਿਲ ਦੀ ਗੱਲ ਸੁਣਦਿਆਂ ਐਲ.ਐਮ.ਆਈ.ਏ. ਤੋਂ ਬਗੈਰ ਵਰਕ ਪਰਮਿਟ ਜਾਰੀ ਕਰਨ ਵਾਲੀ ਇੰਮੀਗ੍ਰੇਸ਼ਨ ਯੋਜਨਾ 2 ਸਾਲ ਵਾਸਤੇ ਵਧਾ ਦਿਤੀ ਹੈ। ਜੀ ਹਾਂ, ਇੰਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਸੇਵਾਵਾਂ ਵਿਭਾਗ ਨੇ ਦੱਸਿਆ ਕਿ ਲੇਬਰ ਮਾਰਕਿਟ ਇੰਪੈਕਟ ਅਸੈਸਮੈਂਟ ਤੋਂ ਬਿਨਾਂ ਵਰਕ ਪਰਮਿਟ ਵਾਲਾ ਪ੍ਰੋਗਰਾਮ ਹੁਣ 22 ਮਾਰਚ 2028 ਤੱਕ ਜਾਰੀ ਰਹੇਗਾ ਅਤੇ ਟੀਅਰ 0 ਜਾਂ ਟੀਅਰ 1 ਵਿਚ ਸ਼ਾਮਲ ਕਿੱਤਿਆਂ ਅਧੀਨ ਵਰਕ ਪਰਮਿਟ ਮੰਗਣ ਵਾਲਿਆਂ ਦੀਆਂ ਅਰਜ਼ੀਆਂ ਫ਼ਾਸਟ ਪ੍ਰੋਸੈਸਿੰਗ ਸ਼੍ਰੇਣੀ ਤਹਿਤ ਵਿਚਾਰੀਆਂ ਜਾਣਗੀਆਂ। ਇਨੋਵੇਸ਼ਨ ਸਟ੍ਰੀਮ ਵਾਲੇ ਵਰਕ ਪਰਮਿਟ ਉਨ੍ਹਾਂ ਵਿਦੇਸ਼ੀ ਨਾਗਰਿਕਾਂ ਨੂੰ ਮਿਲਦੇ ਹਨ ਜੋ ਗਲੋਬਲ ਹਾਈਪਰ ਗ੍ਰੋਥ ਪ੍ਰੋਜੈਕਟ ਦਾ ਹਿੱਸਾ ਬਣੀਆਂ ਕੰਪਨੀਆਂ ਵਿਚ ਨੌਕਰੀ ਚਾਹੁੰਦੇ ਹੋਣ।

ਇਸ ਵੇਲੇ ਲਾਈਟ ਸਪੀਡ ਕਾਮਰਸ, ਵੀਵੋ ਕ੍ਰੌਪ ਪ੍ਰੋਟੈਕਸ਼ਨ, ਡੂਸ਼ੇਨੇ ਫ਼ਾਰਮਾਸੂਟੀਕਲ ਗਰੁੱਪ, ਕਲੀਓ, ਕਲੇਰੀਅਸ ਮੋਬਾਈਲ ਹੈਲਥ ਅਤੇ ਸੈੱਲ ਕਾਰਟ ਵਰਗੀਆਂ ਅੱਠ ਕੰਪਨੀਆਂ ਪ੍ਰੋਜੈਕਟ ਵਿਚ ਸ਼ਾਮਲ ਹਨ। ਵਰਕ ਪਰਮਿਟ ਦੀ ਇਸ ਯੋਜਨਾ ਅਧੀਨ ਟੀਅਰ 0 ਜਾਂ ਟੀਅਰ 1 ਕਿੱਤਿਆਂ ਅਧੀਨ ਵਰਕ ਪਰਮਿਟ ਹਾਸਲ ਕਰਨ ਵਾਲੇ ਵਿਦੇਸ਼ ਨਾਗਰਿਕਾਂ ਦੇ ਜੀਵਨ ਸਾਥੀ ਓਪਨ ਵਰਕ ਪਰਮਿਟ ਦੇ ਹੱਕਦਾਰ ਬਣ ਜਾਂਦੇ ਹਨ। ਇਥੇ ਦਸਣਾ ਬਣਦਾ ਹੈ ਕਿ ਕੈਨੇਡਾ ਵਿਚ ਜ਼ਿਆਦਾਤਰ ਨੌਕਰੀਆਂ ਵਾਸਤੇ ਵਰਕ ਪਰਮਿਟ ਜਾਰੀ ਕਰਦਿਆਂ ਰੁਜ਼ਗਾਰ ਅਤੇ ਸਮਾਜਿਕ ਵਿਕਾਸ ਵਿਭਾਗ ਤੋਂ ਹਾਂਪੱਖੀ ਐਲ.ਐਮ.ਆਈ.ਏ. ਹਾਸਲ ਕਰਨਾ ਹੁੰਦਾ ਹੈ।

ਰੁਜ਼ਗਾਰ ਅਤੇ ਸਮਾਜਿਕ ਵਿਕਾਸ ਵਿਭਾਗ ਦੀ ਹਰੀ ਝੰਡੀ ਦਰਸਾਉਂਦੀ ਹੈ ਕਿ ਸਬੰਧਤ ਕੰਪਨੀ ਜਾਂ ਇੰਪਲੌਇਰ ਨੂੰ ਕੈਨੇਡਾ ਵਿਚ ਢੁਕਵੇਂ ਕਿਰਤੀ ਨਹੀਂ ਮਿਲ ਰਹੇ ਅਤੇ ਉਹ ਵਿਦੇਸ਼ੀ ਕਾਮੇ ਨੂੰ ਭਰਤੀ ਕਰਨਾ ਚਾਹੁੰਦੇ ਹਨ ਪਰ ਇਸ ਨਾਲ ਕੈਨੇਡੀਅਨ ਕਿਰਤੀ ਬਾਜ਼ਾਰ ਉਤੇ ਕੋਈ ਮਾੜਾ ਅਸਰ ਨਹੀਂ ਪਵੇਗਾ। 6 ਫ਼ੀ ਸਦੀ ਤੋਂ ਵੱਧ ਬੇਰੁਜ਼ਗਾਰੀ ਵਾਲੇ ਇਲਾਕਿਆਂ ਵਿਚ ਇਸ ਵੇਲੇ ਐਲ.ਐਮ.ਆਈ.ਏ. 'ਤੇ ਪਾਬੰਦੀ ਲੱਗੀ ਹੋਈ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਪਿਛਲੇ ਦਿਨੀਂ ਐਚ-1ਬੀ ਕਾਮਿਆਂ ਨੂੰ ਮੁਲਕ ਵਿਚ ਸੱਦਣ ਦੀ ਇੱਛਾ ਜ਼ਾਹਰ ਕੀਤੀ ਗਈ ਜੋ ਇਕ ਲੱਖ ਡਾਲਰ ਦੀ ਫ਼ੀਸ ਲਾਗੂ ਹੋਣ ਕਰ ਕੇ ਅਮਰੀਕਾ ਜਾਣ ਦੇ ਸਮਰੱਥ ਨਹੀਂ। ਮੌਜੂਦਾ ਵਰ੍ਹੇ ਦੌਰਾਨ ਕੈਨੇਡਾ ਵਿਚ ਸ਼੍ਰੇਣੀਆਂ ਦੇ ਆਧਾਰ 'ਤੇ ਪਰਮਾਨੈਂਟ ਰੈਜ਼ੀਡੈਂਸੀ ਦਾ ਘੇਰਾ ਵਧਾਇਆ ਗਿਆ ਹੈ ਅਤੇ ਕੈਨੇਡੀਅਨ ਤਜਰਬੇ ਵਾਲੇ ਟੈਕ ਕਾਮਿਆਂ ਜਾਂ ਖੋਜੀ ਵਿਗਿਆਨੀਆਂ ਨੂੰ ਤਰਜੀਹ ਦਿਤੀ ਜਾ ਰਹੀ ਹੈ।



## ਡੀਐਮ ਰੰਧਾਵਾ ਖੁਦਕੁਸ਼ੀ ਮਾਮਲਾ:

# ਸਾਬਕਾ ਮੰਤਰੀ ਲਾਲਜੀਤ ਭੁੱਲਰ ਗ੍ਰਿਫ਼ਤਾਰ



ਚੰਡੀਗੜ੍ਹ : ਪੰਜਾਬ ਵੇਅਰਹਾਊਸ ਕਾਰਪੋਰੇਸ਼ਨ ਦੇ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਦੀ ਖੁਦਕੁਸ਼ੀ ਦੇ ਮਾਮਲੇ ਵਿੱਚ ਸਾਬਕਾ ਮੰਤਰੀ ਲਾਲਜੀਤ ਭੁੱਲਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਅੰਮ੍ਰਿਤਸਰ ਦੇ ਡੀਸੀਪੀ ਰਵਿੰਦਰ ਪਾਲ ਨੇ ਕਿਹਾ ਕਿ ਫਤਿਹਗੜ੍ਹ ਸਾਹਿਬ ਪੁਲਿਸ ਦੀ ਮਦਦ ਨਾਲ ਉਨ੍ਹਾਂ ਨੇ ਮੰਡੀ ਗੋਵਿੰਦਗੜ੍ਹ ਤੋਂ ਲਾਲਜੀਤ ਸਿੰਘ ਭੁੱਲਰ ਨੂੰ ਗ੍ਰਿਫ਼ਤਾਰ ਕੀਤਾ। ਡੀਸੀਪੀ ਨੇ ਕਿਹਾ, "ਭੁੱਲਰ ਨੂੰ ਅੰਮ੍ਰਿਤਸਰ ਲਿਆਂਦਾ ਜਾ ਰਿਹਾ ਹੈ। ਉਸਨੂੰ ਕੱਲ੍ਹ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।"

ਲਾਲਜੀਤ ਭੁੱਲਰ ਦੀ ਗਿਰਫਤਾਰੀ ਤੋਂ ਬਾਅਦ ਮੁਖ ਮੰਤਰੀ ਮਾਨ ਨੇ ਸੋਸ਼ਲ ਮੀਡੀਆ ਤੇ ਇਕ ਪੋਸਟ ਸਾਂਝੀ ਕੀਤੀ। ਉਨ੍ਹਾਂ ਸਾਂਝੀ ਕੀਤੀ ਪੋਸਟ ਚ ਕਿਹਾ ਕਿ "ਮੇਰੇ ਲਈ ਸਾਰਾ ਪੰਜਾਬ ਹੀ ਇੱਕ ਪਰਿਵਾਰ ਹੈ..ਪੰਜਾਬ ਚ ਕੋਈ ਵੀ ਜੇਕਰ ਕਾਨੂੰਨ ਦੀ ਉਲੰਘਣਾ ਕਰੇਗਾ ਉਸ ਵਿਰੁੱਧ ਸਖ਼ਤ ਕਾਰਵਾਈ ਹੋਵੇਗੀ ਭਾਵੇਂ ਉਹ ਕਿਸੇ ਵੀ ਅਹੁਦੇ ਉੱਤੇ ਜਾਂ ਮੇਰਾ ਕੋਈ ਸਕਾ-ਸੰਬੰਧੀ ਜਾਂ ਰਸੂਖਦਾਰ ਹੋਵੇ..ਕਿਸੇ ਦੀ ਪੁਸ਼ਤ ਪਨਾਹੀ ਕਰਨੀ ਸਾਡੀ ਪਾਰਟੀ ਦਾ ਏਜੰਡਾ ਨਹੀਂ ਹੈ..ਕੈਸ਼ ਅਤੇ ਫਰਮਾਇਸ਼ ਦੀ ਸਖ਼ਤ ਮਨਾਹੀ ਹੈ"

ਇਸ ਤੋਂ ਪਹਿਲਾ ਪੁਲਿਸ ਨੇ ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ, ਉਨ੍ਹਾਂ ਦੇ ਪਿਤਾ ਸੁਖਦੇਵ ਸਿੰਘ ਅਤੇ ਪੀ.ਏ. (PA) ਦਿਲਬਾਗ ਸਿੰਘ ਦੇ ਖ਼ਿਲਾਫ਼ ਖ਼ੁਦਕੁਸ਼ੀ ਲਈ ਉਕਸਾਉਣ, ਧਮਕਾਉਣ ਅਤੇ ਸਾਜ਼ਿਸ਼ ਰਚਣ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਸੀ। ਮ੍ਰਿਤਕ ਦੀ ਪਤਨੀ ਉਪਿੰਦਰ ਕੌਰ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਤੱਕ ਪੋਸਟਮਾਰਟਮ ਅਤੇ ਅੰਤਿਮ ਸੰਸਕਾਰ ਨਾ ਕਰਨ ਦੀ ਜ਼ਿੱਦ 'ਤੇ ਅੜੀ ਹੋਈ ਸੀ। ਦੱਸ ਦਈਏ ਕਿ ਸ਼ਨਿਵਾਰ ਸਵੇਰੇ ਪੰਜਾਬ ਵੇਅਰ ਹਾਊਸ ਕਾਰਪੋਰੇਸ਼ਨ ਦੇ ਡੀਐਮ ਗਗਨਦੀਪ ਸਿੰਘ ਰੰਧਾਵਾ ਨੇ ਸਲਫਾਸ ਨਿਗਲ ਕੇ ਆਪਣੀ ਜਾਨ ਦੇ ਦਿੱਤੀ ਸੀ। ਮੌਤ ਤੋਂ ਪਹਿਲਾਂ ਡੀਐਮ ਗਗਨਦੀਪ ਸਿੰਘ ਰੰਧਾਵਾ ਨੇ ਵੀਡੀਓ ਬਣਾਈ ਸੀ, ਜਿਸ 'ਚ ਉਸ ਨੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਆਪਣੀ ਮੌਤ ਦਾ ਜ਼ਿੰਮੇਵਾਰ ਦੱਸਿਆ। ਨਾਲ ਹੀ ਭੁੱਲਰ 'ਤੇ ਕਈ ਵੱਡੇ ਇਲਜ਼ਾਮ ਵੀ ਲਗਾਏ।

# ਕੈਲਗਰੀ ਦੀ ਸਾਬਕਾ ਮੇਅਰ Jyoti Gondak ਦੇ ਘਰ 'ਤੇ ਛਾਪਾ

## ਆਰ.ਸੀ.ਐਮ.ਪੀ. ਨੇ ਮੋਬਾਈਲ ਫ਼ੋਨ ਜ਼ਬਤ ਕੀਤਾ



ਕੈਲਗਰੀ : ਕੈਲਗਰੀ ਦੀ ਸਾਬਕਾ ਮੇਅਰ ਜੋਤੀ ਗੌਂਡਕ ਦੇ ਘਰ 'ਤੇ ਆਰ.ਸੀ.ਐਮ.ਪੀ. ਦੇ ਅਫ਼ਸਰਾਂ ਵੱਲੋਂ ਛਾਪਾ ਮਾਰੇ ਜਾਣ ਦਾ ਹੈਰਾਨਕੁੰਨ ਮਾਮਲਾ ਸਾਹਮਣੇ ਆਇਆ ਹੈ। ਮੀਡੀਆ ਰਿਪੋਰਟਾਂ ਮੁਤਾਬਕ ਇਹ ਕਾਰਵਾਈ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਪੜਤਾਲ ਕਰਦਿਆਂ ਕੀਤੀ ਗਈ। ਜੋਤੀ ਗੌਂਡਕ ਜਿਨ੍ਹਾਂ ਦੇ ਬਚਪਨ ਦਾ ਨਾਂ ਪ੍ਰਭਜੋਤ ਕੌਰ ਗਰੇਵਾਲ ਹੈ, 2021 ਤੋਂ 2025 ਦਰਮਿਆਨ ਕੈਲਗਰੀ ਦੇ ਮੇਅਰ ਰਹੇ ਅਤੇ ਪੁਲਿਸ ਵੱਲੋਂ ਛਾਪੇਮਾਰੀ ਦੌਰਾਨ ਮੋਬਾਈਲ ਫ਼ੋਨ ਜ਼ਬਤ ਕੀਤਾ ਗਿਆ ਹੈ। ਗਲੋਬਲ ਨਿਊਜ਼ ਦੀ ਰਿਪੋਰਟ ਮੁਤਾਬਕ ਜੋਤ ਗੌਂਡਕ ਨੇ ਕਿਹਾ ਕਿ ਕਾਨੂੰਨੀ ਪ੍ਰਕਿਰਿਆ ਵਿਚ ਉਨ੍ਹਾਂ ਵੱਲੋਂ ਪੂਰਨ ਸਹਿਯੋਗ ਦਿਤਾ ਗਿਆ। ਸਾਬਕਾ ਮੇਅਰ ਤੋਂ ਇਲਾਵਾ ਵਾਰਡ 10 ਤੋਂ ਕੌਂਸਲਰ ਆਂਦਰੇ ਸ਼ੈਬੋਅ ਦੇ ਘਰ ਵੀ ਪੁਲਿਸ ਨੇ ਛਾਪਾ ਮਾਰਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪੁਲਿਸ ਦਾ ਛਾਪਾ ਵੱਡੇ ਅਚੰਭੇ ਤੋਂ ਘੱਟ ਨਹੀਂ ਕਿਉਂਕਿ ਉਹ ਭ੍ਰਿਸ਼ਟਾਚਾਰ ਦੇ ਕਿਸੇ ਮਾਮਲੇ ਬਾਰੇ ਨਹੀਂ ਜਾਣਦੇ ਜਿਸ ਦੀ ਪੜਤਾਲ ਚੱਲ ਰਹੀ ਹੋਵੇ। ਸ਼ੈਬੋਅ ਨੇ ਦਾਅਵਾ ਕੀਤਾ ਕਿ ਪੁਲਿਸ ਨੇ ਉਨ੍ਹਾਂ ਤੋਂ ਕੋਈ ਸਵਾਲ ਨਹੀਂ ਪੁੱਛਿਆ ਅਤੇ ਉਹ ਕਿਸੇ ਵੀ ਜਾਂਚ ਦੇ ਘੇਰੇ ਵਿਚ ਨਹੀਂ। ਉਧਰ ਕੈਲਗਰੀ ਦੇ ਮੌਜੂਦਾ ਮੇਅਰ ਜੈਰੋਮੀ ਫ਼ਾਰਕਸ ਦਾ ਕਹਿਣਾ ਸੀ ਕਿ ਉਹ ਹਾਲਾਤ ਬਾਰੇ ਜਾਣੂ ਹਨ ਪਰ ਛਾਪੇ ਤੋਂ ਪਹਿਲਾਂ ਪੁਲਿਸ ਨੇ ਸੰਪਰਕ ਨਹੀਂ ਕੀਤਾ। ਮੇਅਰ ਨੇ ਕਿਹਾ ਕਿ ਕਾਨੂੰਨੀ ਗੁੰਝਲਾਂ ਵਾਲਾ ਮਾਮਲਾ ਹੋਣ ਕਰ ਕੇ ਉਹ ਜ਼ਿਆਦਾ ਟਿੱਪਣੀ ਨਹੀਂ ਕਰ ਸਕੇ। ਇਸੇ ਦੌਰਾਨ ਕੈਲਗਰੀ ਪੁਲਿਸ ਨੇ ਦੱਸਿਆ ਕਿ ਪਿਛਲੇ ਸਾਲ ਆਈ ਇਕ ਸ਼ਿਕਾਇਤ ਅਕਤੂਬਰ ਵਿਚ ਆਰ.ਸੀ.ਐਮ.ਪੀ. ਦੇ ਸਪੁਰਦ ਕੀਤੀ ਗਈ ਪਰ ਪੜਤਾਲ ਬਾਰੇ ਫ਼ਿਲਹਾਲ ਕੋਈ ਜ਼ਿਕਰ ਨਹੀਂ ਕੀਤਾ ਜਾ ਸਕਦਾ। ਦੱਸ ਦੇਈਏ ਕਿ ਜੋਤੀ ਗੌਂਡਕ ਦੇ ਘਰ 'ਤੇ ਛਾਪੇ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਫੈਲੀ ਅਤੇ ਸੋਸ਼ਲ ਮੀਡੀਆ 'ਤੇ ਉਨ੍ਹਾਂ ਦੇ ਪਿਤਾ ਜਸਦੇਵ ਸਿੰਘ ਗਰੇਵਾਲ ਦਾ ਜ਼ਿਕਰ ਵੀ ਕੀਤਾ ਜਾ ਰਿਹਾ ਹੈ ਜੋ ਕਿਸੇ ਵੇਲੇ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਦੇ ਮੈਂਬਰ ਰਹੇ।

# ਪੰਜਾਬ ਦੇ ਚਾਰ ਕਾਂਗਰਸੀ ਸੰਸਦ ਮੈਂਬਰਾਂ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਲਿਖੀ ਚਿੱਠੀ



ਨਵੀਂ ਦਿੱਲੀ : ਪੰਜਾਬ ਦੇ ਕਾਂਗਰਸੀ ਸੰਸਦ ਮੈਂਬਰਾਂ ਨੇ ਗਗਨਦੀਪ ਸਿੰਘ ਰੰਧਾਵਾ ਖੁਦਕੁਸ਼ੀ ਮਾਮਲੇ 'ਚ ਇਨਸਾਫ਼ ਦੀ ਮੰਗ ਕਰਦਿਆਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਚਿੱਠੀ ਲਿਖੀ ਹੈ। ਇਸ ਪੱਤਰ ਰਾਹੀਂ ਸੰਸਦ ਮੈਂਬਰਾਂ ਨੇ ਇਸ ਪੂਰੇ ਮਾਮਲੇ ਦੀ ਸੀ. ਬੀ. ਆਈ. ਜਾਂਚ ਕਰਵਾਉਣ ਦੀ ਜ਼ੋਰਦਾਰ ਮੰਗ ਕੀਤੀ ਹੈ। ਇਸ ਪੱਤਰ 'ਤੇ ਪੰਜਾਬ ਦੇ ਪ੍ਰਮੁੱਖ ਕਾਂਗਰਸੀ ਸੰਸਦ ਮੈਂਬਰਾਂ ਨੇ ਦਸਤਖ਼ਤ ਕੀਤੇ ਹਨ, ਜਿਨ੍ਹਾਂ ਵਿੱਚ ਗੁਰਜੀਤ ਸਿੰਘ ਔਜਲਾ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਧਰਮਬੀਰ ਗਾਂਧੀ ਤੇ ਸੁਖਜਿੰਦਰ ਸਿੰਘ ਰੰਧਾਵਾ ਸ਼ਾਮਲ ਹਨ।

ਸੰਸਦ ਮੈਂਬਰਾਂ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਜਾਂਚ ਕੇਂਦਰੀ ਜਾਂਚ ਏਜੰਸੀ ਦੇ ਹਵਾਲੇ ਕੀਤੀ ਜਾਵੇ ਤਾਂ ਜੋ ਨਿਰਪੱਖ ਜਾਂਚ ਯਕੀਨੀ ਬਣ ਸਕੇ। ਇਸ ਤੋਂ ਇਲਾਵਾ ਉਨ੍ਹਾਂ ਨੇ ਇਹ ਵੀ ਅਪੀਲ ਕੀਤੀ ਹੈ ਕਿ ਇਸ ਕੇਸ 'ਚ ਨਾਮਜ਼ਦ ਮੁਲਜ਼ਮਾਂ ਦੇ ਖ਼ਿਲਾਫ਼ ਤੁਰੰਤ 'ਲੁੱਕ ਆਊਟ ਸਰਕੂਲਰ' ਜਾਰੀ ਕੀਤਾ ਜਾਵੇ, ਤਾਂ ਜੋ ਉਹ ਦੇਸ਼ ਛੱਡ ਕੇ ਫਰਾਰ ਨਾ ਹੋ ਸਕਣ। ਜ਼ਿਕਰਯੋਗ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੋਮਵਾਰ ਨੂੰ ਲੋਕ ਸਭਾ 'ਚ ਬੋਲਦਿਆਂ ਕਿਹਾ ਸੀ ਕਿ ਜੇਕਰ ਪੰਜਾਬ ਦੇ ਸੰਸਦ ਮੈਂਬਰ ਲਿਖਤੀ ਰੂਪ ਵਿੱਚ ਮੰਗ ਕਰਨ ਤਾਂ ਉਹ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਅਧਿਕਾਰੀ ਦੀ ਖ਼ੁਦਕੁਸ਼ੀ ਮਾਮਲੇ ਦੀ ਸੀ. ਬੀ. ਆਈ. ਜਾਂਚ ਕਰਵਾਉਣ ਲਈ ਤਿਆਰ ਹਨ। ਇਸ ਦੇ ਬਾਅਦ ਪੰਜਾਬ ਦੇ ਚਾਰ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ, ਚਰਨਜੀਤ ਸਿੰਘ ਚੰਨੀ, ਸੁਖਜਿੰਦਰ ਸਿੰਘ ਰੰਧਾਵਾ ਅਤੇ ਡਾ.ਧਰਮਵੀਰ ਗਾਂਧੀ ਵੱਲੋਂ ਚਿੱਠੀ ਲਿਖ ਕੇ ਸੀ.ਬੀ.ਆਈ. ਦੀ ਜਾਂਚ ਦੀ ਮੰਗ ਕੀਤੀ ਗਈ ਹੈ।

# ਗਰਭਵਤੀ ਮਹਿਲਾ ਨੂੰ ਕੰਪਨੀ ਨੇ ਨਹੀਂ ਦਿੱਤੀ ਘਰ ਤੋਂ ਕੰਮ ਕਰਨ (WFH) ਦੀ ਇਜਾਜ਼ਤ

## ਦੇਣਾ ਪਵੇਗਾ 200 ਕਰੋੜ ਰੁਪਏ ਜੁਰਮਾਨਾ!



ਵਾਸ਼ਿੰਗਟਨ ਡੀ.ਸੀ: ਅਮਰੀਕਾ ਦੇ ਓਹੀਓ ਰਾਜ ਵਿੱਚ ਇੱਕ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ ਗਰਭਵਤੀ ਔਰਤ ਨੂੰ ਘਰ ਤੋਂ ਕੰਮ ਕਰਨ (WFH) ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰਨਾ ਕੰਪਨੀ ਨੂੰ ਕਾਫੀ ਮਹਿੰਗਾ ਪਿਆ, ਅਦਾਲਤ ਨੇ ਕੰਪਨੀ 'ਤੇ ਭਾਰੀ ਜੁਰਮਾਨਾ ਲਗਾਇਆ ਗਿਆ ਹੈ। ਅਦਾਲਤ ਨੇ ਇੱਕ ਅਮਰੀਕੀ ਕੰਪਨੀ ਨੂੰ ਲਗਭਗ 200 ਕਰੋੜ ਰੁਪਏ ਤੋਂ ਵੱਧ ਦਾ ਜੁਰਮਾਨਾ ਲਗਾਇਆ ਗਿਆ ਹੈ। ਕੰਪਨੀ ਨੂੰ ਇਹ ਰਕਮ ਇੱਕ ਮਹਿਲਾ ਕਰਮਚਾਰੀ ਨੂੰ ਦੇਣੀ ਪਵੇਗੀ ਜਿਸਨੂੰ ਘਰੋਂ ਕੰਮ ਕਰਨ (Work From Home) ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਔਰਤ ਗਰਭਵਤੀ ਸੀ ਅਤੇ ਉਸਦੇ ਡਾਕਟਰ ਨੇ ਉਸਨੂੰ ਉੱਚ-ਜੋਖਮ ਵਾਲੀ ਗਰਭ ਅਵਸਥਾ ਦੇ ਕਾਰਨ ਵੱਧ ਤੋਂ ਵੱਧ ਆਰਾਮ ਕਰਨ ਦੀ ਸਲਾਹ ਦਿੱਤੀ ਸੀ।

ਦੱਸਿਆ ਜਾ ਰਿਹਾ ਹੈ ਕਿ ਅਮਰੀਕੀ ਕੰਪਨੀ 'ਚ ਟੋਟਲ ਕੁਆਲਿਟੀ ਲੌਜਿਸਟਿਕਸ (TQL) ਲਈ ਕੰਮ ਕਰਨ ਵਾਲੀ ਇੱਕ ਔਰਤ ਚੇਲਸੀ ਵਾਲਸ਼ ਨੇ ਫਰਵਰੀ 2021 ਵਿੱਚ ਘਰ ਤੋਂ ਕੰਮ (WFH) ਦੀ ਇਜਾਜ਼ਤ ਲਈ ਬੇਨਤੀ ਕੀਤੀ। ਕੰਪਨੀ ਨੇ ਉਸਨੂੰ ਕੰਮ ਕਰਨ ਲਈ ਦਫ਼ਤਰ ਆਉਣ ਜਾਂ ਬਿਨਾਂ ਤਨਖਾਹ ਤੋਂ ਛੁੱਟੀ ਲੈਣ ਦਾ ਵਿਕਲਪ ਦਿੱਤਾ, ਜਿਸ ਨਾਲ ਉਸਦੀ ਆਮਦਨ ਅਤੇ ਸਿਹਤ ਬੀਮਾ ਪ੍ਰਭਾਵਿਤ ਹੋਣਾ ਸੀ। ਉਸਨੂੰ 22 ਫਰਵਰੀ ਤੋਂ ਕੰਮ 'ਤੇ ਵਾਪਸ ਆਉਣ ਲਈ ਮਜਬੂਰ ਕੀਤਾ ਗਿਆ।

ਲਗਾਤਾਰ ਤਿੰਨ ਦਿਨ ਕੰਮ ਕਰਨ ਤੋਂ ਬਾਅਦ 24 ਫਰਵਰੀ ਨੂੰ ਉਸਨੂੰ ਸਮੇਂ ਤੋਂ ਪਹਿਲਾਂ ਜਣੇਪੇ ਦੀਆਂ ਪੀੜਾਂ ਲੱਗੀਆਂ। ਔਰਤ ਨੇ ਇੱਕ ਬੱਚੀ ਨੂੰ ਜਨਮ ਦਿੱਤਾ, ਪਰ ਜਨਮ ਦੇ ਕੁਝ ਘੰਟਿਆਂ ਦੇ ਅੰਦਰ ਹੀ ਉਸਦੀ ਮੌਤ ਹੋ ਗਈ। ਇਹ ਇੱਕ ਸਮੇਂ ਤੋਂ ਪਹਿਲਾਂ ਡਿਲੀਵਰੀ ਸੀ, ਜੋ 18 ਹਫ਼ਤੇ ਪਹਿਲਾਂ ਹੋਈ ਸੀ। ਉਸਨੇ ਕੰਪਨੀ 'ਤੇ ਮੁਕੱਦਮਾ ਕੀਤਾ, ਉਸਨੂੰ ਬੱਚੇ ਦੀ ਮੌਤ ਲਈ ਜ਼ਿੰਮੇਵਾਰ ਠਹਿਰਾਇਆ। ਜਿਊਰੀ ਨੇ ਉਸਦੇ ਦਾਅਵੇ ਨੂੰ ਸਵੀਕਾਰ ਕਰ ਲਿਆ ਅਤੇ $25 ਮਿਲੀਅਨ ਦਾ ਹਰਜਾਨਾ ਦਿੱਤਾ। ਬਾਅਦ ਵਿੱਚ ਰਕਮ $22.5 ਮਿਲੀਅਨ ਵਿੱਚ ਤੈਅ ਕੀਤੀ ਗਈ। ਦੱਸ ਦਈਏ ਗਰਭਵਤੀ ਔਰਤਾਂ ਦੇ ਕੰਮ ਦੇ ਅਧਿਕਾਰਾਂ ਸੰਬੰਧੀ ਦੁਨੀਆ ਭਰ ਵਿੱਚ ਕਾਨੂੰਨ ਵੱਖੋ-ਵੱਖਰੇ ਹਨ, ਪਰ ਕੁਝ ਆਮ ਨਿਯਮ ਹਰ ਜਗ੍ਹਾ ਲਾਗੂ ਹੁੰਦੇ ਹਨ। ਇਨ੍ਹਾਂ ਨਿਯਮਾਂ ਵਿੱਚ ਇਹ ਸ਼ਾਮਲ ਹੈ ਕਿ ਗਰਭ ਅਵਸਥਾ ਦੇ ਕਾਰਨ ਔਰਤਾਂ ਨਾਲ ਵਿਤਕਰਾ ਨਹੀਂ ਕੀਤਾ ਜਾ ਸਕਦਾ ਅਤੇ ਜੇ ਲੋੜ ਹੋਵੇ ਤਾਂ ਘਰ ਤੋਂ ਕੰਮ ਦੀ ਸਹੂਲਤ ਦਿੱਤੀ ਜਾ ਸਕਦੀ ਹੈ।

ਇਹ ਅੰਤਰਰਾਸ਼ਟਰੀ ਪੱਧਰ 'ਤੇ ਸਵੀਕਾਰ ਕੀਤਾ ਜਾਂਦਾ ਹੈ ਕਿ ਗਰਭਵਤੀ ਔਰਤਾਂ ਨੂੰ ਵਾਜਬ ਰਿਹਾਇਸ਼ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ। ਇਸ ਵਿੱਚ ਕੰਮ ਦੇ ਘੰਟੇ ਘਟਾਉਣਾ, ਕੰਮ ਨੂੰ ਹਲਕਾ ਕਰਨਾ, ਜਾਂ ਘਰ ਤੋਂ ਕੰਮ ਕਰਨ ਦੀ ਯੋਗਤਾ ਸ਼ਾਮਲ ਹੋ ਸਕਦੀ ਹੈ।

# ਖੰਨਾ 'ਚ ਗੁਟਕਾ ਸਾਹਿਬ ਦੀ ਬੇਅਦਬੀ

## ਘਟਨਾ CCTV 'ਚ ਕੈਦ; ਇਲਾਕੇ ਵਿੱਚ ਭਾਰੀ ਪੁਲਿਸ ਫੋਰਸ ਤਾਇਨਾਤ!

ਲੁਧਿਆਣਾ : ਖੰਨਾ 'ਚ ਗੁਟਕਾ ਸਾਹਿਬ ਦੀ ਬੇਅਦਬੀ ਦੀ ਇੱਕ ਮੰਦਭਾਗੀ ਘਟਨਾ ਸਾਹਮਣੇ ਆਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਿੰਘ ਐਵੇਨਿਊ ਇਲਾਕੇ ਦੀ ਗਲੀ ਨੰਬਰ-2 ਵਿੱਚ ਪਵਿੱਤਰ ਗੁਟਕਾ ਸਾਹਿਬ ਦੇ ਅੰਗ ਫਟੇ ਹੋਏ ਅਤੇ ਬਿਖਰੇ ਹੋਏ ਮਿਲੇ ਹਨ। ਇਸ ਘਟਨਾ ਤੋਂ ਬਾਅਦ ਇਲਾਕੇ ਦੇ ਸਿੱਖ ਭਾਈਚਾਰੇ ਅਤੇ ਸਥਾਨਕ ਨਿਵਾਸੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਘਟਨਾ ਦੀ ਗੰਭੀਰਤਾ ਨੂੰ ਦੇਖਦੇ ਹੋਏ ਇਲਾਕੇ ਵਿੱਚ ਭਾਰੀ ਪੁਲਿਸ ਫੋਰਸ ਤਾਇਨਾਤ ਕਰ ਦਿੱਤੀ ਗਈ ਹੈ। ਪੁਲਿਸ ਨੂੰ ਇਲਾਕੇ ਵਿੱਚੋਂ ਇੱਕ ਸੀਸੀਟੀਵੀ (CCTV) ਫੁਟੇਜ ਮਿਲੀ ਹੈ, ਜਿਸ ਨੇ ਮਾਮਲੇ ਵਿੱਚ ਨਵਾਂ ਮੋੜ ਲਿਆ ਦਿੱਤਾ ਹੈ। ਸੋਸ਼ਲ ਮੀਡੀਆ ਤੇ ਵਾਇਰਲ ਹੋ ਰਹੀ ਸੀਸੀਟੀਵੀ ਫੁਟੇਜ ਵਿੱਚ ਇੱਕ ਕਰੀਬ 11 ਸਾਲਾਂ ਦਾ ਬੱਚਾ ਗੁਟਕਾ ਸਾਹਿਬ ਦੇ ਅੰਗਾਂ ਨੂੰ ਗਲੀ ਵਿੱਚ ਖਿਲਾਰਦਾ ਦਿਖਾਈ ਦੇ ਰਿਹਾ ਹੈ। ਹਾਲਾਂਕਿ, ਸਥਾਨਕ ਲੋਕਾਂ ਅਤੇ ਸੰਗਤ ਦਾ ਮੰਨਣਾ ਹੈ ਕਿ ਇਹ ਸਿਰਫ਼ ਇੱਕ ਬੱਚੇ ਦੀ ਸ਼ਰਾਰਤ ਨਹੀਂ ਹੋ ਸਕਦੀ, ਸਗੋਂ ਇਸ ਪਿੱਛੇ ਕਿਸੇ ਡੂੰਘੀ ਸਾਜ਼ਿਸ਼ ਹੋ ਸਕਦੀ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਡੀ.ਐੱਸ.ਪੀ. ਤਰਲੋਚਨ ਸਿੰਘ ਪੁਲਿਸ ਟੀਮ ਸਮੇਤ ਮੌਕੇ 'ਤੇ ਪਹੁੰਚੇ ਅਤੇ ਸਬੂਤ ਇਕੱਠੇ ਕੀਤੇ। ਪੁਲਿਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਡੀ.ਐੱਸ.ਪੀ. ਨੇ ਕਿਹਾ ਕਿ ਸੀ.ਸੀ.ਟੀ.ਵੀ. ਫੁਟੇਜ ਨੂੰ ਬਾਰੀਕੀ ਨਾਲ ਖੰਗਾਲਿਆ ਜਾ ਰਿਹਾ ਹੈ। ਬੱਚੇ ਦੇ ਨਾਲ-ਨਾਲ ਉਨ੍ਹਾਂ ਲੋਕਾਂ ਦੀ ਵੀ ਪਛਾਣ ਕੀਤੀ ਜਾ ਰਹੀ ਹੈ ਜੋ ਇਸ ਦੇ ਪਿੱਛੇ ਹੋ ਸਕਦੇ ਹਨ।

ਦੱਸ ਦਈਏ ਕਿ ਸਥਾਨਕ ਨਿਵਾਸੀਆਂ ਨੇ ਪੁਲਿਸ ਤੋਂ ਮੰਗ ਕੀਤੀ ਹੈ ਕਿ ਮਾਮਲੇ ਦੀ ਤਹਿ ਤੱਕ ਜਾ ਕੇ ਜਾਂਚ ਕੀਤੀ ਜਾਵੇ। ਦੂਜੇ ਪਾਸੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਤੁਰੰਤ ਪੁਲਿਸ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ। ਉੱਥੇ ਹੀ, ਸ਼੍ਰੋਮਣੀ ਅਕਾਲੀ ਦਲ ਦੇ ਖੰਨਾ ਹਲਕਾ ਇੰਚਾਰਜ ਯਾਦਵਿੰਦਰ ਸਿੰਘ ਯਾਦੂ ਨੇ ਵੀ ਘਟਨਾ ਸਥਾਨ ਦਾ ਦੌਰਾ ਕੀਤਾ ਅਤੇ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ। ਉਹਨਾਂ ਕਿਹਾ ਕਿ ਇਹ ਇੱਕ ਨਾ-ਮਾਫ਼ੀਯੋਗ ਅਤੇ ਘਿਨੌਣਾ ਅਪਰਾਧ ਹੈ ਅਤੇ ਘਟਨਾ ਦੀ ਡੂੰਘਾਈ ਨਾਲ ਜਾਂਚ ਕਰ ਕੇ ਬਣਦੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

# ਉਡਾਣ ਦੌਰਾਨ ਔਰਤ ਦੀ ਹੋਈ ਮੌਤ

## ਯਾਤਰੀਆਂ ਨੂੰ 13 ਘੰਟੇ ਤੱਕ ਲਾਸ਼ ਨਾਲ ਕਰਨਾ ਪਿਆ ਸਫ਼ਰ, ਜਹਾਜ਼ 'ਚ ਫੈਲੀ ਬਦਬੂ



ਹਾਂਗਕਾਂਗ ਤੋਂ ਲੰਡਨ ਜਾ ਰਹੀ ਬ੍ਰਿਟਿਸ਼ ਏਅਰਵੇਜ਼ ਦੀ ਉਡਾਣ ਵਿੱਚ 60 ਸਾਲਾਂ ਦੀ ਇੱਕ ਮਹਿਲਾ ਯਾਤਰੀ ਦੀ ਮੌਤ ਹੋ ਗਈ ਸੀ। ਉਸਦੀ ਲਾਸ਼ ਨੂੰ ਜਹਾਜ਼ ਦੇ ਪਿਛਲੇ ਹਿੱਸੇ ਵਿੱਚ ਰੱਖਿਆ ਗਿਆ ਸੀ, ਜਿੱਥੇ ਫਰਸ਼ ਗਰਮ ਸੀ। ਉਡਾਣ ਦੇ 13 ਘੰਟਿਆਂ ਤੋਂ ਵੱਧ ਸਮੇਂ ਬਾਅਦ, ਸਰੀਰ ਵਿੱਚੋਂ ਬਦਬੂ ਆਉਣੀ ਸ਼ੁਰੂ ਹੋ ਗਈ, ਜਿਸ ਨਾਲ ਯਾਤਰੀਆਂ ਨੂੰ ਪਰੇਸ਼ਾਨੀ ਹੋਈ, ਪਰ ਪਾਇਲਟ ਨੇ ਐਮਰਜੈਂਸੀ ਲੈਂਡਿੰਗ ਕਰਨ ਦੀ ਬਜਾਏ ਯਾਤਰਾ ਜਾਰੀ ਰੱਖੀ। ਬ੍ਰਿਟਿਸ਼ ਏਅਰਵੇਜ਼ ਦੀ ਫਲਾਈਟ ਭਅ32 ਦੇ ਹਾਂਗਕਾਂਗ ਤੋਂ ਉਡਾਣ ਭਰਨ ਤੋਂ ਇੱਕ ਘੰਟੇ ਬਾਅਦ ਹੀ ਮਹਿਲਾ ਯਾਤਰੀ ਦੀ ਮੌਤ ਹੋ ਗਈ ਸੀ। ਰਿਪੋਰਟ ਅਨੁਸਾਰ ਏਅਰਬੱਸ ਅ350-1000 ਵਿੱਚ 331 ਯਾਤਰੀ ਅਤੇ ਚਾਲਕ ਦਲ ਸਵਾਰ ਸਨ। ਔਰਤ ਦੀ ਮੌਤ ਦੇ ਬਾਵਜੂਦ, ਪਾਇਲਟਾਂ ਨੇ ਰਸਤਾ ਬਦਲਣ ਜਾਂ ਹਾਂਗਕਾਂਗ ਵਾਪਿਸ ਜਾਣ ਦੀ ਬਜਾਏ ਹੀਥਰੋ ਹਵਾਈ ਅੱਡੇ ਲਈ ਉਡਾਣ ਜਾਰੀ ਰੱਖਣ ਦਾ ਫੈਸਲਾ ਕੀਤਾ। ਚਾਲਕ ਦਲ ਨੇ ਸ਼ੁਰੂ ਵਿੱਚ ਲਾਸ਼ ਨੂੰ ਟਾਇਲਟ ਵਿੱਚ ਰੱਖਣ ਬਾਰੇ ਵਿਚਾਰ ਕੀਤਾ। ਬਾਅਦ ਵਿੱਚ, ਲਾਸ਼ ਨੂੰ ਪਿਛਲੀ ਰਸੋਈ ਵਿੱਚ ਲਿਜਾਇਆ ਗਿਆ।

ਸਟਾਫ ਨੇ ਇਸ ਤੱਥ ਨੂੰ ਨਜ਼ਰਅੰਦਾਜ਼ ਕਰ ਦਿੱਤਾ ਕਿ ਰਸੋਈ ਦਾ ਫਰਸ਼ ਗਰਮ ਸੀ। ਇਹ ਦੋਸ਼ ਲਗਾਇਆ ਗਿਆ ਹੈ ਕਿ ਗਰਮੀ ਨੇ ਇੱਕ ਤੇਜ਼ ਬਦਬੂ ਪੈਦਾ ਕੀਤੀ ਜੋ ਉਡਾਣ ਦੌਰਾਨ ਕੈਬਿਨ ਦੇ ਪਿਛਲੇ ਹਿੱਸੇ ਵਿੱਚ ਫੈਲ ਗਈ। ਕਈ ਯਾਤਰੀਆਂ ਨੇ ਜਹਾਜ਼ ਦੇ ਉਸ ਹਿੱਸੇ ਤੋਂ ਬਦਬੂ ਆਉਣ ਦੀ ਸ਼ਿਕਾਇਤ ਕੀਤੀ। ਲੈਂਡਿੰਗ ਤੋਂ ਬਾਅਦ, ਪੁਲਿਸ ਜਹਾਜ਼ ਵਿੱਚ ਚੜ੍ਹ ਗਈ ਅਤੇ ਸਾਰੇ ਯਾਤਰੀਆਂ ਨੂੰ ਬੈਠਣ ਲਈ ਕਿਹਾ। ਪੁਲਿਸ ਨੇ ਲਗਭਗ 45 ਮਿੰਟਾਂ ਤੱਕ ਜਹਾਜ਼ ਦੀ ਤਲਾਸ਼ੀ ਲਈ। ਕਿਸੇ ਯਾਤਰੀ ਦੀ ਮੌਤ ਨੂੰ ਆਮ ਤੌਰ 'ਤੇ ਡਾਕਟਰੀ ਐਮਰਜੈਂਸੀ ਨਹੀਂ ਮੰਨਿਆ ਜਾਂਦਾ।

ਲਾਸ਼ ਨੂੰ ਆਮ ਤੌਰ 'ਤੇ ਬਾਡੀ ਬੈਗ ਵਿੱਚ ਰੱਖਿਆ ਜਾਂਦਾ ਹੈ ਜਾਂ ਗਰਦਨ ਤੱਕ ਕੰਬਲ ਨਾਲ ਢੱਕਿਆ ਜਾਂਦਾ ਹੈ। ਜੇ ਸੰਭਵ ਹੋਵੇ, ਤਾਂ ਸਰੀਰ ਨੂੰ ਜਹਾਜ਼ ਦੇ ਘੱਟ ਨਾਜ਼ੁਕ ਖੇਤਰ, ਜਿਵੇਂ ਕਿ ਖਾਲੀ ਸੀਟ ਜਾਂ ਕਿਸੇ ਹੋਰ ਹਿੱਸੇ ਵਿੱਚ ਲਿਜਾਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜੇਕਰ ਉਡਾਣ ਪੂਰੀ ਤਰ੍ਹਾਂ ਭਰੀ ਹੋਈ ਹੈ, ਤਾਂ ਸਰੀਰ ਨੂੰ ਉਸਦੀ ਅਸਲ ਸੀਟ 'ਤੇ ਵਾਪਸ ਰੱਖਿਆ ਜਾ ਸਕਦਾ ਹੈ।











ਪੰਜਾਬ ਸਟਾਰ

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjar
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

## ਬੁੱਧ ਬਾਣ

# ਪਾਣੀ ਢਾਈ ਦਰਿਆਵਾਂ ਦਾ ਜ਼ਹਿਰੀ ਹੋ ਗਿਆ!

ਪੰਜਾਬ ਦੇ ਗਾਉਣ ਤੇ ਭੰਗੜਾ ਪਾਉਣ ਦਾ ਸ਼ੌਕ ਅੱਥਰਾ ਹੈ। ਇਹਨਾਂ ਦੇ ਇਸ ਸ਼ੌਕ ਨੇ ਇਹਨਾਂ ਨੂੰ ਮਾਣ ਵੀ ਬਖਸ਼ਿਆ ਹੈ ਤੇ ਬਦਨਾਮੀ ਵੀ ਖੱਟੀ ਹੈ। ਪੰਜਾਬੀਆਂ ਦੇ ਸੁਭਾਅ ਵਿੱਚ ਅੱਥਰਾਪਣ ਹੈ। ਜਿਵੇਂ ਅਣਖ਼ ਤੇ ਹੰਕਾਰ ਵਿੱਚ ਕੋਈ ਫ਼ਰਕ ਨਹੀਂ ਹੁੰਦਾ ਇਸੇ ਤਰ੍ਹਾਂ ਕਲਮ, ਹਥਿਆਰ ਵਿੱਚ ਕੋਈ ਫ਼ਰਕ ਨਹੀਂ ਹੁੰਦਾ, ਸਿਰਫ਼ ਸੋਚ ਤੇ ਸਮਝ ਦਾ ਫ਼ਰਕ ਹੁੰਦਾ ਹੈ, ਫ਼ਰਕ ਇਹੋ ਹੁੰਦਾ ਹੈ ਕਿ ਕਿਹੜੇ ਵਕ਼ਤ ਕੀ ਚਲਾਉਣਾ ਹੈ। ਅਸੀਂ ਕਲ਼ਮ ਦੀ ਵਜਾਏ ਹਥਿਆਰ ਵਧੇਰੇ ਚਲਾਉਂਦੇ ਹਾਂ। ਇਸੇ ਕਰਕੇ ਕਿਸੇ ਨੇ ਗਾਇਆ ਸੀ, ਬਠਿੰਡੇ ਵਾਲੇ ਰਫਲਾਂ ਰੱਖਣ ਦੇ ਸ਼ੌਂਕੀ। ਹੁਣ ਤਾਂ ਲਾਈਸੈਂਸੀ ਹਥਿਆਰਾਂ ਨਾਲੋਂ ਵੱਧ ਲੋਕ ਨਜ਼ਾਇਜ਼ ਹਥਿਆਰ ਚੁੱਕੀ ਫਿਰਦੇ ਹਨ। ਇਸੇ ਕਰਕੇ ਪੰਜਾਬ ਦੇ ਵਿੱਚ ਦੂਜੇ ਤੀਜੇ ਦਿਨ ਗੋਲੀਆਂ ਚਲਾ ਕੇ ਫ਼ਰਾਰ ਹੋਣ ਦੀਆਂ ਖਬਰਾਂ ਆਉਂਦੀਆਂ ਹਨ। ਸੱਤਾਧਾਰੀ ਧਿਰ ਵਾਲੇ ਕੌਰੂ ਬਾਦਸ਼ਾਹ ਨੂੰ ਤਰੇਲੀਆਂ ਲਿਆ ਰਹੇ ਹਨ। ਕਹਿੰਦੇ ਹਨ ਕਿ ਕੌਰੂ ਬਾਦਸ਼ਾਹ ਮੁਰਦਿਆਂ ਦੇ ਮੂੰਹ ਵਿਚੋਂ ਪੈਸੇ ਕਢਵਾ ਲੈਂਦਾ ਸੀ। ਇਹੋ ਜਿਹਾ ਕੰਮ ਇਹਨਾਂ ਦੇ ਮੰਤਰੀਆਂ ਤੇ ਸੰਤਰੀਆਂ ਨੇ ਸ਼ੁਰੂ ਕੀਤਾ ਹੋਇਆ ਹੈ। ਭ੍ਰਿਸ਼ਟਾਚਾਰ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੱਕ ਪੁੱਜ ਗਿਆ ਹੈ, ਸਰਕਾਰੀ ਦਫ਼ਤਰਾਂ ਦੇ ਵਿੱਚ ਤਾਂ ਕੋਈ ਕੰਮ ਬਿਨਾਂ ਰਿਸ਼ਵਤ ਦੇ ਹੁੰਦਾ ਨਹੀਂ। ਤਹਿਸੀਲਦਾਰ ਵਸੀਕਾ ਨਵੀਸਾਂ ਦੇ ਰਾਹੀਂ ਰਜਿਸਟਰੀਆਂ ਕਰਾਉਣ ਦੇ ਪੈਸੇ ਲੈਂਦੇ ਹਨ। ਜੇ ਕੋਈ ਦਿੰਦਾ ਨਹੀਂ ਤਾਂ ਉਸਦੀ ਰਜਿਸਟਰੀ ਦੇ ਵਿੱਚ ਨੁਕਸ ਕੱਢੇ ਜਾਂਦੇ ਹਨ। ਸਮਰਾਲਾ ਤਹਿਸੀਲ ਵਿੱਚ ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ ਦੇ ਨਾਲ ਇਹੋ ਕੁੱਝ ਹੋਇਆ ਹੈ। ਆਮ ਸਧਾਰਨ ਬੰਦੇ ਨਾਲ ਕੀ ਹੁੰਦਾ ਹੋਵੇਗਾ? ਪੱਟੀ ਦੇ ਵਿੱਚ ਇੱਕ ਵੇਅਰਹਾਊਸਿੰਗ ਵਿਭਾਗ ਦਾ ਐਮ ਡੀ ਆਪਣੇ ਉਪਰ ਹੋਏ ਜ਼ੁਲਮ ਢਾਹੁਣ ਵਾਲੇ ਮੰਤਰੀ ਵਿਰੁੱਧ ਆਪਣੇ ਉਚ ਅਧਿਕਾਰੀਆਂ ਨੂੰ ਚਿੱਠੀ ਲਿਖਦਾ ਹੈ, ਉਸਦੀ ਕੋਈ ਸੁਣਵਾਈ ਨਹੀਂ। ਮੰਤਰੀ ਆਪਣੇ ਪਿਉ ਦੇ ਨਾਂ ਤੇ ਟੈਂਡਰ ਮੰਗਦਾ ਹੈ, ਉਸਦੀ ਕਥਿਤ ਤੌਰ ਤੇ ਕੁੱਟਮਾਰ ਕਰਦਾ ਹੈ। ਹੁਣ ਐਮ ਡੀ ਨੇ ਖੁਦਕੁਸ਼ੀ ਕਰ ਲਈ ਹੈ। ਆਮ ਆਦਮੀ ਪਾਰਟੀ ਦੇ ਮੱਥੇ ਤੇ ਕਲੰਕ ਲੱਗ ਗਿਆ ਹੈ। ਮੰਤਰੀ ਸਫ਼ਾਈਆਂ ਦੇਂਦਾ ਹੈ, ਉਸਦੀਆਂ ਵੀਡੀਓ ਤੇ ਚਿੱਠੀਆਂ ਕੁੱਝ ਹੋਰ ਕਹਿੰਦੀਆਂ ਹਨ। ਹੁਣ ਪੰਜਾਬ ਦੇ ਲੋਕਾਂ ਨੂੰ ਸਮਝ ਕਦੋਂ ਆਵੇਗੀ ਕਿ ਉਹਨਾਂ ਨੇ ਆਪਣੇ ਆਪ ਨੂੰ ਬਚਾਉਣ ਲਈ ਕੈਦਖਾਨਾ ਕਦੋਂ ਤਿਆਗਣਾ ਹੈ? ਹੋ ਸਕਦਾ ਪੰਜਾਬ ਨਾ ਹੀ ਜਾਗੇ ਕਿਉਂਕਿ ਪੰਜਾਬ ਇਸ ਸਮੇਂ ਜ਼ਹਿਰ ਖਾ ਰਿਹਾ, ਪੀ ਤੇ ਜੀਅ ਰਿਹਾ ਹੈ। ਇਸ ਨੂੰ ਕੋਈ ਜੰਮੇ ਮਰੇ ਦਾ ਫ਼ਿਕਰ ਨਹੀਂ ਹੈ। ਇਹ ਆਪਣੀ ਮਸਤੀ ਵਿੱਚ ਮਸਤ ਹੋਇਆ ਹੈ। ਸਮਾਜ, ਧਰਮ, ਰਾਜਨੀਤੀ ਆਰਥਿਕਤਾ, ਮਨੁੱਖੀ ਕਦਰਾਂ ਕੀਮਤਾਂ, ਅਧਿਕਾਰ, ਫਰਜ਼, ਪੌਣ ਪਾਣੀ, ਰਹਿਣ ਸਹਿਣ, ਬੋਲ ਚਾਲ ਸਭ ਖਤਰੇ ਵਿੱਚ ਹੈ। ਪਰ ਕਿਸੇ ਨੂੰ ਕੋਈ ਫ਼ਿਕਰ ਨਹੀਂ ਹੈ। ਆਪਾਂ ਕੀ ਲੈਣਾ ਐ, ਕੋਈ ਮਰੇ ਤੇ ਜੀਵੇ ਸੁਥਰਾ ਘੋਲ ਪਤਾਸੇ ਪੀਵੇ। ਇਹਨਾਂ ਨੇ ਘੋਲ ਕੇ ਬੇਸ਼ਰਮੀ ਪੀ ਲਈ ਹੈ। ਸ਼ਾਮ ਵੇਲੇ ਸ਼ਰਾਬ ਦੇ ਠੇਕਿਆਂ ਉਤੇ ਮੇਲੇ ਲੱਗਦੇ ਹਨ। ਦਿਨ ਵੇਲੇ ਤਾਸ਼ ਖੇਡਦਿਆਂ ਦੂਜੇ ਦੀ ਬੇਗੀ ਫੜਦੇ ਹਨ। ਇਹਨਾਂ ਦੀਆਂ ਆਪਣੀਆਂ ਬੇਗੀਆਂ ਬਾਦਸ਼ਾਹ ਨੂੰ ਲੱਭਦੀਆਂ ਡੇਰਿਆਂ ਤੇ ਫਿਰਦੀਆਂ ਹਨ। ਸ਼ਹਿਰਾਂ ਦੇ ਬੱਸ ਅੱਡਿਆਂ ਤੇ ਹੋਰ ਸੁਰੱਖਿਆ ਥਾਵਾਂ ਉੱਤੇ ਦੇਹੀ ਨਾਦ ਹੁੰਦਾ ਹੈ। ਭੁੱਖ ਟਕਿਆਂ ਉਤੇ ਵਿਕਦੀ ਹੈ। ਮੁਫ਼ਤ ਦੀਆਂ ਰੋਟੀਆਂ ਨੇ ਪੰਜਾਬ ਦੀ ਅਣਖ਼ ਗ਼ੈਰਤ ਖਤਮ ਕਰ ਦਿੱਤੀ ਹੈ। ਉਸਨੇ ਕਿਰਤ ਕਰਨੀ ਛੱਡ ਦਿੱਤੀ ਹੈ। ਹਰ ਨਿੱਕੇ ਤੇ ਵੱਡੇ ਕੰਮ ਉਤੇ ਗ਼ੈਰ ਪੰਜਾਬੀ ਕਾਬਜ਼ ਹੋ ਗਿਆ। ਪੰਜਾਬੀ ਧਰਨਿਆਂ ਤੇ ਰੈਲੀਆਂ ਵਿੱਚ, ਡੇਰਿਆਂ ਤੇ ਧਾਰਮਿਕ ਸਥਾਨਾਂ ਉਤੇ ਭਟਕ ਦੇ ਫਿਰਦੇ ਹਨ। ਸੁੱਖਾਂ ਸੁਖਦੇ ਤੇ ਸੁੱਖਾਂ ਲਾਉਂਦੇ ਫਿਰਦੇ ਹਨ। ਉਸ ਦੇ ਆਲੇ ਦੁਆਲੇ ਕੀ ਹੋ ਰਿਹਾ ਉਹ ਦੇਖਦਾ ਹੋਇਆ ਵੀ ਚੁੱਪ ਧਾਰੀ ਬੈਠਾ ਹੈ। ਕਿਸੇ ਇਨਕਲਾਬੀ ਯੋਧੇ ਦੀ ਉਡੀਕ ਕਰ ਰਿਹਾ ਹੈ। ਉਸਦੇ ਅੰਦਰਲੀ ਸ਼ਕਤੀ ਮਰ ਗਈ ਹੈ। ਉਹ ਹੁਣ ਕੱਪੜਿਆਂ ਨੂੰ ਮਿੱਟੀ ਨਹੀਂ ਲੱਗਣ ਦੇਂਦਾ ਪਰ ਖ਼ੁਦ ਮਿੱਟੀ ਦਾ ਮਾਧੋ ਬਣ ਗਿਆ ਹੈ। ਜੇ ਆਖਿਆ ਜਾਵੇ ਕਿ ਇਹ ਸਭ ਮੁਫ਼ਤ ਫਲ, ਸਬਜ਼ੀ, ਰੋਟੀ ਤੇ ਦੁੱਧ ਖਾ ਪੀ ਲਵੋ ਤਾਂ ਝੱਟ ਖਾ ਲਵੇਗਾ ਪਰ ਜੇ ਕਹਿ ਦੇਈਏ ਕਿ ਸਭ ਜ਼ਹਿਰ ਹੈ ਤਾਂ ਉਹ ਖਾਣ ਲਈ ਮੰਨੇਗਾ ਨਹੀਂ ਕਿਉਂਕਿ ਅਸੀਂ ਦੂਜੇ ਦੀ ਨਹੀਂ ਮੰਨਦੇ ਸਗੋਂ ਆਪਣੀ ਹੀ ਮਰਜ਼ੀ ਕਰਦੇ ਹਾਂ । ਜੇ ਕਿਤੇ ਕਿਸੇ ਗੱਡੀ ਵਾਲਾ ਉਪਰ ਚਾੜ੍ਹਨ ਲੱਗੇ ਤਾਂ ਅਗਲਾ ਛਾਲ ਮਾਰ ਕੇ ਪਾਸੇ ਹੋਣ ਤੋਂ ਪਹਿਲਾਂ ਗਾਲਾਂ ਦੀ ਬੁਛਾੜ ਮਾਰੇਗਾ। ਸੱਚ ਇਹ ਕਿ ਅਸੀਂ ਜ਼ਹਿਰ ਹੀ ਤਾਂ ਖਾ ਤੇ ਪੀ ਰਹੇ ਹਾਂ। ਦੁਨੀਆ ਦੇ ਵਿੱਚ ਇਹ ਜ਼ਹਿਰ ਅਮਰੀਕਾ ਨੇ ਵੀਅਤਨਾਮ ਵਿੱਚ ਵਰਤੀ ਸੀ ਉਸ ਵੇਲੇ ਗਿਆਰਾਂ ਲੱਖ ਲੋਕ ਪ੍ਰਭਾਵਿਤ ਹੋਏ ਸਨ ਪਰ ਸਾਡੇ ਦੇਸ਼ ਵਿੱਚ ਖਾਸ ਕਰਕੇ ਪੰਜਾਬ ਦੇ ਵਿੱਚ ਹਰੀ, ਚਿੱਟੀ ਤੇ ਨੀਲੀ ਕ੍ਰਾਂਤੀ ਲਿਆਉਣ ਦੇ ਬਹਾਨੇ ਸਾਨੂੰ ਬਲੀ ਦੇ ਬੱਕਰੇ ਬਣਾਇਆ । ਸਾਨੂੰ ਬਲੀ ਦੇ ਬੱਕਰੇ ਬਣਾਉਣ ਦੇ ਲਈ ਬੇਗਾਨਿਆਂ ਨੇ ਘੱਟ ਤੇ ਆਪਣਿਆਂ ਨੇ ਪੂੰਛਾਂ ਵੱਧ ਚੁੱਕ ਲਈਆਂ ਸਨ। ਹੁਣ ਸਭ ਪੂੰਛਾਂ ਚੱਡਿਆਂ ਵਿੱਚ ਲੈ ਕੇ ਬਦੇਸ਼ ਦੌੜ ਗਏ ਤੇ ਦੌੜ ਰਹੇ ਹਨ। ਹੁਣ ਜੋ ਹਾਲਤ ਪੰਜਾਬ ਦੀ ਬਣੀ ਹੈ ਸਭ ਦੇ



ਸਾਹਮਣੇ ਹੈ। ਪੰਜਾਬ ਦੇ ਵਿੱਚ ਨਿੱਜੀ ਹਸਪਤਾਲ, ਡੇਰੇ ਤੇ ਧਾਰਮਿਕ ਅਸਥਾਨ ਖੁੰਬਾਂ ਉਗ ਰਹੇ ਹਨ। ਇਹ ਲੋਕਾਂ ਦਾ ਸਰੀਰਕ ਤੇ ਮਾਨਸਿਕ ਇਲਾਜ ਕਰਨ ਦੇ ਨਾਮ ਉਤੇ ਲੁੱਟਮਾਰ ਕਰ ਰਹੇ ਹਨ ਤੇ ਅਸੀਂ ਕਰਵਾ ਰਹੇ ਹਾਂ ਪਰ ਬੀਮਾਰੀ ਦੀਆਂ ਜੜ੍ਹਾਂ ਨੂੰ ਫੜਨ ਦੀ ਵਜਾਏ ਅਸੀਂ ਦਵਾਈਆਂ ਦੇ ਤੇ ਸਾਧਾਂ ਦੇ ਗੁਲਾਮ ਬਣ ਕੇ ਰਹਿ ਗਏ ਹਾਂ। ਪੰਜਾਬ ਦਾ ਪੌਣ ਪਾਣੀ, ਖਾਣ ਪੀਣ ਤੇ ਬੋਲਚਾਲ ਵਿੱਚ ਜ਼ਹਿਰ ਹੈ। ਇਹ ਜ਼ਹਿਰ ਅਚਾਨਕ ਨਹੀਂ ਆਈ। ਇਸਦੇ ਵਿੱਚ ਉਹਨਾਂ ਮਲਟੀ ਕੰਪਨੀਆਂ ਦਾ ਹੱਥ ਹੈ ਜਿਹਨਾਂ ਸਾਡੇ ਖੇਤੀਬਾੜੀ ਵਿਗਿਆਨੀਆਂ ਦੇ ਮੂੰਹ ਨੂੰ ਖੂਨ ਲਾ ਕੇ ਸਾਡੇ ਹੱਥ, ਪੈਰ ਤੇ ਸਿਰ ਵੱਢਿਆ। ਹੁਣ ਅਸੀਂ ਲੂਲੇ ਲੰਗੜੇ ਤੇ ਬਗੈਰ ਸਿਰਾਂ ਵਾਲੇ ਹਾਂ । ਇਨ੍ਹਾਂ ਨੂੰ ਇਸ ਹਾਲਤ ਤੱਕ ਪੁਜਦਾ ਕਰਨ ਵਾਲੇ ਕੁੱਝ ਕੁ ਸਨ ਤੇ ਹਨ,.ਜਿਹਨਾਂ ਨੇ ਸਾਡੇ ਜੀਵਨ ਵਿੱਚ ਜ਼ਹਿਰ ਘੋਲਿਆ ਸੀ। ਤੁਸੀਂ ਸਭ ਜਾਣਦੇ ਹੋ ਕਿ ਲਾਲਚ ਬੁਰੀ ਬਲਾ ਹੈ। ਤੁਸੀਂ ਲਾਲਚੀ ਕੁੱਤੇ ਦੀ ਕਹਾਣੀ ਪੜ੍ਹੀ ਹੈ। ਕੁੱਤੇ ਦੇ ਬਹਾਨੇ ਕਿਸੇ ਨੇ ਸਾਨੂੰ ਚਿਤਰਿਆ ਹੈ। ਜੇ ਗਲਤ ਹੈ ਤਾਂ ਦੱਸੋ। ਖੇਤੀਬਾੜੀ ਵਿਗਿਆਨੀਆਂ ਜ਼ਹਿਰ ਬਣਾਉਣ ਵਾਲੀਆਂ ਕੰਪਨੀਆਂ ਦੇ ਲਾਲਚ ਵਸ ਉਹ ਜ਼ਹਿਰੀਲੀਆਂ ਜ਼ਹਿਰਾਂ ਦੀਆਂ ਸਿਫਾਰਸ਼ਾਂ ਕੀਤੀਆਂ ਜੋ ਦੁਨੀਆਂ ਵਿੱਚ ਬੰਦ ਸਨ। ਕਿਸਾਨਾਂ ਨੇ ਵੱਧ ਝਾੜ ਤੇ ਮੁਨਾਫੇ ਦੇ ਚੱਕਰ ਵਿੱਚ ਉਹਨਾਂ ਨੂੰ ਅਪਣਾਇਆ । ਇਕ ਵਾਰ ਗੱਡੀ ਕੀ ਤੋਰੀ ਤੇ ਬੁਲਟ ਰੇਲ ਬਣ ਗਈ। ਜਿਹੜੀ ਹੁਣ ਰੁਕਣ ਦਾ ਨਾਮ ਨਹੀਂ ਲੈ ਰਹੀ। ਅਸੀਂ ਆਪਣੇ ਵਿਰਸੇ ਵੱਲ ਪਿੱਠ ਕੀ ਮੋੜੀ ਸਾਡੇ ਕੋਲ ਸਭ ਕੁੱਝ ਖੁੱਸ ਗਿਆ। ਸਾਡੇ ਕਾਰ ਸੇਵਾ ਵਾਲੇ ਬਾਬਿਆਂ ਨੇ ਸਭ ਵਿਰਾਸਤੀ ਇਮਾਰਤਾਂ ਤੇ ਯਾਦਗਾਰਾਂ ਤਬਾਹ ਕਰ ਦਿੱਤੀਆਂ ਹਨ। ਚਿੱਟਾ ਸੰਗਮਰਮਰ ਲਾ ਕੇ ਤਪਸ਼ ਵਧਾ ਦਿੱਤੀ ਹੈ। ਗੁਰਦੁਆਰਾ ਸਾਹਿਬ ਪੱਕੇ ਹੋ ਗਏ ਤੇ ਸਿੱਖ ਕੱਚੇ ਹੋ ਗਏ ਹਨ, ਖੈਰ ਅਜੇ ਡੁੱਲੇ ਬੇਰਾਂ ਦਾ ਕੁੱਝ ਨਹੀਂ ਵਿਗੜਿਆ। ਜੇ ਗਲਤੀਆਂ ਸਾਡੇ ਆਪਣਿਆਂ ਨੇ ਕੀਤੀਆਂ ਤੇ ਸੰਤਾਪ ਵੀ ਅਸੀਂ ਹੀ ਭੋਗਿਆ ਤੇ ਭੋਗ ਰਹੇ ਹਾਂ । ਹੁਣ ਇਹ ਸੰਤਾਪ ਸਾਡੀਆਂ ਅਗਲੀਆਂ ਨਸਲਾਂ ਨਾ ਭੁਗਤਣ ਇਸ ਬਾਰੇ ਸੋਚੀਏ। ਸੋਚਣ ਵਾਲਿਆਂ ਤੇ ਸੋਚਿਆ ਹੋਇਆ ਹੀ ਹੈ ਕਿ ਕੁਦਰਤ ਦੇ ਨਾਲ ਟੱਕਰ ਲੈ ਕੇ ਨਹੀਂ ਸਗੋਂ ਕੁਦਰਤ ਦੇ ਨਾਲ ਰਲ ਕੇ ਹੀ ਬਚਾਓ ਹੋ ਸਕਦਾ ਹੈ। ਅਸੀਂ ਬੀਮਾਰੀ ਤੋਂ ਬਚਣ ਲਈ ਦਵਾਈਆਂ ਵਰਤਦੇ ਹਾਂ। ਹੁਣ ਹੋਰ ਇਸ ਨੌਬਤ ਤੱਕ ਹੋਰ ਜਾਣ ਤੋਂ ਪਹਿਲਾਂ ਜੇ ਅਸੀਂ ਕੁਦਰਤ ਦੀ ਗੋਦ ਵਿੱਚ ਬਹਿ ਜਾਈਏ ਤਾਂ ਕੋਈ ਬਚਾ ਹੈ, ਨਹੀਂ ਸਾਡੀਆਂ ਨਸਲਾਂ ਸਾਨੂੰ ਲਾਹਣਤਾਂ ਪਾਉਣਗੀਆਂ ਜਿਵੇਂ ਆਪਾਂ ਹੁਣ ਮੌਜੂਦਾ ਸਰਕਾਰ ਨੂੰ ਪਾ ਰਹੇ ਹਾਂ । ਕੁਦਰਤ ਨਾਲ ਕਿਵੇਂ ਜੁੜਿਆ ਜਾ ਸਕਦਾ ਕਿਸੇ ਨੂੰ ਦੱਸਣ ਤੇ ਸਮਝਾਉਣ ਦੀ ਜਰੂਰਤ ਨਹੀਂ। ਜੇ ਕਿਸੇ ਨੂੰ ਸਮਝਾਉਣ ਦੀ ਜਰੂਰਤ ਹੈ ਤਾਂ ਆਪਣੇ ਆਪ ਨੂੰ ਸਮਝਾਓ। ਆਪਣੇ ਆਪ ਨੂੰ ਪੁੱਛੋ ਕਿ ਕਿਤੇ ਮੈਂ ਆਉਣ ਵਾਲੀਆਂ ਨਸਲਾਂ ਤੇ ਫਸਲਾਂ ਦਾ ਕਾਤਲ ਤਾਂ ਨਹੀਂ ? ਜਦੋਂ ਤੁਸੀਂ ਆਪਣੇ ਆਪ ਦੇ ਸਾਹਮਣੇ ਪਾਕਿ ਪਵਿੱਤਰ ਹੋ ਗਏ ਤਾਂ ਆਲਾ ਦੁਆਲਾ ਵੀ ਪਵਿੱਤਰ ਹੋ ਜਾਵੇਗਾ। ਪੈਸੇ ਤੇ ਜਾਇਦਾਦ ਦੀ ਅੰਨ੍ਹੀ ਦੌੜ ਵਿੱਚੋ ਬਾਹਰ ਨਿਕਲੋ । ਕੁਦਰਤ ਤੇ ਆਪਣੇ ਆਪ ਨਾਲ ਜੁੜੋ ਤੇ ਹੋਰਨਾਂ ਨੂੰ ਜੋੜੋ। ਜ਼ਹਿਰ ਦੀਆਂ ਫਸਲਾਂ ਨਾ ਬੀਜੋ, ਮਲਟੀ ਕੰਪਨੀਆਂ ਦੇ ਲਈ ਨਹੀਂ ਸਗੋਂ ਆਪਣੇ ਤੇ ਆਪਣਿਆਂ ਲਈ ਬੀਜੋ ਤੇ ਲੰਮੀ ਜ਼ਿੰਦਗੀ ਜੀਓ। ਬਹੁਤ ਸਮਾਂ ਗੁਜਰ ਗਿਆ ਹੈ , ਜ਼ਹਿਰ ਖਾਦਿਆਂ ਤੇ ਪੀਦਿਆਂ...ਬਸ ਕਰੋ...ਹੁਣ ਤੇ ਬਸ ਹੋ ਗਈ ਹੈ। ਅਸੀਂ ਤੁਹਾਡੇ ਦਰ ਆਏ ਹਾਂ!ਆਪਣੀਆਂ ਨਸਲਾਂ ਤੇ ਫਸਲਾਂ ਬਚਾ ਲਵੋ। ਜ਼ਹਿਰ ਦੇ ਵਪਾਰੀਆਂ ਨੇ ਮਨੁੱਖਤਾ ਨੂੰ ਤਬਾਹ ਕਰਨ ਲਈ ਸਾਨੂੰ ਦਮੜਿਆਂ ਦੇ ਲਾਲਚ ਵਿੱਚ ਫਸਾ ਕੇ ਸਾਡੇ ਪੌਣ ਤੇ ਪਾਣੀ ਤੇ ਧਰਤੀ ਮਾਂ ਨੂੰ ਪਲੀਤ ਕਰ ਦਿੱਤਾ। ਹੁਣ ਕਿਵੇਂ ਬਚਣਾ ਹੈ ਤੇ ਭਵਿੱਖ ਬਚਾ ਕੇ ਰੱਖਣਾ ਹੈ ? ਇਸ ਬਾਰੇ ਆਪਾਂ ਸਭ ਨੇ ਰਲਮਿਲ ਕੇ ਯਤਨ ਕਰਨਾ ਹੈ। ਕੁਦਰਤੀ ਖੇਤੀਬਾੜੀ ਕਿਵੇਂ ਕਰਨੀ ਹੈ..? ਤੁਹਾਨੂੰ ਦੱਸਣ ਦੀ ਲੋੜ ਨਹੀਂ ਤੁਸੀਂ ਜਾਣਦੇ ਹੀ ਹੋ। ਵਗੈਰ ਜ਼ਹਿਰਾਂ ਦੇ ਕਿਵੇਂ ਫਸਲਾਂ ਬੀਜਣੀਆਂ ਤੇ ਕਿਵੇਂ ਕੁਦਰਤੀ ਖਾਦ ਤਿਆਰ ਕਰਨੀ ਤੇ ਵਰਤਣੀ ਹੈ.ਸਮੇ ਸਮੇ ਤੁਹਾਨੂੰ ਮਾਹਿਰ ਵੀ ਦੱਸਣਗੇ। ਤੁਸੀਂ ਕੁਦਰਤ ਨਾਲ ਜੁੜੋ ਤੇ ਹੋਰਨਾਂ ਨੂੰ ਜੋੜੋ। ਸਿਹਤਮੰਦ ਪੰਜਾਬ ਦੀ ਉਸਾਰੀ ਲਈ ਤੁਹਾਡਾ ਹਰ ਤਰ੍ਹਾਂ ਦੇ ਸਹਿਯੋਗ ਦੀ ਸਮਾਜ ਨੂੰ ਲੋੜ ਹੈ। ਘਰ ਘਰ ਤੇ ਪਿੰਡ ਪਿੰਡ ਕੁਦਰਤੀ ਖੇਤੀਬਾੜੀ ਕਰਨ ਲਈ ਲੋਕਾਂ ਨੂੰ ਪ੍ਰੇਰਿਤ ਕਰੋ। ਨਹੀਂ ਹੁਣ ਜ਼ਹਿਰ ਖਾ ਕੇ ਨਿੱਤ ਮਰਨ ਦਾ ਰਾਹ ਤਾਂ ਸਰਕਾਰਾਂ ਤੇ ਅਸੀਂ ਰਲ ਕੇ ਚੁਣਿਆ ਹੀ ਹੋਇਆ ਹੈ। ਪੰਜਾਬੀਓ ਤੁਸੀਂ ਨਿੱਤ ਜ਼ਹਿਰ ਖਾ ਤੇ ਪੀ ਕੇ ਜੀ ਰਹੇ ਹੋ। ਉਨ੍ਹਾਂ ਨੂੰ ਪਛਾਣੋ ਜੋ ਜ਼ਹਿਰ ਦਾ ਵਪਾਰ ਕਰਦੇ ਹਨ ਤੇ ਝੋਲੀਆਂ ਭਰਦੇ ਹਨ ? ਦਸੋ ਕਦੋਂ ਤੱਕ ਜ਼ਹਿਰ ਬੀਜਦੇ ਤੇ ਖਾਂਦੇ ਰਹੋਗੇ? ਪੰਜਾਬੀਓ ਕਦੋਂ ਤੱਕ ਤੁਸੀਂ ਇਹ ਅੱਖੀਂ ਦੇਖੀ ਮੱਖੀ ਨਿਗਲਦੇ ਰਹੋਗੇ? ਹੁਣ ਤਾਂ ਪਾਣੀ ਸਿਰੋਂ ਲੰਘ ਗਿਆ ਹੈ, ਉੱਠੋ ਜਾਗੋ ਤੇ ਇਕੱਠੇ ਹੋਈਏ ਤੇ ਧਾੜਵੀਆਂ ਨੂੰ ਭਜਾਈਏ।



ਬੁੱਧ ਸਿੰਘ ਨੀਲੋਂ
94643 70823

# ਸਮਾਂ ਹਮੇਸ਼ਾ ਆਪਣੀ ਚਾਲ ਚੱਲਦਾ...!



ਸਮਾਂ ਹਮੇਸ਼ਾ ਆਪਣੀ ਚਾਲ ਚੱਲਦਾ ਰਹਿੰਦਾ ਹੈ। ਸਮੇਂ ਨਾਲ ਹਰ ਚੀਜ਼ ਨੇ ਬਦਲਣਾ ਹੁੰਦਾ ਹੈ। ਜਨਮ ਤੋਂ ਬਚਪਨ, ਬਚਪਨ ਤੋਂ ਜਵਾਨੀ ਤੇ ਜਵਾਨ... ੀ ਤੋਂ ਬੁਢਾਪਾ ਅਖੀਰ ਮੌਤ ਜਾ ਕੇ ਕਹਾਣੀ ਮੁੱਕਦੀ ਹੈ। ਇਸ ਵਿੱਚ ਹਰ ਅਵਸਥਾ ਦ... ਆਪਣਾ ਇੱਕ ਮੁਕਾਮ ਹੈ। ਜ਼ਿੰਦਗੀ ਵਿੱਚ ਹਰ ਉਮਰ ਦਾ ਹਰ ਸਮੇਂ ਦਾ ਆਪਣਾ ਇਕ ਰੰਗ ਹੈ। ਸਮੱਸਿਆ ਉਦੋਂ ਆਉਂਦੀ ਹੈ ਜਦੋਂ ਅਸੀਂ ਆਪਣੀ ਢਲਦੀ ਜਵਾਨੀ ਨੂੰ ਮਨਜ਼ੂਰ ਨਹੀਂ ਕਰ ਪਾਉਂਦੇ। ਸਾਨੂੰ ਔਖਾ ਲੱਗਦਾ ਹੈ ਇਸ ਗੱਲ ਨੂੰ ਮੰਨਣਾ ਕਿਉਂ ਸਾਡੀ ਉਮਰ ਢਲ ਰਹੀ ਹੈ ਤੇ ਇਸ ਨਾਲ ਬਹੁਤ ਕੁਝ ਬਦਲ ਵੀ ਰਿਹਾ ਹੈ। ਢੱਲਦੀ ਉਮਰ ਨਾਲ ਸਿਰਫ ਵਾਲ ਚਿੱਟੇ ਨਹੀਂ ਹੁੰਦੇ ਜਾਂ ਸਿਰਫ ਝੁਰੜੀਆਂ ਚਿਹਰੇ ਤੇ ਥੋੜਾ ਥੋੜਾ ਨਜ਼ਰ ਆਉਣੀਆਂ ਸ਼ੁਰੂ ਨਹੀਂ ਹੁੰਦੀਆਂ। ਇਸ ਨਾਲ ਇੱਕ ਸਮਝ ਵੀ ਆਉਂਦੀ ਹੈ। ਇਸ ਨਾਲ ਬੰਦਾ ਸਹਿਜ ਵੀ ਹੁੰਦਾ ਹੈ। ਸਮਾਂ ਜੋ ਸਿਖਾਉਂਦਾ ਹੈ ਉਹ ਕੋਈ ਹੋਰ ਨਹੀਂ ਸਿਖਾ ਸਕਦਾ। ਜਵਾਨੀ ਦੀਆਂ ਭੁੱਲਾਂ ਦਾ ਅਹਿਸਾਸ ਅਕਸਰ ਢਲਦੀ ਉਮਰ ਨਾਲ ਹੀ ਹੁੰਦਾ ਹੈ। ਇਸ ਉਮਰ ਵਿੱਚ ਹੀ ਆਪਣਿਆਂ ਦੀ ਸਮਝ ਆਉਂਦੀ ਹੈ। ਚਿਹਰਾ ਹੈ ਇਹ ਹਮੇਸ਼ਾ ਜਵਾਨ ਨਹੀਂ ਰਹਿ ਸਕਦਾ। ਇਸ ਵਿੱਚ ਥੋੜਾ ਬਹੁਤ ਫਰਕ ਪੈਣਾ ਬਣਦਾ ਹੈ। ਪਰ ਕੁਦਰਤ ਦੀ ਕਾਰੀਗਰੀ ਦੇਖੋ ਇਹ ਫਰਕ ਇੰਨੀ ਹੌਲੀ ਹੌਲੀ ਪੈਂਦਾ ਹੈ ਕਿ ਤੁਹਾਨੂੰ ਮਹਿਸੂਸ ਵੀ ਨਹੀਂ ਹੁੰਦਾ। ਇੱਕ ਗੱਲ ਇਹ ਵੀ ਹੈ ਕਿ ਅੱਜ ਕੱਲ ਅਜਿਹੇ ਬਹੁਤ ਸਾਰੇ ਤਰੀਕੇ ਹਨ ਜਿਸ ਨਾਲ ਤੁਸੀਂ ਆਪਣੀ ਸਾਂਭ ਸੰਭਾਲ ਕਰ ਸਕਦੇ ਹੋ। ਪਰ ਇਹ ਸੱਚ ਹੈ ਕਿ ਤੁਸੀਂ ਕਦੇ ਵੀ ਗਏ ਦਿਨਾਂ ਨੂੰ ਵਾਪਸ ਨਹੀਂ ਲਿਆ ਸਕਦੇ। ਬੁਢਾਪੇ ਤੋਂ ਜਵਾਨੀ ਦਾ ਕੋਈ ਸਫਰ ਨਹੀਂ ਹੈ। ਅੱਖਾਂ ਤੇ ਲੱਗੀ ਐਨਕ ਤੋਂ ਘਬਰਾਓ ਨਾ ਨਾ ਹੀ ਸ਼ਰਮਾਓ। ਇਸ ਨੂੰ ਅਪਣਾਓ। ਇਹ ਤੁਹਾਡੇ ਚਿਹਰੇ ਦਾ ਰੂਪ ਵਧਾਉਂਦੀ ਹੈ। ਜਦੋਂ ਅਸੀਂ ਆਪਣੀ ਉਮਰ ਨੂੰ ਮਨਜ਼ੂਰ ਕਰਦੇ ਹਾਂ ਉਸਨੂੰ ਸਵੀਕਾਰ ਕਰਦੇ ਹਾਂ ਤਾਂ ਸਾਡੇ ਚਿਹਰੇ ਦਾ ਨਿਖਾਰ ਹੀ ਹੋਰ ਹੋ ਜਾਂਦਾ ਹੈ। ਇੱਕ ਉਮਰ ਵਿੱਚ ਖੂਬਸੂਰਤ ਹੋਣਾ ਮਹੱਤਵਪੂਰਨ ਹੁੰਦਾ ਹੈ ਪਰ ਇੱਕ ਉਮਰ ਵਿੱਚ ਐਲੀਗੈਂਟ ਹੋਣਾ ਜਿਆਦਾ ਮਹੱਤਵਪੂਰਨ ਹੋ ਜਾਂਦਾ ਹੈ। ਹਰ ਚੀਜ਼ ਦਾ ਆਪਣਾ ਮਹੱਤਵ ਹੈ। ਆਪਣੇ ਅੰਦਰ ਹੋ ਰਹੀ ਤਬਦੀਲੀ ਨੂੰ ਮਹਿਸੂਸ ਕਰੋ। ਇਹ ਖੁਸ਼ਨਸੀਬੀ ਹਰ ਇੱਕ ਦੀ ਨਹੀਂ ਕਿ ਉਹ ਉਮਰ ਦੇ ਅਖੀਰਲੇ ਪੜਾਅ ਤੱਕ ਪਹੁੰਚੇ। ਜੇਕਰ ਤੁਸੀਂ ਪਹੁੰਚ ਰਹੇ ਹੋ ਤਾਂ ਤੁਸੀਂ ਖੁਸ਼ਕਿਸਮਤ ਹੋ।

ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਕੁਦਰਤ ਦੇ ਹਰ ਬਦਲ ਦੇ ਰੰਗ ਆਪਣੀ ਹਰ ਬਦਲ ਦੀ ਅਵਸਥਾ ਨੂੰ ਮਹਿਸੂਸ ਕਰੋ ਸਵੀਕਾਰ ਕਰੋ ਤੇ ਖੁਸ਼ ਰਹੋ।



ਹਰਪ੍ਰੀਤ ਕੌਰ ਸੰਧੂ

# ਅਹਿਸਾਸ

ਲੱਗਦਾ ਨਾ ਕੁਝ ਵੀ ਚੰਗਾ
ਅਪਣੇ ਬਗੈਰ ਉਸ ਨੂੰ।
ਧਰ ਤਾਜ ਸਿਰ 'ਤੇ ਦਿਸਦਾ
ਹਰ ਕੋਈ ਗੈਰ ਉਸਨੂੰ।

ਛਾਂ ਉਸਦੇ ਤਖ਼ਤ ਦੀ ਹੋਵੇ
ਸਾਰੇ ਜਹਾਨ ਉੱਤੇ
ਅਹਿਸਾਸ ਮਾਲਕੀ ਦਾ
ਰੋਕਣ ਨਾ ਪੈਰ ਉਸਨੂੰ।

ਸੜ ਗਈ ਜਵਾਨੀ ਅੱਗ ਵਿੱਚ
ਮਲਬੇ ਨੇ ਮਹਿਲ ਹੋ ਗਏ
ਕਿਸ ਹਾਲ ਹੈ ਮਨੁੱਖਤਾ
ਇਸ ਨਾਲ ਵੈਰ ਉਸਨੂੰ।

ਉਹ ਖ਼ੈਰ ਖਾਹ ਵਤਨ ਦਾ
ਸੀਨੇ ਚ ਦਰਦ ਰੱਖਦਾ
ਅਪਣੇ ਸਿਵਾਅ ਨਾ ਆਉਂਦੀ
ਮੰਗਣੀ ਹੈ ਖੈਰ ਉਸਨੂੰ।

ਕਿਸ ਤਰਫ਼ ਮੁੜ ਗਈ ਹੈ
ਬੰਦੇ ਦੀ ਨਜ਼ਰ ਆਖਿਰ
ਉੱਜੜੇ ਚਮਨ ਦੀ ਲੱਗਦੀ
ਚੰਗੀ ਹੈ ਸੈਰ ਉਸਨੂੰ।

ਜੁਮਲੇ ਮਸ਼ਹੂਰ ਉਸਦੇ
ਸੁਣਦੇ ਹੀ ਐਡੇ ਹੋ ਗਏ
ਛੱਡਣੇ ਨੇ ਆਉਂਦੇ ਕੋਮਲ
ਏਹ ਫੋਕੇ ਫੈਰ ਉਸਨੂੰ।

ਸਤਿਨਾਮ ਸਿੰਘ ਕੋਮਲ







## ਸਿਆਸੀ ਹੇਜ

# ਕਦੋਂ ਮਿਲੇਗਾ ਸ਼ਹੀਦ ਭਗਤ ਸਿੰਘ ਐਵਾਰਡ?

ਚਰਨਜੀਤਭੁੱਲਰ



ਚੰਡੀਗੜ੍ਹ: ਪੰਜਾਬ ਸਰਕਾਰ ਚਾਰ ਵਰ੍ਹਿਆਂ ਤੋਂ ਸ਼ਹੀਦ ਭਗਤ ਸਿੰਘ ਯੁਵਾ ਐਵਾਰਡ ਦੇਣਾ ਹੀ ਭੁੱਲ ਗਈ ਹੈ। ਭਲਕੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਹੈ ਅਤੇ ਲੰਘੇ ਸਮੇਂ ਦੌਰਾਨ ਇਸ ਮੌਕੇ ਭਗਤ ਸਿੰਘ ਯੂਥ ਐਵਾਰਡ ਦਿੱਤੇ ਜਾਂਦੇ ਰਹੇ ਹਨ ਪਰ 'ਆਪ' ਸਰਕਾਰ ਆਪਣੇ ਕਾਰਜਕਾਲ ਦੇ ਚਾਰ ਸਾਲਾਂ ਦੌਰਾਨ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਇਕਲੌਤਾ ਯੁਵਾ ਐਵਾਰਡ ਨਹੀਂ ਦੇ ਸਕੀ ਹੈ। ਪੰਜਾਬ ਸਰਕਾਰ ਨੇ ਪਿਛਲੀ ਵਾਰ ਸਾਲ 2021-22 ਦੇ ਐਵਾਰਡ 23 ਮਾਰਚ 2023 ਨੂੰ ਛੇ ਨੌਜਵਾਨਾਂ ਨੂੰ ਦਿੱਤੇ ਸਨ। ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ 'ਤੇ 28 ਸਤੰਬਰ 2022 ਨੂੰ ਖਟਕੜ ਕਲਾਂ 'ਚ ਐਲਾਨ ਕੀਤਾ ਸੀ ਕਿ ਪੰਜਾਬ ਸਰਕਾਰ ਨੌਜਵਾਨਾਂ ਨੂੰ ਹਰ ਵਰ੍ਹੇ ਨਿਯਮਤ ਤੌਰ 'ਤੇ ਸ਼ਹੀਦ ਭਗਤ ਸਿੰਘ ਯੁਵਾ ਪੁਰਸਕਾਰ ਦੇਵੇਗੀ। ਮੁੱਖ ਮੰਤਰੀ ਭਗਵੰਤ ਮਾਨ ਨੇ ਪਿਛਲੀ ਵਾਰ ਪਿਛਲੀ ਸਰਕਾਰ ਦੇ ਕਾਰਜਕਾਲ 2021-22 ਦੇ ਇੱਕ ਸਾਲ ਦੇ ਐਵਾਰਡ ਦਿੱਤੇ ਸਨ।

'ਆਪ' ਸਰਕਾਰ ਨੇ ਸਾਲ 2022-23, 2023-24, 2024-25 ਅਤੇ ਸਾਲ 2025-26 ਦੌਰਾਨ ਸ਼ਹੀਦ ਭਗਤ ਸਿੰਘ ਯੁਵਾ ਐਵਾਰਡ ਐਲਾਨਿਆ ਹੀ ਨਹੀਂ ਅਤੇ ਨਾ ਹੀ ਨੌਜਵਾਨਾਂ ਤੋਂ ਦਰਖ਼ਾਸਤਾਂ ਦੀ ਮੰਗ ਕੀਤੀ। ਸ਼ਹੀਦ ਭਗਤ ਸਿੰਘ ਯੁਵਾ ਪੁਰਸਕਾਰ ਦੀ ਸ਼ੁਰੂਆਤ 1985 'ਚ ਹੋਈ ਸੀ। ਪਹਿਲਾਂ ਇਸ ਐਵਾਰਡ ਤਹਿਤ ਹਰ ਜੇਤੂ ਨੂੰ 10 ਹਜ਼ਾਰ ਰੁਪਏ ਦੀ ਰਕਮ ਦਿੱਤੀ ਜਾਂਦੀ ਸੀ। ਅਕਾਲੀ ਸਰਕਾਰ ਨੇ ਬਾਅਦ 'ਚ ਇਹ ਰਕਮ ਵਧਾ ਕੇ 21 ਹਜ਼ਾਰ ਰੁਪਏ ਕਰ ਦਿੱਤੀ ਗਈ। ਕੈਪਟਨ ਅਮਰਿੰਦਰ ਸਿੰਘ ਨੇ 23 ਮਾਰਚ 2017 ਨੂੰ ਐਵਾਰਡ ਦੀ ਰਕਮ ਵਧਾ ਕੇ 51 ਹਜ਼ਾਰ ਰੁਪਏ ਕਰ ਦਿੱਤੀ ਸੀ। ਮੌਜੂਦਾ ਸਰਕਾਰ ਨੇ ਇਸ ਪੁਰਸਕਾਰ ਰਾਸ਼ੀ 'ਚ ਹਾਲੇ ਤੱਕ ਕੋਈ ਵਾਧਾ ਨਹੀਂ ਕੀਤਾ। ਯੁਵਕ ਸੇਵਾਵਾਂ ਵਿਭਾਗ ਵੱਲੋਂ ਹਰ ਜ਼ਿਲ੍ਹੇ ਦੇ ਦੋ ਨੌਜਵਾਨਾਂ ਨੂੰ ਇਸ ਐਵਾਰਡ ਲਈ ਚੁਣਿਆ ਜਾਂਦਾ ਹੈ।

ਆਪ ਸਰਕਾਰ ਨੇ ਸਾਲ 2021-22 ਦੇ ਐਵਾਰਡ ਲਈ 29 ਨੌਜਵਾਨਾਂ ਦੀ ਚੋਣ ਕੀਤੀ ਸੀ ਪਰ ਐਵਾਰਡ ਸਿਰਫ਼ ਛੇ ਨੌਜਵਾਨਾਂ ਨੂੰ ਹੀ ਦਿੱਤਾ ਗਿਆ ਸੀ। ਐਡਵੋਕੇਟ ਸਤਨਾਮ ਸਿੰਘ ਰੋਪੜ ਨੇ ਉਸ ਸਾਲ ਦੇ ਐਵਾਰਡਾਂ ਦੀ ਚੋਣ 'ਚ ਕਾਣੀ ਵੰਡ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਮਾਮਲੇ ਨੂੰ ਚੁਣੌਤੀ ਵੀ ਦਿੱਤੀ ਹੋਈ ਹੈ। ਐਡਵੋਕੇਟ ਸਤਨਾਮ ਸਿੰਘ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 28 ਸਤੰਬਰ 2022 ਨੂੰ ਕੀਤੇ ਟਵੀਟ ਦਾ ਹਵਾਲਾ ਵੀ ਦਿੱਤਾ ਹੈ ਜਿਸ 'ਚ 46 ਨੌਜਵਾਨਾਂ ਨੂੰ 51 ਹਜ਼ਾਰ ਰੁਪਏ ਦਾ ਐਵਾਰਡ ਦਿੱਤੇ ਜਾਣ ਦੀ ਗੱਲ ਕਹੀ ਗਈ ਸੀ। ਪਿਛਾਂਹ ਨਜ਼ਰ ਮਾਰੀਏ ਤਾਂ ਅਕਾਲੀ-ਭਾਜਪਾ ਗੱਠਜੋੜ ਸਰਕਾਰ ਦੇ ਚਾਰ ਵਰ੍ਹਿਆਂ ਦੇ ਪੁਰਸਕਾਰਾਂ ਦੀ ਵੰਡ ਵੀ ਕੈਪਟਨ ਅਮਰਿੰਦਰ ਸਿੰਘ ਨੇ 2017-18 ਵਿਚ ਕੀਤੀ ਸੀ। ਕਾਂਗਰਸ ਸਰਕਾਰ ਨੇ ਵੀ ਆਪਣੇ ਸਮੇਂ 'ਚ ਕਦੇ ਇਹ ਐਵਾਰਡ ਨਿਯਮਤ ਤੌਰ 'ਤੇ ਨਹੀਂ ਦਿੱਤਾ।

ਪੰਜਾਬ ਯੂਥ ਵਿਕਾਸ ਬੋਰਡ ਦੇ ਚੇਅਰਮੈਨ ਪਰਮਿੰਦਰ ਸਿੰਘ ਗੋਲਡੀ ਨੇ ਕਿਹਾ ਕਿ ਹੁਣ ਨਵੀਂ ਯੂਥ ਨੀਤੀ ਵਿਚ ਹਰ ਜ਼ਿਲ੍ਹੇ ਦੇ ਸਰਵੋਤਮ ਕਲੱਬਾਂ ਨੂੰ ਐਵਾਰਡ ਦਿੱਤਾ ਜਾਇਆ ਕਰੇਗਾ। ਐਵਾਰਡ ਦੀ ਰਾਸ਼ੀ ਵਿਚ ਵੀ ਵਾਧਾ ਕੀਤਾ ਗਿਆ ਹੈ। ਪਿਛਲੇ ਤਿੰਨ ਸਾਲਾਂ ਦੀ ਕਾਰਗੁਜ਼ਾਰੀ ਨੂੰ ਆਧਾਰ ਬਣਾਇਆ ਜਾਵੇਗਾ ਅਤੇ ਜਲਦ ਹੀ ਇਸ ਐਵਾਰਡ ਲਈ ਦਰਖ਼ਾਸਤਾਂ ਦੀ ਮੰਗ ਕੀਤੀ ਜਾਵੇਗੀ। ਉਨ੍ਹਾਂ ਪਿਛਲੇ ਚਾਰ ਸਾਲਾਂ ਦੇ ਐਵਾਰਡ ਨਾ ਦਿੱਤੇ ਜਾਣ ਬਾਰੇ ਇਹ ਮਾਮਲਾ ਅਦਾਲਤ ਵਿਚ ਹੋਣ ਦੀ ਗੱਲ ਆਖੀ।

**ਨਵੀਂ ਨੀਤੀ ਚੋਂ ਭਗਤ ਸਿੰਘ ਦਾ ਨਾਂ ਗ਼ਾਇਬ**

'ਆਪ' ਸਰਕਾਰ ਵੱਲੋਂ 14 ਅਗਸਤ 2024 ਨੂੰ ਐਲਾਨੀ 'ਯੂਥ ਸਰਵਿਸਿਜ਼ ਪਾਲਿਸੀ' ਚੋਂ ਸ਼ਹੀਦ ਭਗਤ ਸਿੰਘ ਦਾ ਨਾਂ ਹੀ ਗ਼ਾਇਬ ਹੋ ਗਿਆ ਹੈ। ਨਵੀਂ ਨੀਤੀ 'ਚ ਹਰ ਜ਼ਿਲ੍ਹੇ ਦੇ ਤਿੰਨ ਸਰਵੋਤਮ ਯੂਥ ਕਲੱਬਾਂ ਨੂੰ ਕ੍ਰਮਵਾਰ ਪੰਜ ਲੱਖ, ਤਿੰਨ ਲੱਖ ਅਤੇ ਦੋ ਲੱਖ ਦਾ ਐਵਾਰਡ ਦੇਣ ਦਾ ਜ਼ਿਕਰ ਹੈ। ਇਨ੍ਹਾਂ ਵਾਸਤੇ 2.3 ਕਰੋੜ ਦਾ ਬਜਟ ਰੱਖਿਆ ਜਾਣਾ ਹੈ। ਸਮੁੱਚੀ ਨੀਤੀ 'ਚ ਕਿਧਰੇ ਵੀ 'ਸ਼ਹੀਦ ਭਗਤ ਸਿੰਘ ਯੁਵਾ ਅਵਾਰਡ' ਦਾ ਜ਼ਿਕਰ ਨਹੀਂ ਹੈ। ਇਹ ਨੀਤੀ ਬਣਨ ਮਗਰੋਂ ਯੂਥ ਕਲੱਬਾਂ ਨੂੰ ਵੀ ਕੋਈ ਐਵਾਰਡ ਰਾਸ਼ੀ ਨਹੀਂ ਦਿੱਤੀ ਗਈ ਹੈ।

# ਯੂ.ਐੱਸ. ਅਤੇ ਇਰਾਨ ਵਿਚਾਲੇ ਸਮਝੌਤੇ ਦੀ ਉਮੀਦ ਘੱਟ?



ਅਰਬ ਵਿਚੋਲਿਆਂ ਨੇ ਵਾਲ ਸਟ੍ਰੀਟ ਜਰਨਲ ਨੂੰ ਗੁਪਤ ਤੌਰ 'ਤੇ ਦੱਸਿਆ ਹੈ ਕਿ ਉਨ੍ਹਾਂ ਨੂੰ ਯੂ.ਐੱਸ. ਅਤੇ ਇਰਾਨ ਵਿਚਾਲੇ ਤੁਰੰਤ ਸਮਝੌਤੇ ਦੀ ਉਮੀਦ ਘੱਟ ਹੈ। ਦੋਵਾਂ ਧਿਰਾਂ ਇੱਕ ਦੂਜੇ ਤੋਂ ਬਹੁਤ ਦੂਰ ਹਨ।

ਇਰਾਨ ਗੱਲਬਾਤ ਤੋਂ ਆਪਣੇ ਆਪ ਨੂੰ ਸਰਗਰਮੀ ਨਾਲ ਦੂਰ ਰੱਖ ਰਿਹਾ ਹੈ। ਟਰੰਪ ਉਸ ਡੀਲ ਲਈ ਧੱਕਾ ਕਰ ਰਹੇ ਹਨ ਜਿਸ ਨੂੰ ਦੂਜੀ ਧਿਰ ਕਹਿੰਦੀ ਹੈ ਕਿ ਉਹਨਾਂ ਨੇ ਨਹੀਂ ਕਰਨੀ ਡੀਲ 5-ਦਿਨਾਂ ਵਿਰਾਮ ਸ਼ਨੀਵਾਰ ਨੂੰ ਖਤਮ ਹੋ ਰਿਹਾ ਹੈ। ਇਸਲਾਮਾਬਾਦ ਵਿਚ ਮੀਟਿੰਗ ਦੀ ਪੁਸ਼ਟੀ ਨਹੀਂ ਹੋਈ। ਗ਼ਾਲਿਬਾਫ਼ ਨੇ ਗੱਲਬਾਤ ਦੀਆਂ ਖ਼ਬਰਾਂ ਨੂੰ ਤੇਲ ਬਾਜ਼ਾਰਾਂ ਨੂੰ ਮੈਨੀਪੁਲੇਟ ਕਰਨ ਲਈ ਫੇਕ ਨਿਊਜ਼ ਦੱਸਿਆ ਹੈ ਤੇ ਕਿਹਾ ਕਿ ਟਰੰਪ ਲੋਕਾਂ ਨੂੰ ਭਰਮਾ ਰਿਹਾ ਹੈ। ਇਰਾਨੀ ਵਿਦੇਸ਼ ਮੰਤਰਾਲੇ ਨੇ ਚੌਥੀ ਵਾਰ ਸੰਪਰਕ ਤੋਂ ਇਨਕਾਰ ਕੀਤਾ ਹੈ ਅਤੇ ਉਹ ਵਿਚੋਲੇ ਜੋ ਫਾਸਲਾ ਘਟਾਉਣ ਵਾਲੇ ਹਨ ਉਹ ਹੁਣ ਗੁਪਤ ਤੌਰ ਤੇ ਮੰਨ ਰਹੇ ਹਨ ਕਿ ਉਨ੍ਹਾਂ ਨੂੰ ਈਰਾਨ ਦਾ ਪਾਸਾ ਨਜ਼ਰ ਨਹੀਂ ਆ ਰਿਹਾ।

ਇਹ ਫਾਸਲਾ ਸਿਰਫ਼ ਬੋਲੀਆਂ ਵਾਲਾ ਨਹੀਂ ਹੈ ਇਹ ਢਾਂਚਾਗਤ ਹੈ। ਸੰਯੁਕਤ ਰਾਜ ਅਮਰੀਕਾ ਮੰਗ ਕਰ ਰਿਹਾ ਹੈ ਕਿ ਸਟ੍ਰੇਟ ਆਫ਼ ਹਰਮੁਜ਼ ਨੂੰ ਸਾਰੀਆਂ ਵਪਾਰੀ ਆਵਾਜਾਈ ਲਈ ਬਿਨਾਂ ਟੋਲ ਜਾਂ ਜਾਂਚ ਤੋਂ ਤੁਰੰਤ ਅਤੇ ਤਸਦੀਕਯੋਗ ਤਰੀਕੇ ਨਾਲ ਖੋਲ੍ਹਿਆ ਜਾਵੇ। ਇਰਾਨ ਮੰਗ ਕਰ ਰਿਹਾ ਹੈ ਕਿ ਚੁਣਿੰਦਾ ਪਾਬੰਦੀਆਂ ਹਟਾਈਆਂ ਜਾਣ ਤੇ ਉਸਦੇ ਊਰਜਾ ਢਾਂਚੇ ਉੱਤੇ ਭਵਿੱਖ ਵਿਚ ਹਮਲਿਆਂ ਤੋਂ ਗਾਰੰਟੀ ਮਿਲੇ ਅਤੇ ਉਸ ਦੀ ਖੇਤਰੀ ਸੁਰੱਖਿਆ ਭੂਮਿਕਾ ਨੂੰ ਮਾਨਤਾ ਦਿੱਤੀ ਜਾਵੇ। ਵਾਸ਼ਿੰਗਟਨ ਟੋਲ ਬੂਥ ਨੂੰ ਤੋੜਨਾ ਚਾਹੁੰਦਾ ਹੈ। ਤਹਿਰਾਨ ਟੋਲ ਬੂਥ ਰੱਖਣਾ ਚਾਹੁੰਦਾ ਹੈ ਅਤੇ ਉਸ ਨੂੰ ਖੁੱਲ੍ਹਾ ਰੱਖਣ ਲਈ ਭੁਗਤਾਨ ਚਾਹੁੰਦਾ ਹੈ। ਇਹ ਉਹ ਸਥਿਤੀਆਂ ਹਨ ਜੋ ਵਿਚਕਾਰ ਆ ਕੇ ਨਹੀਂ ਮਿਲ ਸਕਦੀਆਂ। ਇਹ ਉਹ ਸਥਿਤੀਆਂ ਹਨ ਜੋ ਯੁੱਧ ਤੋਂ ਬਾਅਦ ਵਾਲੀ ਵਿਵਸਥਾ ਲਈ ਬਿਲਕੁਲ ਉਲਟ ਢਾਂਚੇ ਨੂੰ ਪਰਿਭਾਸ਼ਿਤ ਕਰਦੀਆਂ ਹਨ। ਗੱਲਬਾਤਾਂ ਜਿੰਨੀਆਂ ਵੀ ਹਨ ਛੋਟੀ ਮਿਆਦ ਦੀ ਘਟਾਅ ਉੱਤੇ ਕੇਂਦਰਿਤ ਹਨ।

ਤੁਰੰਤ ਸੀਜ਼ਫਾਇਰ, ਹਰਮੁਜ਼ ਦੀ ਸੀਮਤ ਖੁਲ੍ਹਾਈ ਅਤੇ ਲੰਬੀਆਂ ਗੱਲਬਾਤਾਂ ਲਈ ਫਰੇਮਵਰਕ ਜਾਨੀ ਕਿ ਪੂਰੀ ਸ਼ਾਂਤੀ ਨਹੀਂ ਨਾ ਕੋਈ ਨਿਊਕਲੀਅਰ ਰੋਲਬੈਕ ਤੇ ਗੱਲਬਾਤ ਆ ਨਾ ਹੀ ਹਰਮੁਜ਼ ਦਾ ਹੱਲ ਹੈ। ਜਦੋਂ ਕੂਟਨੀਤਕ ਟੇਬਲ ਦੀ ਸ਼ਕਲ ਬਾਰੇ ਗੱਲਬਾਤ ਕਰ ਰਹੇ ਹਨ ਤਾਂ ਤਿੰਨ ਘੜੀਆਂ ਚੱਲ ਰਹੀਆਂ ਹਨ ਜਿਨ੍ਹਾਂ ਨੂੰ ਕੋਈ ਗੱਲਬਾਤ ਰੋਕ ਨਹੀਂ ਸਕਦੀ।

ਪਹਿਲੀ ਘੜੀ ਨਾਈਟ੍ਰੋਜਨ ਟ੍ਰੈਪ== ਹਰਮੁਜ਼ ਕਾਰੀਡੋਰ ਕਿਸੇ ਵੀ ਕੀਮਤ ਤੇ ਖਾਦ ਲਿਜਾਣ ਤੋਂ ਰੋਕ ਰਿਹਾ ਹੈ। ਰੂਸ ਨੇ ਅਪ੍ਰੈਲ 21 ਤੋਂ ਬਾਅਦ ਤੱਕ ਅਮੋਨੀਅਮ ਨਾਈਟ੍ਰੇਟ ਦੀ ਬਰਾਮਦ ਰੋਕੀ ਹੋਈ ਹੈ। ਚੀਨ ਨੇ ਅਗਸਤ ਤੱਕ ਨਾਈਟ੍ਰੋਜਨ-ਪੋਟਾਸ਼ ਬਲੈਂਡ ਅਤੇ ਫਾਸਫੇਟ ਉੱਤੇ ਪਾਬੰਦੀ ਲਗਾਈ ਹੋਈ ਹੈ। ਯੂ.ਐੱਸ. ਕਾਰਨ ਬੈਲਟ ਵਿਚ ਨਾਈਟ੍ਰੋਜਨ ਵਿੰਡੋ ਮੱਧ ਅਪ੍ਰੈਲ ਵਿਚ ਬੰਦ ਹੋ ਜਾਵੇਗੀ। ਬੰਗਲਾਦੇਸ਼ ਵਿਚ ਬੋਰੋ ਚਾਵਲ ਦੀ ਟ੍ਰਾਂਸਪਲਾਂਟਿੰਗ ਇਸ ਵੇਲੇ ਚੱਲ ਰਹੀ ਹੈ। ਐਫਏਓ ਫੂਡ ਪ੍ਰਾਈਸ ਇੰਡੈਕਸ ਫਰਵਰੀ ਵਿਚ ਹੀ 0.9 ਫੀਸਦੀ ਵਧ ਚੁੱਕਾ ਹੈ, ਇਸ ਤੋਂ ਪਹਿਲਾਂ ਕਿ ਸਭ ਤੋਂ ਭੈੜੇ ਅਸਰ ਪੈਣ। ਵਰਲਡ ਬੈਂਕ ਅਨੁਮਾਨ ਲਗਾਉਂਦਾ ਹੈ ਕਿ ਖਾਦ ਦੀਆਂ ਕੀਮਤਾਂ ਵਿਚ ਹਰ 1 ਫੀਸਦੀ ਵਾਧੇ ਨਾਲ ਗਲੋਬਲ ਭੋਜਨ ਕੀਮਤਾਂ ਵਿਚ 0.45 ਫੀਸਦੀ ਵਾਧਾ ਹੁੰਦਾ ਹੈ। ਯੂਰੀਆ ਯੁੱਧ ਸ਼ੁਰੂ ਹੋਣ ਤੋਂ ਬਾਅਦ 30 ਤੋਂ 40 ਫੀਸਦੀ ਵਧ ਚੁੱਕੀ ਹੈ। ਬੀਜਣ ਦੀ ਵਿੰਡੋ ਜੀਵ ਵਿਗਿਆਨਕ ਹੈ। ਉਹ ਇਸਲਾਮਾਬਾਦ ਦੀ ਉਡੀਕ ਨਹੀਂ ਕਰਦੀ।

ਦੂਜੀ ਘੜੀ ਹੈ ਕੈਰੀ ਟ੍ਰੇਡ === ਜਾਪਾਨ ਦਾ 10-ਸਾਲਾ ਯੀਲਡ 2.278 ਫੀਸਦੀ ਤੇ ਹੈ, ਜੋ 1999 ਤੋਂ ਬਾਅਦ ਸਭ ਤੋਂ ਉੱਚਾ ਹੈ। 40-ਸਾਲਾ 3.77 ਤੇ ਹੈ। $5 ਟ੍ਰਿਲੀਅਨ ਵਿਦੇਸ਼ੀ ਸੰਪੱਤੀਆਂ ਰੱਖਣ ਵਾਲੀਆਂ ਲਾਈਫ ਇੰਸ਼ੋਰੈਂਸ ਕੰਪਨੀਆਂ ਰਿਪੈਟ੍ਰੀਏਟ ਕਰ ਰਹੀਆਂ ਹਨ। ਬੀਓਜੇ ਟਾਈਟਨਿੰਗ ਦਾ ਸੰਕੇਤ ਦੇ ਰਿਹਾ ਹੈ। ਫੈਡ ਕੱਟ ਨਹੀਂ ਕਰ ਸਕਦਾ ਕਿਉਂਕਿ ਯੁੱਧ ਵਾਲੇ ਤੇਲ ਕਾਰਨ ਮਹਿੰਗਾਈ 2.7 ਫੀਸਦੀ ਹੈ। ਈਸੀਬੀ ਹਾਈਕ ਕਰ ਰਿਹਾ ਹੈ। ਹਰ ਉਹ ਦਿਨ ਜਦੋਂ ਕੂਟਨੀਤਕ ਰੁਕਾਵਟ ਜਾਰੀ ਰਹਿੰਦੀ ਹੈ, ਉਹ ਦਿਨ ਕੈਰੀ ਟ੍ਰੇਡ ਦੀ ਵਾਪਸੀ ਤੇਜ਼ ਕਰਦਾ ਹੈ ਅਤੇ ਗਲੋਬਲ ਉਧਾਰ ਲਾਗਤਾਂ ਵਧਾਉਂਦਾ ਹੈ।

ਤੀਜੀ ਘੜੀ ਯੁਆਨ == ਚੀਨੀ ਕਰੰਸੀ ਯੁਆਨ ਵਾਲੇ ਟੈਂਕਰਾ ਨੂੰ ਇਜਾਜ਼ਤ ਵਾਲੇ ਕਾਰੀਡੋਰ ਵਿਚੋਂ ਲੰਘਦਾ ਹੈ, ਉਹ ਗੈਰ-ਡਾਲਰ ਊਰਜਾ ਭੁਗਤਾਨ ਲਈ ਇੱਕ ਮਿਸਾਲ ਕਾਇਮ ਕਰਦਾ ਹੈ। ਕੂਟਨੀਤਕ ਰੁਕਾਵਟ ਯੁਆਨ ਰੇਲ ਨੂੰ ਫ੍ਰੀਜ਼ ਨਹੀਂ ਕਰਦੀ। ਉਸ ਨੂੰ ਤੇਜ਼ ਕਰਦੀ ਹੈ। ਜਦੋਂ ਵਿਚੋਲੀ ਫਾਸਲਾ ਘਟਾਉਣਗੇ, ਤਦ ਤੱਕ ਯੁੱਧ ਵਿਚ ਬਣਾਈ ਜਾ ਰਹੀ ਭੁਗਤਾਨ ਢਾਂਚਾਗਤ ਵਿਵਸਥਾ ਸਥਾਈ ਬਣ ਚੁੱਕੀ ਹੋ ਸਕਦੀ ਹੈ ਜੋ ਡਾਲਰ ਨੂੰ ਡਾਊਂਨ ਕਰਦੀ ਹੈ। ਵਿਚੋਲੀ ਸ਼ੱਕੀ ਹਨ। ਧਿਰਾਂ ਬਹੁਤ ਦੂਰ ਹਨ। ਵਿਰਾਮ ਸ਼ਨੀਵਾਰ ਨੂੰ ਖਤਮ ਹੋ ਰਿਹਾ ਹੈ। ਅਤੇ ਉਹ ਤਿੰਨ ਘੜੀਆਂ ਜੋ ਅਸਲ ਵਿਚ ਇਸ ਯੁੱਧ ਦਾ ਨਤੀਜਾ ਤੈਅ ਕਰਦੀਆਂ ਹਨ—ਨਾਈਟ੍ਰੋਜਨ, ਯੀਲਡ ਅਤੇ ਯੁਆਨ—ਕੋਈ ਵੀ ਕੂਟਨੀਤਕ ਬ੍ਰੀਫਿੰਗ ਵਿਚ ਹਾਜ਼ਰ ਨਹੀਂ ਹੁੰਦੀਆਂ। ਉਹ ਟਿਕਦੀਆਂ ਰਹਿੰਦੀਆਂ ਹਨ।

ਜਾਗਰ ਅਮਲੀ

# ਟਰੱਕਿੰਗ ਵਰਲਡ 2026 ਮਿਸੀਸਾਗਾ 'ਚ ਹੋਏਗੀ ਕੈਨੇਡਾ ਦੀ ਟਰੱਕਿੰਗ ਇੰਡਸਟਰੀ



ਮਿਸੀਸਾਗਾ/– ਕੈਨੇਡਾ ਦੀ ਟਰੱਕਿੰਗ ਇੰਡਸਟਰੀ ਦੇ ਨੁਮਾਇੰਦੇ 16 ਤੋਂ 18 ਅਪਰੈਲ ਤੱਕ ਮਿਸੀਸਾਗਾ ਦੇ ਇੰਟਰਨੈਸ਼ਨਲ ਸੈਂਟਰ ਵਿੱਚ ਇਕੱਠੇ ਹੋਣਗੇ। ਤਿੰਨ ਦਿਨ ਦੇ ਇਸ ਇਕੱਠ ਵਿੱਚ ਨਵੀਂ ਟੈਕਨੌਲੋਜੀ ਨੂੰ ਦੇਖਣ ਅਤੇ ਨੈਟਵਰਕਿੰਗ ਦੇ ਮੌਕੇ ਮਿਲਣਗੇ। ਇਸ 350,000 ਸੁਕੇਅਰ ਫੁੱਟ ਦੀ ਵਿਸ਼ਾਲ ਥਾਂ ਵਿਚ 500 ਤੋਂ ਵੱਧ ਪ੍ਰਦਰਸ਼ਨੀਆਂ ਹੋਣਗੀਆਂ, ਜਿਸ ਵਿੱਚ 12,000 ਲੋਕ ਸ਼ਾਮਲ ਹੋਣਗੇ, ਜਿਨ੍ਹਾਂ ਵਿੱਚ ਅਪਰੇਟਰ, ਪ੍ਰਫੈਸ਼ਨਲ ਡਰਾਈਵਰ, ਸਪਲਾਇਰਜ਼, ਮੈਨੂਫੈਕਚਰਰਜ਼ ਅਤੇ ਇੰਡਸਟਰੀ ਲੀਡਰ ਸ਼ਾਮਲ ਹਨ। ਟਰੱਕ ਵਰਲਡ ਇਵੈਂਟ ਦੌਰਾਨ ਸ਼ਾਮਲ ਹੋਣ ਵਾਲਿਆਂ ਨੂੰ ਨਵੀਨਤਮ ਟਰੱਕਾਂ, ਸਾਜ਼ੋ-ਸਾਮਾਨ, ਤਕਨਾਲੋਜੀ ਅਤੇ ਸਰਵਿਸਜ਼ ਦੇਖਣ ਦਾ ਮੌਕਾ ਮਿਲਦਾ ਹੈ, ਜਿਸ ਨਾਲ ਟਰਾਂਸਪੋਰਟ ਸੈਕਟਰ ਦੇ ਭਵਿੱਖ ਦੀ ਝਲਕ ਮਿਲਦੀ ਹੈ।

ਇਸ ਸਾਲ ਦੇ ਸ਼ੋਅ ਦੀ ਖਾਸ ਖਿੱਚ ਨਿਊ ਟਰੱਕ ਵਰਲਡ ਗੈਰਾਜ ਹੋਵੇਗਾ, ਜਿਹੜੀ ਕਿ ਸ਼ੋਅ ਫਲੋਰ ਤੇ ਚੱਲ ਰਹੀ ਇਕ ਖੁੱਲ੍ਹੀ ਰਿਪੇਅਰ ਸ਼ੌਪ ਹੋਵੇਗੀ। ਇਸ ਵਿਚ ਟੂਲਜ਼, ਸਾਜ਼ੋ-ਸਮਾਨ ਅਤੇ ਟੈਕਨੌਲੋਜੀ ਨੂੰ ਸਾਹਮਣੇ ਵਰਤੀ ਜਾਂਦੇ ਹੋਏ ਦੇਖਿਆ ਜਾ ਸਕੇਗਾ। ਇਵੈਂਟ ਵਿੱਚ ਸ਼ਾਮਲ ਹੋਣ ਵਾਲੇ ਗ੍ਰੀਨਟੈਕ ਪਵੀਲੀਅਨ ਵਿਚ ਅਜਿਹੀ ਟੈਕਨੌਲੋਜੀ ਦੇਖ ਸਕਣਗੇ, ਜਿਹੜੀ ਫਲੀਟ ਕੁਸ਼ਲਤਾ, ਤੇਲ ਅਤੇ ਸਾਂਭ-ਸੰਭਾਲ ਖਰਚਿਆਂ ਵਿਚ ਬਚਤ ਵਰਗੇ ਪਹਿਲੂਆਂ ਲਈ ਬਣੀ ਟੈਕਨੌਲੋਜੀ ਨੂੰ ਦਰਸਾਏਗੀ। ਰਾਈਡ ਐਂਡ ਡਰਾਈਵ ਟਰੈਕ ਵਿਚ ਲਾਇਸੰਸ ਵਾਲੇ ਡਰਾਈਵਰ ਨਵੀਆਂ ਕਮਰਸ਼ੀਅਲ ਗੱਡੀਆਂ ਚਲਾਕੇ ਦੇਖ ਸਕਣਗੇ, ਜਿਹੜੀਆਂ ਹਾਈਡ੍ਰੋਜਨ, ਬੈਟਰੀ ਜਾਂ ਇਲੈਕਟ੍ਰਿਕ ਟੈਕਨੌਲੋਜੀ ਨਾਲ ਚੱਲਣ ਵਾਲੀਆਂ ਹਨ।

ਨਵੀਂ ਟੈਕਨੌਲੋਜੀ, ਬਦਲ ਰਹੀਆਂ ਰੈਗੂਲੇਸ਼ਨਾਂ ਅਤੇ ਕੁਸ਼ਲਤਾ ਤੇ ਵਧ ਰਹੇ ਜ਼ੋਰ ਕਾਰਨ ਟਰੱਕ ਕੰਪਨੀਆਂ ਲਗਾਤਾਰ ਬਦਲ ਰਹੀਆਂ ਹਨ। ਟਰੱਕ ਵਰਲਡ ਵਰਗੇ ਸਮਾਗਮਾਂ ਦੌਰਾਨ ਇੰਡਸਟਰੀ ਪ੍ਰਫੈਸ਼ਨਲਾਂ ਨੂੰ ਮੌਕਾ ਮਿਲਦਾ ਹੈ, ਜਿੱਥੇ ਉਹ ਆ ਰਹੀ ਟੈਕਨੌਲੋਜੀ ਦੇਖ ਸਕਦੇ ਹਨ, ਵਿਚਾਰ ਸਾਂਝੇ ਕਰ ਸਕਦੇ ਹਨ ਅਤੇ ਸੇਫਟੀ ਅਤੇ ਅਪਰੇਸ਼ਨਲ ਪ੍ਰਫੌਰਮੰਸ ਨੂੰ ਸੁਧਾਰਨ ਲਈ ਤਰੀਕਿਆਂ ਬਾਰੇ ਜਾਣ ਸਕਦੇ ਹਨ।

ਇੰਡਸਟਰੀ ਨਾਲ ਜੁੜੇ ਲੋਕ ਅਤੇ ਹਾਜ਼ਰ ਹੋਣ ਵਾਲੇ ਲੋਕ truckworld.ca ਤੇ ਜਾ ਕੇ ਔਨਲਾਈਨ ਰਜਿਸਟਰ ਕਰ ਸਕਦੇ ਹਨ। ਫਰੀ ਦਾਖਲੇ ਲਈ 15 ਅਪਰੈਲ ਤੋਂ ਪਹਿਲਾਂ ਸੀਮਤ ਸਮੇਂ ਵਾਸਤੇ ਇਕ ਪ੍ਰੋਮੋ ਕੋਡ STAR ਦੀ ਵੀ ਵਰਤੋਂ ਕੀਤੀ ਜਾ ਸਕਦੀ ਹੈ। ਕੇਏਪੀਓਡਬਲਯੂ ਕਮਿਊਨੀਕੇਸ਼ਨਜ਼ ਦੀ ਸਰਬਜੀਤ ਕੌਰ ਨੇ ਕਿਹਾ, 'ਕੈਨੇਡਾ ਦੀ ਟਰੱਕਿੰਗ ਇੰਡਸਟਰੀ ਨੂੰ ਖੜ੍ਹੀ ਕਰਨ ਲਈ ਸਾਊਥ ਏਸ਼ੀਅਨ ਟਰੱਕ ਡਰਾਈਵਰਾਂ, ਉੱਦਮੀਆਂ ਅਤੇ ਫਲੀਟ ਆਪਰੇਟਰਾਂ ਨੇ ਅਹਿਮ ਭੂਮਿਕਾ ਨਿਭਾਈ ਹੈ। ਟਰੱਕ ਵਰਲਡ ਪੂਰੀ ਇੰਡਸਟਰੀ ਨੂੰ ਇਕੱਠੇ ਹੋਣ, ਵਿਚਾਰ ਸਾਂਝੇ ਕਰਨ ਅਤੇ ਨਵੀਨਤਾ ਦੀ ਪੜਚੋਲ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ ਜਿਸ ਨਾਲ ਇਸ ਖੇਤਰ ਨੂੰ ਅੱਗੇ ਵਧਾਉਣ ਵਿੱਚ ਸਹਾਇਤਾ ਮਿਲਦੀ ਹੈ'। ਟਰੱਕ ਵਰਲਡ ਦੇ ਸ਼ੋਅ ਮੈਨੇਜਰ ਥਿਏਅਰੀ ਕੁਆਗਲੀਆਟਾ ਨੇ ਕਿਹਾ, 'ਟਰੱਕ ਵਰਲਡ ਪੂਰੇ ਟਰੱਕਿੰਗ ਈਕੋਸਿਸਟਮ ਨੂੰ ਇੱਕ ਛੱਤ ਹੇਠ ਲਿਆਉਂਦਾ ਹੈ। ਨਵੇਂ ਵਾਹਨਾਂ ਅਤੇ ਉਪਕਰਣਾਂ ਤੋਂ ਲੈ ਕੇ ਉਭਰ ਰਹੀ ਤਕਨਾਲੋਜੀ ਅਤੇ ਟਰੱਕ ਵਰਲਡ ਗੈਰੇਜ ਵਿੱਚ ਲਾਈਵ ਪ੍ਰਦਰਸ਼ਨਾਂ ਸਮੇਤ 2026 ਦਾ ਸ਼ੋਅ ਇੰਡਸਟਰੀ ਪ੍ਰਫੈਸ਼ਨਲਾਂ ਨੂੰ ਟਰੱਕਿੰਗ ਦੇ ਭਵਿੱਖ ਨੂੰ ਦਰਸਾਉਣ ਵਾਲੀ ਨਵੀਨਤਾ ਨੂੰ ਵੇਖਣ, ਟੈਸਟ ਕਰਨ ਅਤੇ ਪੜਚੋਲ ਕਰਨ ਦਾ ਮੌਕਾ ਦੇਵੇਗਾ।' ਟਰੱਕ ਵਰਲਡ ਬਾਰੇ ਟਰੱਕ ਵਰਲਡ ਕੈਨੇਡਾ ਦਾ ਸਭ ਤੋਂ ਵੱਡਾ ਟਰੱਕਿੰਗ ਟਰੇਡ ਸ਼ੋਅ ਹੈ ਅਤੇ ਟਰੱਕਿੰਗ ਅਗਜ਼ੈਕਟਿਵਜ਼, ਫਲੀਟ ਮੈਨੇਜਰਾਂ, ਪ੍ਰਫੈਸ਼ਨਲ ਡਰਾਈਵਰਾਂ, ਸਪਲਾਇਰਾਂ, ਅਤੇ ਇੰਡਸਟਰੀ ਲੀਡਰਾਂ ਵਾਸਤੇ ਟਰਾਂਸਪੋਰਟੇਸ਼ਨ ਦੇ ਭਵਿੱਖ ਦੀ ਝਲਕ ਦਿਖਾਉਣ ਵਾਲੇ ਨਵੀਨਤਮ ਟਰੱਕਾਂ, ਸਾਜ਼ੋ-ਸਾਮਾਨਾਂ, ਅਤੇ ਕਾਢਾਂ ਨੂੰ ਦੇਖਣ ਦਾ ਸਭ ਤੋਂ ਵੱਡਾ ਮੰਚ ਹੈ। ਸ਼ੋਅ ਵਿੱਚ 500 ਤੋਂ ਵੱਧ ਪ੍ਰਦਰਸ਼ਨੀਆਂ, ਵਿਦਿਅਕ ਕਾਨਫਰੰਸ ਸੈਸ਼ਨ, ਹੈਂਡਜ਼-ਆਨ ਵੀਏਕਲ ਪ੍ਰਦਰਸ਼ਨ, ਅਤੇ 350,000 ਵਰਗ ਫੁੱਟ ਤੋਂ ਵੱਧ ਦੇ ਪ੍ਰਦਰਸ਼ਨੀ ਸਥਾਨ ਵਿੱਚ ਨੈੱਟਵਰਕਿੰਗ ਦੇ ਬੇਸ਼ੁਮਾਰ ਮੌਕੇ ਹੋਣਗੇ। ਟਰੱਕ ਵਰਲਡ 2026 ਸ਼ੋਅ ਅਪਰੈਲ ਮਹੀਨੇ ਦੀ 16 ਤੋਂ 18 ਤਰੀਕ ਨੂੰ ਮਿਸੀਸਾਗਾ, ਓਨਟਾਰੀਓ ਦੇ ਇੰਟਰਨੈਸ਼ਨਲ ਸੈਂਟਰ ਵਿਖੇ ਹੋਵੇਗਾ।

# ਹੈਪੇਟਾਈਟਸ ਬੀ– ਸਾਊਥ ਏਸ਼ੀਅਨ ਭਾਈਚਾਰੇ ਨੂੰ ਦਰਪੇਸ਼ ਖ਼ਾਮੋਸ਼ ਖ਼ਤਰਾ




ਮਾਰਚ ਲਿਵਰ ਸਿਹਤ ਦਾ ਮਹੀਨਾ ਹੈ ਅਤੇ ਜਦੋਂ ਜ਼ਿਆਦਾਤਰ ਲੋਕ ਲਿਵਰ ਦੀ ਬਿਮਾਰੀ ਬਾਰੇ ਸੋਚਦੇ ਹਨ ਤਾਂ ਆਮ ਕਰਕੇ ਸ਼ਰਾਬ ਅਤੇ ਖੁਰਾਕ ਬਾਰੇ ਸੋਚਦੇ ਹਨ, ਪਰ ਇਕ ਅਹਿਮ ਕਾਰਨ ਜਿਸ ਬਾਰੇ ਆਮ ਕਰਕੇ ਨਹੀਂ ਸੋਚਿਆ ਜਾਂਦਾ ਉਹ ਹੈ ਹੈਪੇਟਾਈਟਸ ਬੀ (ਸੀਐਚਬੀ) ਦੀ ਬਿਮਾਰੀ. ਸੀਐਚਬੀ ਇੱਕ ਸੰਚਾਰੀ ਵਾਇਰਸ ਹੈ ਜੋ ਲੋਕਾਂ ਨੂੰ ਸਿਰੋਸਿਸ, ਲਿਵਰ ਟ੍ਰਾਂਸਪਲਾਂਟ ਅਤੇ ਲਿਵਰ ਕੈਂਸਰ ਦੇ ਖਤਰੇ ਵਿੱਚ ਪਾਉਂਦਾ ਹੈ।

ਦੁਨੀਆ ਭਰ ਵਿੱਚ ਇਹ ਇਸ ਕਿਸਮ ਦੇ ਕੈਂਸਰ ਦਾ ਇਹ 50 ਪ੍ਰਤੀਸ਼ਤ ਕਾਰਨ ਹੈ। ਇਸ ਦੇ ਬਾਵਜੂਦ ਜ਼ਿਆਦਾਤਰ ਕੈਨੇਡੀਅਨ ਇਸ ਵਾਇਰਸ ਬਾਰੇ ਬਹੁਤ ਘੱਟ ਜਾਣਦੇ ਹਨ ਅਤੇ ਖਾਸ ਕਰਕੇ ਇਸ ਦੇ ਲਿਵਰ ਦੀ ਬਿਮਾਰੀ ਨਾਲ ਸੰਬੰਧ ਬਾਰੇ।

ਸੀਐਚਬੀ ਵਾਲੇ ਬਹੁਤ ਸਾਰੇ ਲੋਕਾਂ ਵਿੱਚ ਬਹੁਤ ਘੱਟ ਲੱਛਣ ਹੁੰਦੇ ਹਨ ਜਿਸਦਾ ਮਤਲਬ ਹੈ ਕਿ ਉਨ੍ਹਾਂ ਨੂੰ ਇਹ ਪਤਾ ਹੀ ਨਹੀਂ ਲੱਗਦਾ ਕਿ ਉਨ੍ਹਾਂ ਅੰਦਰ ਇਹ ਵਾਇਰਸ ਹੈ। ਇਸਤੋਂ ਇਲਾਵਾ, ਓਨਟਾਰੀਓ ਵਿੱਚ ਹੈਪੇਟਾਈਟਸ ਬੀ ਵਾਸਤੇ ਮਿਆਰੀ ਸਕ੍ਰੀਨਿੰਗ ਨਹੀਂ ਹੈ। ਜੇ ਇਹਨਾਂ ਦਾ ਪਤਾ ਨਾ ਲੱਗੇ ਅਤੇ ਇਲਾਜ ਨਾ ਕੀਤਾ ਜਾਵੇ, ਤਾਂ CHB ਵਾਲੇ 15 ਤੋਂ 40 ਪ੍ਰਤੀਸ਼ਤ ਲੋਕਾਂ ਵਿੱਚ ਸਿਰੋਸਿਸ ਜਾਂ ਜਿਗਰ ਦਾ ਕੈਂਸਰ ਹੋ ਜਾਵੇਗਾ।

ਸਟੈਟਿਸਟਿਕਸ ਕੈਨੇਡਾ ਦਾ ਅਨੁਮਾਨ ਹੈ ਕਿ ਸਾਊਥ ਏਸ਼ੀਆਈ ਦੇਸ਼ਾਂ ਤੋਂ ਆਉਣ ਵਾਲੇ ਨਵੇਂ ਕੈਨੇਡੀਅਨਾਂ ਵਿੱਚ ਸੀਐਚਬੀ ਪੂਰੇ ਮੁਲਕ ਵਿਚ ਸਭ ਤੋਂ ਵੱਧ ਹੈ। ਡਾ.ਅਲਨੂਰ ਰਾਮਜੀ ਵੈਨਕੂਵਰ ਬੀਸੀ ਦੇ ਪ੍ਰੋਵਿਡੈਂਸ ਹੈਲਥਕੇਅਰ ਵਿਚ ਕਲਿਨੀਸ਼ਨ ਅਤੇ ਹੈਪਾਟੌਲੋਜਿਸਟ ਹਨ। ਉਨ੍ਹਾਂ ਦਾ ਕਹਿਣਾ ਹੈ, 'ਮੁੱਖ ਮੁੱਦਾ ਇਹ ਹੈ ਕਿ ਐਚਬੀਵੀ ਚੁਪ-ਚੁਪੀਤੇ ਹੋ ਸਕਦਾ ਹੈ ਪਰ ਇਸ ਦੇ ਨਤੀਜੇ ਵਜੋਂ ਜਿਗਰ ਨੂੰ ਨੁਕਸਾਨ ਹੋ ਸਕਦਾ ਹੈ ਅਤੇ ਪੇਚੀਦਗੀਆਂ ਆ ਸਕਦੀਆਂ ਹਨ। ਕੈਨੇਡਾ ਵਿੱਚ ਅਸੀਂ ਨਵੇਂ ਆਉਣ ਵਾਲਿਆਂ ਵਿੱਚ ਐਚਬੀਵੀ ਲਈ ਰੁਟੀਨ ਸਕ੍ਰੀਨਿੰਗ ਨਹੀਂ ਕਰਦੇ, ਅਤੇ ਬਹੁਤ ਸਾਰੇ ਇਹ ਮੰਨ ਲੈਂਦੇ ਹਨ ਕਿ ਜਦੋਂ ਉਹ ਕੈਨੇਡਾ ਪਹੁੰਚੇ ਸਨ ਤਾਂ ਉਨ੍ਹਾਂ ਦੀ ਜਾਂਚ ਕੀਤੀ ਗਈ ਸੀ। ਮੈਂ ਬਹੁਤ ਸਾਰੇ ਮਰੀਜ਼ਾਂ ਨੂੰ ਵੇਖਿਆ ਹੈ ਜੋ ਕਈ ਦਹਾਕਿਆਂ ਤੋਂ ਕੈਨੇਡਾ ਵਿੱਚ ਰਹਿ ਰਹੇ ਹਨ ਅਤੇ ਪਰ ਕੁੱਝ ਦੇਰ ਪਹਿਲਾਂ ਹੀ ਉਨ੍ਹਾਂ ਦਾ ਡਾਇਗਨੋਜ਼ ਕੀਤਾ ਗਿਆ। ਇਨ੍ਹਾਂ ਲੋਕਾਂ ਨੂੰ ਜਨਮ / ਬਚਪਨ ਤੋਂ ਹੀ ਵਾਇਰਸ ਸੀ ਅਤੇ ਉਨ੍ਹਾਂ ਨੂੰ ਇਸ ਦਾ ਪਤਾ ਨਹੀਂ ਸੀ। ਜੇ ਕਿਸੇ ਨੂੰ ਪਤਾ ਨਾ ਲੱਗੇ ਤਾਂ ਉਹਨਾਂ ਵਿੱਚ ਵਧੇਰੇ ਖਤਰੇ ਵਾਲੇ ਜਿਗਰ ਦੇ ਦਾਗ ਜਾਂ ਸਿਰੋਸਿਸ, ਜਿਗਰ ਦਾ ਫੇਲ੍ਹ ਹੋਣਾ ਅਤੇ ਜਿਗਰ ਦਾ ਕੈਂਸਰ ਵੀ ਹੋ ਸਕਦੇ ਹਨ।

ਹੈਪੇਟਾਈਟਸ ਬੀ ਸਾਧਾਰਣ ਸੰਪਰਕ ਤੋਂ ਨਹੀਂ ਫੈਲਦਾ ਜਿਵੇਂ ਕਿ ਜੱਫੀ ਪਾਉਣਾ, ਚੁੰਮਣਾ ਜਾਂ ਬਰਤਨ, ਬਾਥਰੂਮ ਜਾਂ ਹੋਰ ਘਰੇਲੂ ਚੀਜ਼ਾਂ ਸਾਂਝੀਆਂ ਕਰਨਾ। ਚੰਗੀ ਖ਼ਬਰ ਇਹ ਹੈ ਕਿ ਹੈਪੇਟਾਈਟਸ ਬੀ ਵਾਸਤੇ ਇਕ ਪ੍ਰਭਾਵਸ਼ਾਲੀ ਵੈਕਸੀਨ ਵੀ ਉਪਬਲਧ ਹੈ, ਜਿਹੜੀ ਲੋਕਾਂ ਨੂੰ ਇਨਫੈਕਸ਼ਨ ਤੋਂ ਬਚਾਉਂਦੀ ਹੈ। ਡਾ.ਰਾਮਜੀ ਅੱਗੇ ਕਹਿੰਦੇ ਹਨ, " ਜੇ ਤੁਸੀਂ ਜਾਂ ਤੁਹਾਡੇ ਮਾਪੇ ਉੱਤਰੀ ਅਮਰੀਕਾ ਜਾਂ ਪੱਛਮੀ ਯੂਰਪ ਤੋਂ ਬਾਹਰ ਕਿਸੇ ਦੇਸ਼ ਵਿੱਚ ਪੈਦਾ ਹੋਏ ਹੋ ਤਾਂ ਜ਼ਰੂਰ ਟੈਸਟ ਕਰਵਾਓ। ਜੇ ਤੁਸੀਂ ਅਜੇ ਵੈਕਸੀਨ ਨਹੀਂ ਲਗਵਾਈ ਤਾਂ ਆਪਣੇ ਡਾਕਟਰ ਨਾਲ ਗੱਲ ਕਰੋ ਅਤੇ ਇਕ ਸਧਾਰਨ ਐਚਬੀਵੀ ਲਈ ਇਕ ਸਧਾਰਨ ਬਲੱਡ ਟੈਸਟ ਕਰਵਾਓ ਅਤੇ ਟੀਕਾ ਲਗਵਾਓ। ਹੈਪੇਟਾਈਟਸ ਬੀ ਵੈਕਸੀਨ ਸੁਰੱਖਿਅਤ, ਅਸਰਦਾਰ ਅਤੇ ਕੈਨੇਡਾ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਮੁਫਤ ਹੈ। ਜ਼ਿਆਦਾਤਰ ਟੀਨੇਜਰਜ਼ ਨੂੰ ਸਕੂਲ ਪ੍ਰੋਗਰਾਮਾਂ ਰਾਹੀਂ ਟੀਕਾ ਲਗਾਇਆ ਗਿਆ ਹੈ। ਹਾਲਾਂਕਿ, ਬਹੁਤ ਸਾਰੇ ਵੱਡੀ ਉਮਰ ਵਾਲੇ ਬਾਲਗ, ਖ਼ਾਸਕਰ ਉਹ ਜੋ ਦੂਜੇ ਦੇਸ਼ਾਂ ਤੋਂ ਆਏ ਸਨ, ਉਨ੍ਹਾਂ ਨੇ ਹੋ ਸਕਦਾ ਹੈ ਕਿ ਟੀਕਾ ਨਾ ਲਗਵਾਇਆ ਹੋਵੇ।' ਜੇ ਤੁਹਾਨੂੰ ਜਾਂ ਤੁਹਾਡੇ ਕਿਸੇ ਜਾਣਕਾਰ ਨੂੰ HBV ਹੈ, ਤਾਂ ਕਿਸੇ ਡਾਕਟਰ ਨਾਲ ਗੱਲ ਕਰੋ ਤਾਂ ਜੋ ਤੁਹਾਡਾ ਬਕਾਇਦਾ ਚੈੱਕਅੱਪ ਕੀਤਾ ਜਾ ਸਕੇ ਅਤੇ ਇਲਾਜ ਲਈ ਹੋ ਸਕੇ। ਮੌਜੂਦਾ ਇਲਾਜ HBV ਠੀਕ ਨਹੀਂ ਕਰਦੇ ਪਰ ਇਸ ਨੂੰ ਮੈਨੇਜ ਕਰਨ ਵਿੱਚ ਮਦਦ ਕਰਦੇ ਹਨ। ਜਾਂਚ ਅਤੇ ਟੀਕਾ ਲਗਵਾਉਣ ਲਈ ਆਪਣੇ ਪਰਿਵਾਰ ਅਤੇ ਦੋਸਤ ਨਾਲ ਗੱਲ ਕਰੋ , ਜਿਹੜਾ ਕਿ ਤੁਹਾਡੀ ਜਾਨ ਬਚਾ ਸਕਦਾ ਹੈ !

# "ਸਿਰਜਣਾ ਦੇ ਆਰ-ਪਾਰ" ਤਹਿਤ ਸੇਵਾ, ਸਮਰਪਣ ਭਰਪੂਰ ਡਾ ਇੰਦਰਜੀਤ ਕੌਰ ਨਾਲ ਰੂ ਬਰੂ

ਬਰੈਂਪਟਨ, (ਰਘਬੀਰ ਕਾਹਲੋਂ):– ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਮਹੀਨਾਵਾਰ ਪ੍ਰੋਗਰਾਮ "ਸਿਰਜਨਾ ਦੇ ਆਰ ਪਾਰ" 23 ਮਾਰਚ ਦਿਨ ਸੋਮਵਾਰ ਨੂੰ ਬੜੇ ਉਤਸ਼ਾਹ ਨਾਲ ਇਹ ਪ੍ਰੋਗਰਾਮ ਫਾਊਂਡਰ , ਪ੍ਰਧਾਨ ਅਤੇ ਪ੍ਰਬੰਧਕ ਰਮਿੰਦਰ ਰੰਮੀ ਦੀ ਅਗਵਾਈ ਹੇਠ ਕਰਵਾਇਆ ਗਿਆ । ਇਸ ਪ੍ਰੋਗਰਾਮ ਵਿੱਚ ਦੇਸ਼ ਵਿਦੇਸ਼ ਤੋਂ ਬਹੁਤ ਨਾਮਵਰ ਅਦਬੀ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ । ਪ੍ਰੋਗਰਾਮ ਦੇ ਆਰੰਭ ਵਿੱਚ ਰਮਿੰਦਰ ਰੰਮੀ ਨੇ ਆਏ ਹੋਏ ਮੈਂਬਰਜ਼ ਨੂੰ ਰਸਮੀ ਜੀ ਆਇਆਂ ਕਹਿੰਦਿਆਂ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਹੋ ਰਹੇ ਪ੍ਰੋਗਰਾਮਾਂ ਦੇ ਬਾਰੇ ਵਿੱਚ ਜਾਣਕਾਰੀ ਸਾਂਝੀ ਕੀਤੀ । ਸੁਰਜੀਤ ਕੌਰ ਨੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਫਾਊਂਡਰ ਰਮਿੰਦਰ ਰਮੀ ਦੀ ਅਗਵਾਈ ਹੇਠ "ਸਿਰਜਣਾ ਦੇ ਆਰ-ਪਾਰ" ਪ੍ਰੋਗਰਾਮ ਤਹਿਤ ਪ੍ਰੋ. ਕੁਲਜੀਤ ਕੌਰ ਵੱਲੋਂ ਪਿੰਗਲਵਾੜਾ ਪਰਿਵਾਰ ਦੀ ਮੁਖੀ ਡਾ. ਇੰਦਰਜੀਤ ਕੌਰ ਨਾਲ ਵਿਸ਼ੇਸ਼ ਰੂਬਰੂ ਕਰਵਾਇਆ ਗਿਆ। ਇਹ ਉਹਨਾਂ ਦਾ ਪੰਜਾਹਵਾਂ ਰੂਬਰੂ ਸੀ, ਜੋ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਪ੍ਰੇਰਣਾਦਾਇਕ ਸਾਬਤ ਹੋਇਆ। ਪ੍ਰੋਗਰਾਮ ਸ਼ੁਰੂ ਕਰਨ ਤੋਂ ਪਹਿਲਾਂ ਸੱਭ ਮੈਂਬਰਜ਼ ਵੱਲੋਂ ਰਮਿੰਦਰ ਵਾਲੀਆ ਨੂੰ ਉਹਨਾਂ ਦੇ ਜਨਮ ਦਿਨ ਤੇ ਮਿਲ ਰਹੇ ਸਨਮਾਨਾਂ ਦੀ ਵਧਾਈ ਦਿੱਤੀ ।




ਪੇਸ਼ੇ ਵਜੋਂ ਡਾਕਟਰ ਹੋਣ ਦੇ ਨਾਲ-ਨਾਲ ਡਾ. ਇੰਦਰਜੀਤ ਕੌਰ ਪਿੰਗਲਵਾੜੇ ਵਿੱਚ ਬੇਸਹਾਰਾ ਲੋਕਾਂ ਦੀ ਮੁੱਖ ਸੇਵਾਦਾਰ ਵਜੋਂ ਸੇਵਾ ਨਿਭਾ ਰਹੀਆਂ ਹਨ। ਉਹਨਾਂ ਨੇ ਆਪਣੀ ਜ਼ਿੰਦਗੀ ਦੇ ਅਨੁਭਵ ਸਾਂਝੇ ਕਰਦਿਆਂ ਦੱਸਿਆ ਕਿ ਸੇਵਾ ਦੀ ਪ੍ਰੇਰਨਾ ਉਹਨਾਂ ਨੂੰ ਘਰੇਲੂ ਮਾਹੌਲ ਤੋਂ ਮਿਲੀ। ਪਿਤਾ ਹਰਬੰਸ ਸਿੰਘ ਆਯੁਰਵੈਦਿਕ ਡਾਕਟਰ ਸਨ ਅਤੇ ਮਾਂ ਬੀਬੀ ਰਣਜੀਤ ਕੌਰ ਵੀ ਨੇਕਦਿਲ ਰੂਹ ਸਨ। ਨਿਮਰਤਾ ਅਤੇ ਨੀਵਿਆਂ ਨੂੰ ਉੱਚਾ ਚੁੱਕਣ ਦੀ ਸੋਚ ਨਾਲ ਉਹ ਸੇਵਾ ਦੇ ਰਾਹ 'ਤੇ ਤੁਰ ਰਹੇ ਹਨ। ਉਨ੍ਹਾਂ ਨੇ ਤਿੰਨ ਪੁਸਤਕਾਂ ਵੀ ਲਿਖੀਆਂ। ਉਹਨਾਂ ਨੇ ਦੱਸਿਆ ਕਿ ਪਿਤਾ ਜੀ ਦੀ ਮੌਤ ਤੋਂ ਬਾਅਦ ਉਹ ਭਗਤ ਪੂਰਨ ਸਿੰਘ ਨਾਲ ਜੁੜੀਆਂ। ਭਗਤ ਜੀ ਨੇ ਉਹਨਾਂ ਨੂੰ ਆਪਣੀ ਧੀ ਵਾਂਗ ਮੰਨਿਆ ਅਤੇ ਪਿੰਗਲਵਾੜੇ ਦੀ ਜ਼ਿੰਮੇਵਾਰੀ ਸੌਂਪੀ। ਉਹ ਅੱਜ ਵੀ ਭਗਤ ਪੂਰਨ ਸਿੰਘ ਦੇ ਆਦਰਸ਼ਾਂ 'ਤੇ ਚੱਲਦਿਆਂ ਸਬਰ ਅਤੇ ਸਿਦਕ ਨਾਲ ਸੇਵਾ ਕਰ ਰਹੀਆਂ ਹਨ।

ਡਾ. ਇੰਦਰਜੀਤ ਕੌਰ ਨੇ ਦੱਸਿਆ ਕਿ ਪਿੰਗਲਵਾੜੇ ਦੇ ਮਿਸ਼ਨ ਲਈ ਉਹਨਾਂ ਨੇ ਸਰਕਾਰੀ ਨੌਕਰੀ ਛੱਡੀ ਅਤੇ ਆਪਣੀ ਜ਼ਿੰਦਗੀ ਸਮਾਜ ਸੇਵਾ ਅਤੇ ਪਰਿਵਾਰ ਦੋਵਾਂ ਲਈ ਸਮਰਪਿਤ ਕੀਤੀ। ਵਾਤਾਵਰਣ ਸੰਭਾਲ 'ਤੇ ਜ਼ੋਰ ਦਿੰਦਿਆਂ ਉਹਨਾਂ ਨੇ ਕਿਹਾ ਕਿ ਅੱਜ ਦੀ ਸਦੀ ਵਾਤਾਵਰਣ ਬਚਾਉਣ ਦੀ ਸਦੀ ਹੈ। ਉਹਨਾਂ ਨੇ ਪਲਾਸਟਿਕ ਦੀ ਥਾਂ ਕੱਪੜੇ ਦੀ ਵਰਤੋਂ, ਪਾਣੀ ਦੀ ਸੰਭਾਲ, ਦਰੱਖਤ ਲਗਾਉਣ ਅਤੇ ਪ੍ਰਦੂਸ਼ਣ ਘਟਾਉਣ ਲਈ ਜਾਗਰੂਕਤਾ ਦੀ ਲੋੜ 'ਤੇ ਜ਼ੋਰ ਦਿੱਤਾ। "ਪਵਣ ਗੁਰੂ, ਪਾਣੀ ਪਿਤਾ" ਦੇ ਸਿਧਾਂਤ ਨੂੰ ਅਮਲ ਵਿੱਚ ਲਿਆਉਣ ਦੀ ਅਪੀਲ ਕੀਤੀ।

ਉਹਨਾਂ ਨੇ ਕਿਹਾ ਕਿ ਪਿੰਗਲਵਾੜਾ ਇੱਕ ਮਾਡਲ ਵਜੋਂ ਕੰਮ ਕਰ ਰਿਹਾ ਹੈ ਅਤੇ ਵਿਦੇਸ਼ਾਂ—ਕੈਨੇਡਾ, ਇੰਗਲੈਂਡ ਅਤੇ ਅਮਰੀਕਾ—ਤੋਂ ਵੀ ਸਹਿਯੋਗ ਮਿਲ ਰਿਹਾ ਹੈ। ਉਹਨਾਂ ਨੇ ਕਿਰਤੀਆਂ ਦੀ ਇੱਜ਼ਤ ਕਰਨ ਅਤੇ ਉਹਨਾਂ ਦੇ ਬਣਾਏ ਸਮਾਨ ਦੀ ਵਰਤੋਂ ਕਰਨ ਦੀ ਅਪੀਲ ਕੀਤੀ ਅਤੇ ਕਾਰਪੋਰੇਟ ਸਿਸਟਮ ਦੇ ਨੁਕਸਾਨਾਂ ਵੱਲ ਵੀ ਧਿਆਨ ਦਿਵਾਇਆ। ਸਿਹਤ ਅਤੇ ਸਮਾਜਕ ਮੁੱਦਿਆਂ 'ਤੇ ਗੱਲ ਕਰਦਿਆਂ ਉਹਨਾਂ ਨੇ ਸਿੱਖਿਆ ਅਤੇ ਸਿਹਤ ਮਾਫ਼ੀਆ 'ਤੇ ਚਿੰਤਾ ਜਤਾਈ ਅਤੇ ਸਿਹਤਮੰਦ ਜੀਵਨ ਲਈ ਸਧਾਰਨ ਜੀਵਨ ਜੀਉਣ ਦੀ ਸਲਾਹ ਦਿੱਤੀ। ਉਹਨਾਂ ਨੇ ਨਸ਼ਿਆਂ ਅਤੇ ਕੋਲਡ ਡਰਿੰਕਸ ਤੋਂ ਦੂਰ ਰਹਿਣ ਅਤੇ ਸੱਭਿਆਚਾਰਕ ਪਰੰਪਰਾਵਾਂ ਨਾਲ ਜੁੜੇ ਰਹਿਣ ਦੀ ਅਪੀਲ ਕੀਤੀ। ਡਾ. ਕੁਲਜੀਤ ਕੌਰ ਵੱਲੋਂ ਡਾ. ਇੰਦਰਜੀਤ ਕੌਰ ਦੀ ਪਰਿਵਾਰਿਕ ਜ਼ਿੰਦਗੀ, ਪ੍ਰਾਪਤੀਆਂ ਅਤੇ ਪਦਮ ਭੂਸ਼ਣ ਵਰਗੇ ਸਨਮਾਨਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਗਈ। ਕੁਲਜੀਤ ਜੀ ਨੇ ਉਹਨਾਂ ਦੇ ਸਨਮਾਨਾਂ ਦੀ ਇੱਕ ਡਾਕੂਮੈਂਟਰੀ ਬਣਾ ਕੇ ਵੀ ਦਿਖਾਈ ਤੇ ਰਮਿੰਦਰ ਰੰਮੀ ਨੇ ਉਹਨਾਂ ਦੀ ਪੁਰਾਣੀ ਸਾਂਝ ਦੀਆਂ ਤਸਵੀਰਾਂ ਨੂੰ ਵੀ ਸ਼ੇਅਰ ਕੀਤਾ ਅਤੇ ਮਾਰਚ ਮਹੀਨੇ ਦੀ ਸਾਹਿਤਕ ਸਾਂਝਾਂ ਈ ਮੈਗਜ਼ੀਨ ਨੂੰ ਵੀ ਰੀਲੀਜ਼ ਕੀਤਾ ਗਿਆ ।

ਡਾ.ਇੰਦਰਜੀਤ ਕੌਰ ਨੇ ਦੱਸਿਆ ਕਿ ਪਿੰਗਲਵਾੜੇ ਵਿੱਚ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਰੋਜ਼ਗਾਰ ਦੇ ਮੌਕੇ ਦਿੱਤੇ ਜਾ ਰਹੇ ਹਨ ਅਤੇ ਮਰੀਜ਼ਾਂ ਦੀ ਸੰਭਾਲ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਸ ਮੌਕੇ ਮਲੂਕ ਸਿੰਘ ਕਾਹਲੋਂ, ਸਤਬੀਰ ਸਿੰਘ, ਰਾਜਬੀਰ ਗਰੇਵਾਲ, ਗੁਰਚਰਨ ਜੋਗੀ, ਪਰਮਜੀਤ ਢਿੱਲੋਂ, ਅਮਰਜੋਤੀ ਮਾਂਗਟ ਅਤੇ ਅੰਜੂ ਗਰੋਵਰ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਚੇਅਰਮੈਨ ਪਿਆਰਾ ਸਿੰਘ ਕੁੱਦੋਵਾਲ ਨੇ ਪ੍ਰੋਗਰਾਮ ਨੂੰ ਸਮਅਪ ਕਰਦੇ ਹੋਏ ਪ੍ਰੋ. ਕੁਲਜੀਤ ਦੇ ਰੂਬਰੂ ਦੀ ਸ਼ਲਾਘਾ ਕੀਤੀ । ਉਹਨਾਂ ਨੇ ਡਾ . ਇੰਦਰਜੀਤ ਕੌਰ ਜੀ ਦੀ ਸੇਵਾ ਸਮਰਪਣ ਦੀ ਭਾਵਨਾ ਦੀ ਗੱਲ ਕੀਤੀ ਤੇ ਉਹਨਾਂ ਦੁਆਰਾ ਦੱਸੇ ਨੁਕਤਿਆਂ ਤੇ ਹਰੇਕ ਨੂੰ ਅਮਲ ਕਰਨ ਦੀ ਜ਼ਰੂਰਤ ਤੇ ਜ਼ੋਰ ਦਿੱਤਾ ਅਤੇ ਸਮੁੱਚੀ ਟੀਮ ਵੱਲੋਂ ਡਾ. ਇੰਦਰਜੀਤ ਕੌਰ ਜੀ ਨੂੰ ਸਤਿਕਾਰ ਭੇਟ ਕੀਤਾ।

ਇਹ ਰੂਬਰੂ ਪ੍ਰੋਗਰਾਮ ਮਨੁੱਖਤਾ ਅਤੇ ਸੇਵਾ ਦੇ ਸੱਚੇ ਮੂਲਾਂ ਨੂੰ ਉਜਾਗਰ ਕਰਨ ਵਾਲਾ ਵਿਲੱਖਣ ਅਤੇ ਯਾਦਗਾਰ ਅਨੁਭਵ ਸਾਬਤ ਹੋਇਆ। ਦਰਸ਼ਕਾਂ ਨੂੰ ਸ. ਪਿਆਰਾ ਸਿੰਘ ਕੁੱਦੋਵਾਲ ਜੀ ਨੂੰ ਸੁਣਨਾ ਤੇ ਪ੍ਰੋਗਰਾਮ ਨੂੰ ਸਮਅੱਪ ਕਰਨ ਦਾ ਉਹਨਾਂ ਦੇ ਵਿਲੱਖਣ ਅੰਦਾਜ਼ ਨੂੰ ਬਹੁਤ ਪਸੰਦ ਕਰਦੇ ਹਨ ।

ਰਮਿੰਦਰ ਰੰਮੀ ਨੇ ਇਕ ਵਾਰ ਫਿਰ ਸੱਭ ਦਾ ਧੰਨਵਾਦ ਕਰਦਿਆਂ ਕਿਹਾ ਕਿ "ਤੁਸੀਂ ਘਰ ਅਸਾਡੇ ਆਏ ਅਸੀਂ ਫੁੱਲੇ ਨਹੀਂ ਸਮਾਏ" ਧੰਨਵਾਦ ਸਹਿਤ । ਇਹ ਰਿਪੋਰਟ ਡਾ . ਪੁਸ਼ਵਿੰਦਰ ਕੌਰ ਖੋਖਰ ਜੀ ਨੇ ਰਮਿੰਦਰ ਵਾਲੀਆ ਨੂੰ ਸਾਂਝੀ ਕੀਤੀ ।

ਰਮਿੰਦਰ ਰੰਮੀ ਫ਼ਾਊਂਡਰ , ਪ੍ਰਧਾਨ ਅਤੇ ਪ੍ਰਬੰਧਕ, ਅੰਤਰਰਾਸ਼ਟਰੀ ਸਾਹਿਤਕ ਸਾਂਝਾਂ।

# ਪਠਾਣਮਾਜਰਾ ਦੀ ਗ੍ਰਿਫ਼ਤਾਰੀ ਮਹਿਜ਼ 'ਡਰਾਮਾ', ਖ਼ੁਦਕੁਸ਼ੀ ਮਾਮਲੇ ਤੋਂ ਧਿਆਨ ਭਟਕਾਉਣ ਦੀ ਕੋਸ਼ਿਸ਼: ਮਜੀਠੀਆ



ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਸੂਬੇ ਦੀ ਆਮ ਆਦਮੀ ਪਾਰਟੀ ਸਰਕਾਰ 'ਤੇ ਤਿੱਖੇ ਹਮਲੇ ਕੀਤੇ ਹਨ।

ਮਜੀਠੀਆ ਨੇ ਇਸ ਗ੍ਰਿਫ਼ਤਾਰੀ ਨੂੰ ਇੱਕ ਸਿਆਸੀ ਸਟੰਟ ਕਰਾਰ ਦਿੰਦਿਆਂ ਕਿਹਾ ਕਿ ਸਰਕਾਰ ਨੇ ਇਹ ਕਾਰਵਾਈ ਪੰਜਾਬ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਜ਼ਿਲ੍ਹਾ ਮੈਨੇਜਰ ਗਗਨਦੀਪ ਰੰਧਾਵਾ ਦੀ ਖੁਦਕੁਸ਼ੀ ਦੇ ਸੰਵੇਦਨਸ਼ੀਲ ਮਾਮਲੇ ਤੋਂ ਲੋਕਾਂ ਦਾ ਧਿਆਨ ਭਟਕਾਉਣ ਲਈ ਕੀਤੀ ਹੈ। ਬਿਕਰਮ ਮਜੀਠੀਆ ਨੇ ਟਵੀਟ ਕਰਦਿਆਂ ਦੋਸ਼ ਲਾਇਆ ਕਿ ਪੁਲੀਸ ਨੇ ਪਹਿਲਾਂ ਹਰਮੀਤ ਪਠਾਣਮਾਜਰਾ ਨੂੰ ਫ਼ਰਾਰ ਹੋਣ ਵਿੱਚ ਮਦਦ ਕੀਤੀ ਅਤੇ ਹੁਣ ਜਦੋਂ ਸਰਕਾਰ ਖੁਦਕੁਸ਼ੀ ਮਾਮਲੇ ਵਿੱਚ ਘਿਰਦੀ ਨਜ਼ਰ ਆਈ, ਤਾਂ ਗ੍ਰਿਫ਼ਤਾਰੀ ਦਾ 'ਡਰਾਮਾ' ਰਚਿਆ ਗਿਆ। ਉਨ੍ਹਾਂ ਕਿਹਾ, " ਆਮ ਆਦਮੀ ਪਾਰਟੀ ਪਹਿਲਾਂ ਆਪਣੇ ਦਾਗੀ ਆਗੂਆਂ ਨੂੰ ਪਨਾਹ ਦਿੰਦੀ ਹੈ ਅਤੇ ਫਿਰ ਸਿਆਸੀ ਲਾਹਾ ਲੈਣ ਲਈ ਅਜਿਹੇ 'ਅਪਰੇਸ਼ਨਾਂ' ਦਾ ਦਿਖਾਵਾ ਕਰਦੀ ਹੈ।









# ਆਟੋਇਮਿਊਨ ਹਮਲਾ
## (Autoimmune Attack)

ਮਨੁੱਖੀ ਸਰੀਰ ਦਾ ਰੋਗ-ਪ੍ਰਤੀਰੋਧਕ ਤੰਤਰ (Immune System) ਸਰੀਰ ਨੂੰ ਬੈਕਟੀਰੀਆ, ਵਾਇਰਸ, ਫੰਗਸ ਅਤੇ ਹੋਰ ਹਾਨੀਕਾਰਕ ਤੱਤਾਂ ਤੋਂ ਬਚਾਉਣ ਲਈ ਬਣਿਆ ਹੈ। ਆਮ ਤੌਰ 'ਤੇ ਇਹ ਤੰਤਰ ਬਾਹਰੀ ਦੁਸ਼ਮਣਾਂ ਅਤੇ ਸਰੀਰ ਦੀਆਂ ਆਪਣੀਆਂ ਕੋਸ਼ਿਕਾਵਾਂ ਵਿੱਚ ਸਹੀ ਫਰਕ ਕਰ ਸਕਦਾ ਹੈ।

ਪਰ ਕਈ ਵਾਰ ਇਹ ਪ੍ਰਣਾਲੀ ਗਲਤੀ ਨਾਲ ਸਰੀਰ ਦੀਆਂ ਆਪਣੀਆਂ ਹੀ ਕੋਸ਼ਿਕਾਵਾਂ, ਟਿਸ਼ੂਆਂ ਜਾਂ ਅੰਗਾਂ ਨੂੰ ਦੁਸ਼ਮਣ ਸਮਝ ਲੈਂਦੀ ਹੈ ਅਤੇ ਉਨ੍ਹਾਂ ਉੱਤੇ ਹਮਲਾ ਕਰਨਾ ਸ਼ੁਰੂ ਕਰ ਦਿੰਦੀ ਹੈ। ਇਸ ਅਵਸਥਾ ਨੂੰ ਆਟੋਇਮਿਊਨ ਹਮਲਾ ਕਿਹਾ ਜਾਂਦਾ ਹੈ।

ਆਟੋਇਮਿਊਨ ਬਿਮਾਰੀਆਂ ਅੱਜਕੱਲ੍ਹ ਸੰਸਾਰ ਭਰ ਵਿੱਚ ਇੱਕ ਮਹੱਤਵਪੂਰਨ ਸਿਹਤ ਸਮੱਸਿਆ ਬਣ ਰਹੀਆਂ ਹਨ।

**ਆਟੋਇਮਿਊਨ ਹਮਲੇ ਦੀ ਪਰਿਭਾਸ਼ਾ**

ਆਟੋਇਮਿਊਨ ਹਮਲਾ ਉਹ ਅਵਸਥਾ ਹੈ ਜਿਸ ਵਿੱਚ ਸਰੀਰ ਦਾ ਰੋਗ-ਪ੍ਰਤੀਰੋਧਕ ਤੰਤਰ ਗਲਤੀ ਨਾਲ ਸਰੀਰ ਦੀਆਂ ਆਪਣੀਆਂ ਸਿਹਤਮੰਦ ਕੋਸ਼ਿਕਾਵਾਂ, ਟਿਸ਼ੂਆਂ ਜਾਂ ਅੰਗਾਂ ਨੂੰ ਨੁਕਸਾਨ ਪਹੁੰਚਾਉਣਾ ਸ਼ੁਰੂ ਕਰ ਦਿੰਦਾ ਹੈ।

ਇਸ ਕਾਰਨ ਸਰੀਰ ਵਿੱਚ ਸੋਜ, ਦਰਦ ਅਤੇ ਅੰਗਾਂ ਦੀ ਕਾਰਗੁਜ਼ਾਰੀ ਵਿੱਚ ਗੜਬੜ ਪੈਦਾ ਹੋ ਸਕਦੀ ਹੈ। ਇਸ ਦੇ ਨਤੀਜੇ ਵਜੋਂ ਸਰੀਰ ਦੇ ਵੱਖ-ਵੱਖ ਅੰਗ ਪ੍ਰਭਾਵਿਤ ਹੋ ਸਕਦੇ ਹਨ।

**ਆਟੋਇਮਿਊਨ ਹਮਲੇ ਦੇ ਕਾਰਨ**

ਵਿਗਿਆਨੀਆਂ ਦੇ ਅਨੁਸਾਰ ਇਸ ਦੇ ਪਿੱਛੇ ਕਈ ਕਾਰਕ ਇਕੱਠੇ ਕੰਮ ਕਰਦੇ ਹਨ।

ਅਨੁਵੰਸ਼ਿਕ ਕਾਰਕ (Genetic Factors)

ਜੇ ਪਰਿਵਾਰ ਵਿੱਚ ਪਹਿਲਾਂ ਕਿਸੇ ਨੂੰ ਆਟੋਇਮਿਊਨ ਬਿਮਾਰੀ ਰਹੀ ਹੋਵੇ ਤਾਂ ਇਸ ਦਾ ਖ਼ਤਰਾ ਵੱਧ ਸਕਦਾ ਹੈ।

**ਵਾਤਾਵਰਣੀ ਕਾਰਕ**

ਕੁਝ ਬਾਹਰੀ ਕਾਰਕ ਰੋਗ-ਪ੍ਰਤੀਰੋਧਕ ਤੰਤਰ ਨੂੰ ਗਲਤ ਤਰੀਕੇ ਨਾਲ ਉਤੇਜਿਤ ਕਰ ਸਕਦੇ ਹਨ।

ਵਾਇਰਸ ਜਾਂ ਬੈਕਟੀਰੀਆ ਦੇ ਸੰਕਰਮਣ।

ਪ੍ਰਦੂਸ਼ਣ ਜਾਂ ਜ਼ਹਿਰੀਲੇ ਪਦਾਰਥ।

ਬਹੁਤ ਜ਼ਿਆਦਾ ਧੁੱਪ।

ਕੁਝ ਦਵਾਈਆਂ।

**ਹਾਰਮੋਨਲ ਪ੍ਰਭਾਵ**

ਆਟੋਇਮਿਊਨ ਬਿਮਾਰੀਆਂ ਔਰਤਾਂ ਵਿੱਚ ਮਰਦਾਂ ਨਾਲੋਂ ਵੱਧ ਪਾਈਆਂ ਜਾਂਦੀਆਂ ਹਨ। ਹਾਰਮੋਨਾਂ ਵਿੱਚ ਤਬਦੀਲੀ ਇਸ ਵਿੱਚ ਭੂਮਿਕਾ ਨਿਭਾ ਸਕਦੀ ਹੈ।

**ਲੰਬੇ ਸਮੇਂ ਦਾ ਤਣਾਅ**

ਮਾਨਸਿਕ ਤਣਾਅ ਸਰੀਰ ਦੀ ਰੋਗ-ਪ੍ਰਤੀਰੋਧਕ ਪ੍ਰਣਾਲੀ ਨੂੰ ਪ੍ਰਭਾਵਿਤ ਕਰ ਸਕਦਾ ਹੈ।

**ਗਲਤ ਜੀਵਨ-ਸ਼ੈਲੀ**

ਅਸੰਤੁਲਿਤ ਖੁਰਾਕ, ਕਸਰਤ ਦੀ ਘਾਟ, ਸਿਗਰਟਨੋਸ਼ੀ ਅਤੇ ਨੀਂਦ ਦੀ ਕਮੀ ਵੀ ਇਸ ਨੂੰ ਪ੍ਰਭਾਵਿਤ ਕਰ ਸਕਦੇ ਹਨ।

**ਅੰਤੜੀਆਂ ਦੇ ਜੀਵਾਣੂਆਂ ਦਾ ਅਸੰਤੁਲਨ**

ਸਾਡੇ ਪੇਟ ਵਿੱਚ ਲੱਖਾਂ-ਕਰੋੜਾਂ ਲਾਭਕਾਰੀ ਜੀਵਾਣੂ ਹੁੰਦੇ ਹਨ। ਜਦੋਂ ਇਹ ਸੰਤੁਲਨ ਬਿਗੜਦਾ ਹੈ ਤਾਂ ਰੋਗ-ਪ੍ਰਤੀਰੋਧਕ ਤੰਤਰ ਵੀ ਪ੍ਰਭਾਵਿਤ ਹੋ ਸਕਦਾ ਹੈ।




**ਆਟੋਇਮਿਊਨ ਬਿਮਾਰੀਆਂ ਦੇ ਲੱਛਣ**

ਲੱਛਣ ਬਿਮਾਰੀ ਦੇ ਅਨੁਸਾਰ ਵੱਖਰੇ ਹੋ ਸਕਦੇ ਹਨ, ਪਰ ਆਮ ਲੱਛਣ ਇਹ ਹਨ:

ਲਗਾਤਾਰ ਥਕਾਵਟ,ਜੋੜਾਂ ਵਿੱਚ ਦਰਦ ਅਤੇ ਸੋਜ,ਚਮੜੀ ਉੱਤੇ ਦਾਗ, ਮਾਸਪੇਸ਼ੀਆਂ ਦੀ ਕਮਜ਼ੋਰੀ, ਪਾਚਣ ਸੰਬੰਧੀ ਸਮੱਸਿਆਵਾਂ, ਬੁਖਾਰ, ਧਿਆਨ ਕੇਂਦਰਿਤ ਕਰਨ ਵਿੱਚ ਮੁਸ਼ਕਿਲ।

**ਆਟੋਇਮਿਊਨ ਬਿਮਾਰੀਆਂ ਤੋਂ ਬਚਾਅ**

ਸੰਤੁਲਿਤ ਖੁਰਾਕ, ਫਲ, ਸਬਜ਼ੀਆਂ ਅਤੇ ਪੌਸ਼ਟਿਕ ਖਾਣੇ ਸਰੀਰ ਦੀ ਰੋਗ-ਪ੍ਰਤੀਰੋਧਕ ਤਾਕਤ ਨੂੰ ਸੰਤੁਲਿਤ ਰੱਖਦੇ ਹਨ।

**ਨਿਯਮਿਤ ਕਸਰਤ**

ਹਲਕੀ ਅਤੇ ਨਿਯਮਿਤ ਕਸਰਤ ਸਰੀਰ ਵਿੱਚ ਸੋਜ ਘਟਾਉਣ ਵਿੱਚ ਮਦਦ ਕਰਦੀ ਹੈ।

**ਤਣਾਅ ਦਾ ਪ੍ਰਬੰਧ**

ਧਿਆਨ (Meditation), ਯੋਗਾ ਅਤੇ ਸਾਹਾਂ ਦੀ ਕਸਰਤ ਮਨ ਨੂੰ ਸ਼ਾਂਤ ਰੱਖਣ ਵਿੱਚ ਮਦਦ ਕਰਦੀ ਹੈ।

**ਪੂਰੀ ਨੀਂਦ**

ਵਧੀਆ ਨੀਂਦ ਸਰੀਰ ਦੀ ਮੁਰੰਮਤ ਅਤੇ ਰੋਗ-ਪ੍ਰਤੀਰੋਧਕ ਤੰਤਰ ਦੀ ਕਾਰਗੁਜ਼ਾਰੀ ਲਈ ਬਹੁਤ ਜ਼ਰੂਰੀ ਹੈ।

**ਨੁਕਸਾਨਦਾਇਕ ਆਦਤਾਂ ਤੋਂ ਬਚਾਅ**

ਸਿਗਰਟਨੋਸ਼ੀ ਅਤੇ ਜ਼ਿਆਦਾ ਸ਼ਰਾਬ ਸਰੀਰ ਦੀ ਰੋਗ-ਪ੍ਰਤੀਰੋਧਕ ਸਮਰੱਥਾ ਨੂੰ ਘਟਾਉਂਦੀਆਂ ਹਨ।

ਕੁਦਰਤੀ ਤਰੀਕੇ ਨਾਲ ਆਟੋਇਮਿਊਨ ਹਮਲੇ ਨੂੰ ਸੰਭਾਲਣਾ

**ਸੋਜ ਘਟਾਉਣ ਵਾਲੀ ਖੁਰਾਕ**

ਕੁਝ ਖਾਦ ਪਦਾਰਥ ਸੋਜ ਨੂੰ ਘਟਾਉਣ ਵਿੱਚ ਮਦਦਗਾਰ ਹੋ ਸਕਦੇ ਹਨ ਜਿਵੇਂ ਹਲਦੀ, ਹਰੀ ਪੱਤੇਦਾਰ ਸਬਜ਼ੀਆਂ, ਅਲਸੀ ਦੇ ਬੀਜ, ਤਾਜ਼ੇ ਫਲ, ਜੜ੍ਹੀ-ਬੂਟੀਆਂ ਕੁਝ ਆਯੁਰਵੇਦਿਕ ਜੜੀ-ਬੂਟੀਆਂ ਸਰੀਰ ਦੀ ਰੋਗ-ਪ੍ਰਤੀਰੋਧਕ ਤਾਕਤ ਨੂੰ ਸੰਤੁਲਿਤ ਕਰਨ ਵਿੱਚ ਮਦਦ ਕਰ ਸਕਦੀਆਂ ਹਨ ਉਦਾਹਰਣ ਅਸ਼ਵਗੰਧਾ, ਗਿਲੋਏ, ਹਲਦੀ।

**ਪੇਟ ਦੀ ਸਿਹਤ**

ਦਹੀਂ, ਫਰਮੈਂਟ ਕੀਤੇ ਖਾਣੇ ਅਤੇ ਫਾਈਬਰ ਵਾਲੀ ਖੁਰਾਕ ਅੰਤੜੀਆਂ ਦੇ ਜੀਵਾਣੂਆਂ ਨੂੰ ਸੰਤੁਲਿਤ ਰੱਖਣ ਵਿੱਚ ਮਦਦ ਕਰਦੀ ਹੈ।

**ਮਨ-ਸਰੀਰ ਅਭਿਆਸ**

ਯੋਗਾ, ਧਿਆਨ ਅਤੇ ਸਾਹ ਦੀ ਕਸਰਤ ਤਣਾਅ ਘਟਾਉਂਦੀਆਂ ਹਨ ਅਤੇ ਸਰੀਰ ਦੀ ਸਿਹਤ ਨੂੰ ਸੁਧਾਰਦੀਆਂ ਹਨ।

**ਆਧੁਨਿਕ ਇਲਾਜ਼ ਦੇ ਤਰੀਕੇ**

ਡਾਕਟਰ ਆਮ ਤੌਰ 'ਤੇ ਸੋਜ ਅਤੇ ਰੋਗ-ਪ੍ਰਤੀਰੋਧਕ ਪ੍ਰਤੀਕਿਰਿਆ ਨੂੰ ਨਿਯੰਤਰਿਤ ਕਰਨ ਲਈ ਇਲਾਜ ਕਰਦੇ ਹਨ।

ਸੋਜ ਘਟਾਉਣ ਵਾਲੀਆਂ ਦਵਾਈਆਂ, ਰੋਗ-ਪ੍ਰਤੀਰੋਧਕ ਤੰਤਰ ਨੂੰ ਨਿਯੰਤਰਿਤ ਕਰਨ ਵਾਲੀਆਂ ਦਵਾਈਆਂ, ਹਾਰਮੋਨ ਥੈਰੇਪੀ, ਬਾਇਓਲੋਜਿਕਲ ਦਵਾਈਆਂ।

**ਭਵਿੱਖ ਵਿੱਚ ਇਲਾਜ਼ ਦੇ ਨਵੇਂ ਰਾਹ**

**ਪ੍ਰਿਸੀਜ਼ਨ ਮੈਡੀਸਨ**

ਭਵਿੱਖ ਵਿੱਚ ਇਲਾਜ ਵਿਅਕਤੀ ਦੀ ਜਨੈਤਿਕ ਬਣਤਰ ਅਤੇ ਰੋਗ-ਪ੍ਰਤੀਰੋਧਕ ਪ੍ਰਣਾਲੀ ਦੇ ਅਨੁਸਾਰ ਕੀਤਾ ਜਾ ਸਕੇਗਾ।

**ਸਟੈਮ ਸੈੱਲ ਥੈਰੇਪੀ**

ਵਿਗਿਆਨੀ ਅਜਿਹੀਆਂ ਥੈਰੇਪੀਆਂ ਉੱਤੇ ਕੰਮ ਕਰ ਰਹੇ ਹਨ ਜੋ ਰੋਗ-ਪ੍ਰਤੀਰੋਧਕ ਤੰਤਰ ਨੂੰ ਦੁਬਾਰਾ ਸੰਤੁਲਿਤ ਕਰ ਸਕਣ।

**ਮਾਈਕ੍ਰੋਬਾਇਓਮ ਰਿਸਰਚ**

ਅੰਤੜੀਆਂ ਦੇ ਜੀਵਾਣੂਆਂ ਅਤੇ ਰੋਗ-ਪ੍ਰਤੀਰੋਧਕ ਤੰਤਰ ਦੇ ਸੰਬੰਧ ਬਾਰੇ ਹੋਰ ਖੋਜ ਕੀਤੀ ਜਾ ਰਹੀ ਹੈ।

**ਧਿਆਨ ਅਤੇ ਮਨ ਦੀ ਸ਼ਾਂਤੀ ਦੀ ਭੂਮਿਕਾ**

ਅਧਿਐਨ ਦਰਸਾਉਂਦੇ ਹਨ ਕਿ ਧਿਆਨ (Meditation), ਯੋਗਾ ਅਤੇ ਮਾਈਂਡਫੁਲਨੈੱਸ ਤਣਾਅ ਘਟਾਉਂਦੇ ਹਨ ਅਤੇ ਸਰੀਰ ਵਿੱਚ ਸੋਜ ਨੂੰ ਘਟਾਉਣ ਵਿੱਚ ਮਦਦ ਕਰ ਸਕਦੇ ਹਨ।

ਭਵਿੱਖ ਵਿੱਚ ਸੰਭਵ ਹੈ ਕਿ ਆਧੁਨਿਕ ਦਵਾਈਆਂ ਦੇ ਨਾਲ ਮਨ-ਸਰੀਰ ਥੈਰੇਪੀਆਂ ਨੂੰ ਵੀ ਇਲਾਜ ਦਾ ਹਿੱਸਾ ਬਣਾਇਆ ਜਾਵੇ।

ਆਟੋਇਮਿਊਨ ਹਮਲਾ ਇੱਕ ਜਟਿਲ ਸਿਹਤ ਸਮੱਸਿਆ ਹੈ ਜਿਸ ਵਿੱਚ ਸਰੀਰ ਦਾ ਰੋਗ-ਪ੍ਰਤੀਰੋਧਕ ਤੰਤਰ ਆਪਣੀ ਹੀ ਸਿਹਤਮੰਦ ਕੋਸ਼ਿਕਾਵਾਂ ਉੱਤੇ ਹਮਲਾ ਕਰਦਾ ਹੈ। ਸੰਤੁਲਿਤ ਖੁਰਾਕ, ਸਿਹਤਮੰਦ ਜੀਵਨ-ਸ਼ੈਲੀ, ਤਣਾਅ ਦਾ ਸਹੀ ਪ੍ਰਬੰਧ ਅਤੇ ਸਮੇਂ ਸਿਰ ਡਾਕਟਰੀ ਸਲਾਹ ਲੈਣ ਨਾਲ ਇਸ ਦੇ ਪ੍ਰਭਾਵ ਨੂੰ ਘਟਾਇਆ ਜਾ ਸਕਦਾ ਹੈ। ਭਵਿੱਖ ਵਿੱਚ ਵਿਗਿਆਨਕ ਖੋਜ ਅਤੇ ਨਵੀਂ ਥੈਰੇਪੀਆਂ ਨਾਲ ਆਟੋਇਮਿਊਨ ਬਿਮਾਰੀਆਂ ਦਾ ਇਲਾਜ ਹੋਰ ਪ੍ਰਭਾਵਸ਼ਾਲੀ ਹੋਣ ਦੀ ਉਮੀਦ ਹੈ।



ਡਾ. ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ

# Keep healthy your Brain




Columnist. Alternative Therapist. Health Educator award winner. Social activist. Certified by W.H.O, UNICEF & Canadian Red Cross: PFA. Canada. Global Health Reporter. NTDP Skin Issues: Psoriasis-2025. GNT Diseases-2023. Air Pollution n Health-2023. Writer: "Self-care Tips Encyclopedia"

'Brain sick' or neurological condition vary widely but often include persistent headaches, memory loss, confusion, difficulty with speech or balance, behavioral changes, and muscle weakness"

Health media Canada: (Dr Anil Dheer): Brain awareness week 2026 celebrated.

Brain health is the state of brain functioning across cognitive, sensory, social-emotional, behavioural and motor domains, allowing a person to realize their full potential over the life course, irrespective of the presence or absence of disorders. A healthy brain requires a combination of physical activity, nutritious diet, consistent sleep, social connection, and mental stimulation.



**Dr. Anil Dheer**
Columnist. Alternative Therapist. Health Educator award winner. Social activist. Certified by W.H.O, UNICEF & Canadian Red Cross : PFA. Canada. Global Health Reporter. NTDP Skin Issues: Psoriasis- 2025. GNT Diseases-2023. Air Pollution n Health-2023. Writer: "Self-care Tips Encyclopedia"

A stroke occurs when blood flow to part of the brain is interrupted (ischemic) or a blood vessel ruptures (hemorrhagic), depriving brain tissue of oxygen and causing cells to die.

Major causes include blood clots, high blood pressure, high cholesterol, smoking, and diabetes. Immediate medical attention is vital.

Habits for a Healthy Brain:

* Physical Activity: Regular exercise, such as walking, running, or swimming, improves blood flow, nourishes cells, and lowers high blood pressure.
* Nutritious Diet: Adopt the Mediterranean or Mind Diets, emphasizing leafy greens, colorful vegetables (high in antioxidants), and healthy fats like olive oil and nuts to reduce inflammation. Nuts are excellent sources of protein and healthy fats, and Walnuts in particular might also improve memory. Walnuts are high in a type of omega-3 fatty acid, that's good for both the heart and brain.
* Sleep Well: Consistent, quality sleep of 7–9 hours allows the brain to function at its best.
* Mental Stimulation: Challenge your brain by learning new skills (e.g., musical instruments, new language), reading, or doing puzzles (Sudoku, crosswords) to build cognitive reserve.
* Challenge your mind:

Be curious! Put your brain to work and do something that is new for you. Learn a new skill. Try something artistic. Challenging your mind may have short- and long-term benefits for your brain.

* Social Connection: Active social lives lower stress and reduce the risk of dementia.
* Protect Your Head: Always wear a seatbelt and use helmets for risky activities to avoid brain injuries.
* Manage Health Factors: Keep blood pressure, cholesterol, and blood sugar levels in check, and avoid smoking.
* Be smoke-free:

Quitting smoking can lower the risk of cognitive decline back to levels similar to those who have not smoked. It's never too late to stop.

Dr Anil Dheer. Columnist.
anil.dheer@yahoo.com

# ਸ਼ਿੰਗਲਜ਼ ਬਾਰੇ ਜਾਗਰੂਕਤਾ ਦਾ ਪੱਧਰ ਚਿੰਤਾਜਨਕ ਹੱਦ ਤੱਕ ਘੱਟ

ਇਕ ਰਿਪੋਰਟ ਮੁਤਾਬਕ ਪੰਜਾਹ ਸਾਲ ਅਤੇ ਇਸ ਤੋਂ ਵੱਧ ਉਮਰ ਦੇ ਕੈਨੇਡੀਅਨ, ਜਿਹੜੇ ਕਿਸੇ ਦੀਰਘ ਰੋਗ ਤੋਂ ਪੀੜਤ ਹੋਣ, ਉਨ੍ਹਾਂ ਅੰਦਰ ਸ਼ਿੰਗਲਜ਼ ਬਾਰੇ ਜਾਗਰੂਕਤਾ ਦਾ ਪੱਧਰ ਬਹੁਤ ਘੱਟ ਹੈ। ਲੱਗਭਗ ਅੱਧੇ ਕੈਨੇਡੀਅਨ ਅਜਿਹੇ ਹਨ, ਜਿਨ੍ਹਾਂ ਨੂੰ ਘੱਟੋ ਘੱਟ ਕੋਈ ਇਕ ਦੀਰਘਕਾਲੀ ਬਿਮਾਰੀ ਹੈ ਅਤੇ ਖੋਜ ਦੌਰਾਨ ਇਹ ਸਾਹਮਣੇ ਆਇਆ ਕਿ ਅੱਧੇ ਤੋਂ ਵੱਧ ਲੋਕ ਨਹੀਂ ਜਾਣਦੇ ਕਿ ਉਹਨਾਂ ਦੀ ਦੀਰਘਕਾਲੀ ਸਿਹਤ ਅਵਸਥਾ ਉਹਨਾਂ ਵਿੱਚ ਸ਼ਿੰਗਲਜ਼ ਵਿਕਸਤ ਹੋਣ ਦਾ ਖਤਰਾ ਵਧਾ ਸਕਦੀ ਹੈ। ਲਗਭਗ ਅੱਧੇ ਲੋਕਾਂ ਨੇ ਕਦੇ ਇਸ ਬਾਰੇ ਆਪਣੇ ਸਿਹਤ-ਸੰਭਾਲ ਪ੍ਰਦਾਤਾ ਨਾਲ ਗੱਲਬਾਤ ਨਹੀਂ ਕੀਤੀ। ਜਿਨ੍ਹਾਂ ਨੂੰ ਸ਼ਿੰਗਲਜ਼ ਦਾ ਅਨੁਭਵ ਹੋਇਆ, ਉਨ੍ਹਾਂ ਵਿਚੋਂ ਵੀ 42 ਫੀਸਦੀ ਅਜਿਹੇ ਹੁੰਦੇ ਹਨ, ਜਿਨ੍ਹਾਂ ਨੇ ਗੰਭੀਰ ਦਰਦ ਕਾਰਨ ਉਨ੍ਹਾਂ ਦੇ ਰੋਜ਼ਾਨਾ ਜੀਵਨ ਵਿਚ ਵਿਘਨ ਪੈਣ ਦੀ ਰਿਪੋਰਟ ਕੀਤੀ।



ਸ਼ਿੰਗਲਜ਼ ਉਸੇ ਵਾਇਰਸ ਕਰਕੇ ਹੁੰਦੀ ਹੈ ਜਿਸ ਨਾਲ ਚਿਕਨ ਪੌਕਸ ਨਾਂ ਦੀ ਬਿਮਾਰੀ ਪੈਦਾ ਹੁੰਦੀ ਹੈ ਅਤੇ ਇਹੀ ਵਾਇਰਸ ਜ਼ਿੰਦਗੀ ਵਿੱਚ ਅੱਗੇ ਜਾ ਕੇ ਇਹ ਮੁੜ ਸਰਗਰਮ ਹੋ ਜਾਂਦਾ ਹੈ ਅਤੇ ਸ਼ਿੰਗਲਜ਼ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ।

ਸ਼ਿੰਗਲਜ਼ ਆਮ ਤੌਰ 'ਤੇ ਸਰੀਰ 'ਤੇ ਛਪਾਕੀ ਦੇ ਰੂਪ ਵਿੱਚ ਦਿਖਾਈ ਦਿੰਦੀ ਹੈ। ਇਸ ਦੇ ਪੈਦਾ ਹੋਣ ਦੇ ਆਮ ਸਥਾਨ ਹੁੰਦੇ ਹਨ ਚਿਹਰਾ, ਪਿੱਠ, ਛਾਤੀ ਅਤੇ ਪੇਟ।ਲੱਛਣ ਮਾਮੂਲੀ ਹੋ ਸਕਦੇ ਹਨ ਪਰ ਗੰਭੀਰ ਦਰਦ ਪੈਦਾ ਕਰਦੇ ਹਨ। ਸ਼ਿੰਗਲਜ਼ ਜੇ ਵਿਗੜ ਜਾਵੇ ਤਾਂ ਨਸਾਂ ਦਾ ਅਜਿਹਾ ਦਰਦ ਪੈਦਾ ਹੁੰਦਾ ਹੈ, ਜਿਹੜਾ ਕੁੱਝ ਹਫਤਿਆਂ ਤੋਂ ਲੈ ਕੇ ਕਈ ਮਹੀਨਿਆਂ ਜਾਂ ਸਾਲਾਂ ਤੱਕ ਵੀ ਚੱਲ ਸਕਦਾ ਹੈ।

ਬੁਢਾਪੇ ਵਿਚ ਸਿੰਗਲਜ਼ ਪੈਦਾ ਹੋਣ ਦਾ ਖਤਰਾ ਵਧ ਜਾਂਦਾ ਹੈ। ਬੁਢਾਪੇ ਕਾਰਨ ਪੈਦਾ ਹੁੰਦੀ ਇਮਯੂਨਿਟੀ ਦੀ ਕਮਜ਼ੋਰੀ ਇਸਦਾ ਕਾਰਨ ਹੁੰਦੀ ਹੈ। ਇਸ ਤੋਂ ਇਲਾਵਾ ਕੋਰੋਨਰੀ ਧਮਣੀ ਦੀ ਬਿਮਾਰੀ, ਗੰਭੀਰ ਗੁਰਦੇ ਦੀ ਬਿਮਾਰੀ, ਡਾਇਬੀਟੀਜ਼ ਇਮਯੂਨਿਟੀ ਦੇ ਕਮਜ਼ੋਰ ਹੋਣ ਕਾਰਨ ਸ਼ਿੰਗਲਜ਼ ਪੈਦਾ ਹੋਣ ਦਾ ਖਤਰਾ ਵਧਾ ਦਿੰਦੇ ਹਨ। ਇਹਨਾਂ ਚਿਰਕਾਲੀਨ ਬਿਮਾਰੀਆਂ ਵਾਲੇ ਲੋਕਾਂ ਨੂੰ ਅਕਸਰ ਸ਼ਿੰਗਲਜ਼ ਦੇ ਬਦਤਰ ਲੱਛਣ ਅਤੇ ਉਲਝਣਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਅੱਗੇ ਸ਼ਿੰਗਲਜ਼ ਕਾਰਨ ਇਹ ਪਹਿਲਾਂ ਵਾਲੀਆਂ ਬਿਮਾਰੀਆਂ ਵੀ ਹੋਰ ਗੁੰਝਲਦਾਰ ਹੋ ਜਾਂਦੀਆਂ ਹਨ।

ਬਰਨਬੀ ਰਹਿੰਦੇ ਦਿਲ ਦੇ ਰੋਗਾਂ ਦੇ ਮਾਹਰ ਡਾ ਸੂ ਹਿਮ ਚੈਨ ਕਹਿੰਦੇ ਹਨ, "ਵੈਕਸੀਨ ਸਭ ਤੋਂ ਪ੍ਰਭਾਵਸ਼ਾਲੀ ਸੁਰੱਖਿਆ ਹੈ। ਇਸ ਦੀ ਉਨ੍ਹਾਂ ਲਈ ਖਾਸ ਸਿਫਾਰਿਸ਼ ਕੀਤੀ ਜਾਂਦੀ ਹੈ, ਜਿਹੜੇ 50 ਸਾਲ ਤੋਂ ਵੱਧ ਉਮਰ ਦੇ ਹਨ ਅਤੇ ਜਿਨ੍ਹਾਂ ਨੂੰ ਕੋਈ ਦੀਰਘ ਰੋਗ ਹੈ, ਜਿਵੇਂ ਕਿ ਪੋਸਟ-ਹਾਰਪੈਟਿਕ ਨਿਊਰੈਲਜੀਆ (PHN) ਵਰਗੇ ਸਾਲਾਂ **Fully Affiliated with the University of Toronto**

ਬੱਧੀ ਚੱਲਣ ਵਾਲੇ ਰਗਾਂ ਦੇ ਦਰਦ ਦਾ ਵੱਧ ਖਤਰਾ ਹੁੰਦਾ ਹੈ। ਇਸ ਕਰਕੇ ਮੈਂ ਸਭ ਤੋਂ ਸਲਾਹ ਦੇਵਾਂਗਾ ਕਿ ਆਪਣੇ ਡਾਕਟਰ ਜਾਂ ਫਰਮਾਸਿਸਟ ਨਾਲ ਆਪਣੀ ਹਾਲਤ ਬਾਰੇ ਗੱਲ ਕਰੋ"।

ਓਨਟਾਰੀਓ ਵਿਚ 65 ਤੋਂ 70 ਸਾਲ ਦੀ ਉਮਰ ਦੇ ਲੋਕ ਨੂੰ ਸਿੰਗਲਜ਼ ਵੈਕਸੀਨ ਪਬਲਿਕ ਹੈਲਥ ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ।ਆਪਣੇ ਡਾਕਟਰ ਜਾਂ ਫਰਮਾਸਿਸਟ ਤੋਂ ਇਲਾਵਾ ਇਸ ਬਾਰੇ ਭਰੋਸੇਯੋਗ ਜਾਣਕਾਰੀ ਲਈ ਤੁਸੀਂ ਓਨਟਾਰੀਓ ਪਬਲਿਕ ਹੈਲਥ ਨਾਲ ਸੰਪਰਕ ਕਰ ਸਕਦੇ ਹੋ।ਇਸ ਸੰਬੰਧੀ Health811 ਤੇ ਕਾਲ ਕਰਕੇ ਕਿਸੇ ਰਜਿਸਟਰਡ ਨਰਸ ਨਾਲ ਗੱਲ ਕਰ ਸਕਦੇ ਹੋ ਜਾਂ Ontario.ca ਤੇ ਜਾ ਸਕਦੇ ਹੋ।












# ਸਿੱਧੂ ਮੂਸੇਵਾਲ ਦਾ ਹੋਵੇਗਾ ਹੋਲੋਗ੍ਰਾਮ ਵਰਲਡ ਟੂਰ

## ਇਤਿਹਾਸ ਰਚਣ ਵਾਲੇ ਹੋਣਗੇ ਪਹਿਲੇ ਭਾਰਤੀ ਕਲਾਕਾ



ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਸ਼ੋਅ 'ਸਾਈਨ ਟੂ ਗੌਡ ਵਲਡ ਟੂਰ' ਦਾ ਟੀਜ਼ਰ ਰਿਲੀਜ਼ ਹੋ ਗਿਆ ਹੈ। ਇਸ ਦਾ ਵੀਡੀਓ ਸਿੱਧੂ ਮੂਸੇਵਾਲਾ ਦੇ ਅਧਿਕਾਰਤ ਇੰਸਟਾਗ੍ਰਾਮ ਅਕਾਊਂਟ 'ਤੇ ਸਾਂਝਾ ਕੀਤਾ ਗਿਆ ਹੈ। ਟੀਜ਼ਰ ਸਿੱਧੂ ਮੂਸੇਵਾਲਾ ਦੇ ਇੱਕ ਹੋਲੋਗ੍ਰਾਮ ਨਾਲ ਸ਼ੁਰੂ ਹੁੰਦਾ ਹੈ ਜਿਸ ਵਿੱਚ ਸਿੱਧੂ ਆਪਣੀਆਂ ਅੱਖਾਂ ਖੋਲ੍ਹਦਾ ਹੈ ਅਤੇ ਫਿਰ ਸਟੇਡੀਅਮ ਦੀ ਭੀੜ ਦਿਖਾਈ ਦਿੰਦੀ ਹੈ। ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਨਾਂ ਇੱਕ ਹੋਰ ਇਤਿਹਾਸ ਜੁੜਨ ਜਾ ਰਿਹਾ ਹੈ। ਉਹ ਪਹਿਲੇ ਅਜਿਹੇ ਭਾਰਤੀ ਕਲਾਕਾਰ ਬਣਨਗੇ ਜਿਨ੍ਹਾਂ ਦਾ ਹੋਲੋਗ੍ਰਾਮ ਵਰਲਡ ਟੂਰ (Hologram World Tour) ਕਰਵਾਇਆ ਜਾਵੇਗਾ। ਇਸ ਤਕਨੀਕ ਰਾਹੀਂ ਸਿੱਧੂ ਮੂਸੇਵਾਲਾ ਨੂੰ ਸਟੇਜ 'ਤੇ ਇੱਕ ਜਿਉਂਦੇ-ਜਾਗਦੇ ਇਨਸਾਨ ਵਾਂਗ ਦਿਖਾਇਆ ਜਾਵੇਗਾ ਜਿਸ ਨਾਲ ਪ੍ਰਸ਼ੰਸਕਾਂ ਨੂੰ ਅਜਿਹਾ ਮਹਿਸੂਸ ਹੋਵੇਗਾ ਜਿਵੇਂ ਉਹ ਖੁਦ ਸਟੇਜ 'ਤੇ ਪਰਫਾਰਮ ਕਰ ਰਹੇ ਹੋਣ। ਸਿੱਧੂ ਮੂਸੇਵਾਲਾ ਦੇ ਅਧਿਕਾਰਤ ਇੰਸਟਾਗ੍ਰਾਮ ਅਕਾਊਂਟ 'ਤੇ ਇਸ ਪ੍ਰਾਜੈਕਟ ਦਾ ਇੱਕ 42 ਸੈਕਿੰਡ ਦਾ ਟੀਜ਼ਰ ਸਾਂਝਾ ਕੀਤਾ ਗਿਆ ਹੈ। ਇਸ ਵੀਡੀਓ ਵਿੱਚ ਇਸ ਸ਼ਾਨਦਾਰ ਪ੍ਰਾਜੈਕਟ ਦੀ ਇੱਕ ਝਲਕ ਦਿਖਾਈ ਗਈ ਹੈ, ਜਿਸ ਨੇ ਦੁਨੀਆ ਭਰ ਦੇ ਪ੍ਰਸ਼ੰਸਕਾਂ ਵਿੱਚ ਭਾਰੀ ਉਤਸ਼ਾਹ ਪੈਦਾ ਕਰ ਦਿੱਤਾ ਹੈ। ਇਸ ਦੇ ਨਾਲ ਹੀ ਇੱਕ ਖਾਸ ਵੈੱਬਸਾਈਟ ਵੀ ਲਾਂਚ ਕੀਤੀ ਗਈ ਹੈ ਜਿੱਥੇ ਇਸ ਟੂਰ ਨਾਲ ਜੁੜੀਆਂ ਅਗਲੀਆਂ ਜਾਣਕਾਰੀਆਂ ਸਾਂਝੀਆਂ ਕੀਤੀਆਂ ਜਾਣਗੀਆਂ।

ਇਹ ਹੋਲੋਗ੍ਰਾਮ ਟੂਰ ਸਿੱਧੂ ਮੂਸੇਵਾਲਾ ਦੀ ਵਿਰਾਸਤ ਨੂੰ ਅੱਗੇ ਵਧਾਉਣ ਦਾ ਇੱਕ ਵੱਡਾ ਉਪਰਾਲਾ ਹੈ। ਦੁਨੀਆ ਭਰ ਵਿੱਚ ਵਸਦੇ ਪੰਜਾਬੀ ਅਤੇ ਸਿੱਧੂ ਦੇ ਚਾਹੁਣ ਵਾਲੇ ਲੰਬੇ ਸਮੇਂ ਤੋਂ ਅਜਿਹਾ ਇੰਤਜ਼ਾਰ ਕਰ ਰਹੇ ਸਨ। ਇਸ ਤਕਨੀਕ ਰਾਹੀਂ ਨਾ ਸਿਰਫ਼ ਉਨ੍ਹਾਂ ਦੇ ਪੁਰਾਣੇ ਹਿੱਟ ਗਾਣੇ ਸੁਣਨ ਨੂੰ ਮਿਲਣਗੇ, ਬਲਕਿ ਉਨ੍ਹਾਂ ਦੀ ਸਟੇਜ ਮੌਜੂਦਗੀ ਦਾ ਅਹਿਸਾਸ ਵੀ ਕੀਤਾ ਜਾ ਸਕੇਗਾ। ਇਹ ਮੌਤ ਤੋਂ ਬਾਅਦ ਕਿਸੇ ਕਲਾਕਾਰ ਦਾ ਪਹਿਲਾ ਹੋਲੋਗ੍ਰਾਮ ਸ਼ੋਅ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਸਿੱਧੂ ਮੂਸੇਵਾਲਾ ਦਾ ਸ਼ੋਅ ਪਹਿਲੀ ਵਾਰ ਪਾਕਿਸਤਾਨ ਸਮੇਤ ਅੱਠ ਦੇਸ਼ਾਂ ਵਿੱਚ ਰਿਲੀਜ਼ ਕੀਤਾ ਜਾਵੇਗਾ। ਸਿੱਧੂ ਮੂਸੇਵਾਲਾ ਨੇ ਇੱਕ ਸਮਾਗਮ ਦੌਰਾਨ ਪਾਕਿਸਤਾਨ 'ਚ ਸ਼ੋਅ ਕਰਨ ਦਾ ਵਾਅਦਾ ਕੀਤਾ ਸੀ ਜਿਸ ਨੂੰ ਹੁਣ ਉਸ ਦੇ ਪਿਤਾ ਬਲਕੌਰ ਸਿੰਘ ਪੂਰਾ ਕਰ ਰਹੇ ਹਨ। ਮੂਸੇਵਾਲਾ ਦਾ ਸ਼ੋਅ ਉਨ੍ਹਾਂ ਦੇ ਜਨਮ ਦਿਨ 11 ਜੂਨ ਨੂੰ ਪੂਰੀ ਤਰ੍ਹਾਂ ਰਿਲੀਜ਼ ਹੋਣ ਦੀ ਉਮੀਦ ਹੈ। ਹੋਲੋਗ੍ਰਾਮ ਟੀਜ਼ਰ ਵਿੱਚ ਛੋਟੇ ਸਿੱਧੂ ਦੀ ਤਸਵੀਰ ਵੀ ਹੈ ਅਤੇ ਕੈਪਸ਼ਨ ਵਿੱਚ ਲਿਖਿਆ ਹੈ, "ਜਨਮਦਿਨ ਮੁਬਾਰਕ ਸ਼ੁਭਦੀਪ"। ਸਿੱਧੂ ਮੂਸੇਵਾਲਾ ਦੇ ਪਿਤਾ ਨੇ ਜਨਵਰੀ ਵਿੱਚ ਸ਼ੋਅ ਦਾ ਪਹਿਲਾ ਪੋਸਟਰ ਜਾਰੀ ਕੀਤਾ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਇੱਕ ਇਤਾਲਵੀ ਟੀਮ ਸ਼ੋਅ ਤਿਆਰ ਕਰ ਰਹੀ ਹੈ। ਇਹ ਤਕਨਾਲੋਜੀ ਉਸ ਦੇ 3-ਡੀ ਅਵਤਾਰ ਨੂੰ ਸਟੇਜ 'ਤੇ ਪੇਸ਼ ਕਰੇਗੀ ਜਿਸ ਵਿੱਚ ਉਸ ਦੀ ਅਸਲ ਆਵਾਜ਼, ਗਾਣੇ ਅਤੇ ਸਵੈਗ ਸ਼ਾਮਲ ਹੋਣਗੇ। ਮੂਸੇਵਾਲਾ ਦਾ ਹੋਲੋਗ੍ਰਾਮ ਟੂਰ ਪਾਕਿਸਤਾਨ, ਭਾਰਤ, ਨਿਊਜ਼ੀਲੈਂਡ, ਕੈਨੇਡਾ, ਅਮਰੀਕਾ, ਯੂ ਏ ਈ, ਯੂ ਕੇ ਅਤੇ ਆਸਟਰੇਲੀਆ ਵਿੱਚ ਪ੍ਰਦਰਸ਼ਿਤ ਕੀਤਾ ਜਾਵੇਗਾ ਅਤੇ ਇਹ ਸ਼ੋਅ ਇੱਕ ਫਿਲਮ ਵਾਂਗ ਸਿਨਮਾਘਰਾਂ ਵਿੱਚ ਦਿਖਾਇਆ ਜਾਵੇਗਾ। ਵੀ ਆਈ ਪੀ ਟਿਕਟ ਦੀ ਕੀਮਤ 1.5 ਲੱਖ ਰੁਪਏ ਹੋਣ ਦੀ ਉਮੀਦ ਹੈ।

# ਸਿੱਖ ਕਿਰਦਾਰਾਂ 'ਤੇ ਬਣੀ ਪਹਿਲੀ ਸੁਪਰਹੀਰੋ ਫ਼ਿਲਮ

## ਫ਼ਿਲਮ 'ਚ ਸਿੱਖਾਂ ਦੀ ਚੜ੍ਹਦੀਕਲਾ ਤੇ ਸੇਵਾ ਭਾਵਨਾ ਨੂੰ ਦਿਖਾਇਆ



ਜਲੰਧਰ : ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਸਿੰਘ ਦੋਸਾਂਝ ਦੀਆਂ ਕੋਸ਼ਿਸ਼ਾਂ ਤੋਂ ਬਾਅਦ ਹੁਣ ਇੱਕ ਸਿੱਖ ਵਾਰੀਅਰ ਉੱਤੇ ਅੰਗਰੇਜ਼ੀ ਵਿੱਚ ਪਹਿਲੀ ਸਿੱਖ ਸੁਪਰਹੀਰੋ ਫਿਲਮ ਬਣ ਗਈ ਹੈ। ਇਸ ਵਿੱਚ ਮਾਰਸ਼ਲ ਆਰਟਸ ਅਤੇ ਸਿੱਖ ਵਿਰਸੇ ਦਾ ਸੁਆਦ ਹੈ। ਫਿਲਮ "ਦ ਨਾਈਂਥ ਮਾਸਟਰ : ਵੇ ਆਫ਼ ਏ ਵਾਰੀਅਰ" (ਜਿਸ ਨੂੰ ਕਈ ਵਾਰ "ਦ ਲਾਸਟ ਵਾਰੀਅਰ" ਵਜੋਂ ਵੀ ਜਾਣਿਆ ਜਾਂਦਾ ਹੈ) ਦੁਨੀਆਂ ਦੀ ਪਹਿਲੀ ਅੰਗਰੇਜ਼ੀ-ਭਾਸ਼ਾ ਵਾਲੀ ਸਿੱਖ ਸੁਪਰਹੀਰੋ ਫਿਲਮ ਵਜੋਂ ਇਤਿਹਾਸ ਰਚ ਰਹੀ ਹੈ। ਇਸ ਫਿਲਮ ਨੂੰ ਫਲੈਕਸ ਸਿੰਘ ਨੇ ਲਿਖਿਆ ਅਤੇ ਡਾਇਰੈਕਟ ਕੀਤਾ ਹੈ।

ਹੀਰੋ ਦੇ ਰੋਲ ਵਿੱਚ ਵੀ ਖੁਦ ਫਲੈਕਸ ਸਿੰਘ ਹਨ । ਫਿਲਮ ਵਿੱਚ ਇੱਕ ਅਨਾਥ ਬੱਚੇ ਦੇ ਮਹਾਨ ਯੋਧਾ ਬਣਨ ਦੇ ਸਫ਼ਰ ਨੂੰ ਦਿਖਾਇਆ ਗਿਆ ਹੈ । ਫਲੈਕਸ ਸਿੰਘ ਨੇ ਕਿਹਾ ਕਿ ਇਹ ਫਿਲਮ ਇਸ ਲਈ ਬਣਾਈ ਗਈ ਹੈ ਤਾਂ ਜੋ ਅੰਗਰੇਜ਼ੀ ਸਮਝਣ ਵਾਲੇ ਵੀ ਸਿੱਖਾਂ ਦੀ ਚੜ੍ਹਦੀ ਕਲਾ ਅਤੇ ਸੇਵਾ ਭਾਵਨਾ ਨੂੰ ਸਮਝ ਸਕਣ। ਫਿਲਮ ਰਾਹੀਂ ਸਿੱਖਾਂ ਨਾਲ ਹੋ ਰਹੇ ਅਪਰਾਧਾਂ ਨੂੰ ਵੀ ਛੂਹਿਆ ਗਿਆ ਹੈ। ਇਸ ਨਾਲ ਹੀ ਯੂਕੇ ਵਿੱਚ ਗੈਂਗ ਕ੍ਰਾਈਮ ਵਰਗੇ ਸਮਾਜਿਕ ਮੁੱਦਿਆਂ ਨੂੰ ਵੀ ਉਠਾਇਆ ਗਿਆ ਹੈ । 21 ਫਰਵਰੀ 2026 ਨੂੰ ਯੂਕੇ ਵਿੱਚ ਆਪਣੇ ਵਰਲਡ ਪ੍ਰੀਮੀਅਰ ਤੋਂ ਬਾਅਦ ਇਹ ਮਾਰਚ 2026 ਵਿੱਚ ਬਰਮਿੰਘਮ ਅਤੇ ਈਸਟ ਲੰਡਨ ਵਿੱਚ ਰਿਲੀਜ਼ ਹੋਈ ।

ਡਾਇਰੈਕਟਰ ਨੇ ਦੱਸਿਆ ਕਿ ਜਲਦੀ ਹੀ ਇਸ ਨੂੰ ਭਾਰਤ ਅਤੇ ਕੈਨੇਡਾ ਵਿੱਚ ਰਿਲੀਜ਼ ਕਰਨ ਦੀ ਤਿਆਰੀ ਹੈ। ਸਿੱਖਾਂ ਦੀ ਬਹਾਦਰੀ ਅਤੇ ਗੌਰਵ ਬਾਰੇ ਲੋਕਾਂ ਨੂੰ ਦੱਸਿਆ - ਇਹ ਦੁਨੀਆਂ ਦੀ ਪਹਿਲੀ ਅੰਗਰੇਜ਼ੀ-ਭਾਸ਼ਾ ਵਾਲੀ ਸਿੱਖ ਸੁਪਰਹੀਰੋ ਫਿਲਮ ਹੈ, ਜੋ ਵਰਲਡ ਸਿਨੇਮਾ ਵਿੱਚ ਇੱਕ ਨਵੀਂ ਮਿਸਾਲ ਕਾਇਮ ਕਰ ਰਹੀ ਹੈ। ਫਿਲਮ ਦਾ ਮੁੱਖ ਉਦੇਸ਼ ਹਾਲੀਵੁੱਡ ਪੱਧਰ ਦੇ ਐਕਸ਼ਨ ਰਾਹੀਂ ਸਿੱਖ ਭਾਈਚਾਰੇ ਦੀ ਤਾਕਤ ਨੂੰ ਦਿਖਾਉਣਾ ਹੈ ਤਾਂ ਜੋ ਦੁਨੀਆਂ ਭਰ ਦੇ ਦਰਸ਼ਕ ਸਿੱਖ ਵਿਰਸੇ ਦੀ ਵੀਰਤਾ ਅਤੇ ਗੌਰਵ ਤੋਂ ਜਾਣੂ ਹੋ ਸਕਣ।

ਫਿਲਮ ਦੇ ਨਿਰਮਾਤਾ ਫਲੈਕਸ ਸਿੰਘ ਨੇ ਇਸ ਦੇ ਲੇਖਨ, ਨਿਰਦੇਸ਼ਨ ਅਤੇ ਮੁੱਖ ਅਭਿਨੈ ਦੀ ਜ਼ਿੰਮੇਵਾਰੀ ਖੁਦ ਸੰਭਾਲੀ ਹੈ। ਉਨ੍ਹਾਂ ਨੇ ਇੱਕ ਅਨਾਥ ਬੱਚੇ ਦੇ ਮਹਾਨ ਯੋਧਾ ਬਣਨ ਦੇ ਸਫ਼ਰ ਨੂੰ ਜਾਪਾਨੀ ਭਾਈਚਾਰੇ, ਸਪਾਰਟਨ ਅਤੇ ਵਾਈਕਿੰਗ ਪਰੰਪਰਾਵਾਂ ਦੇ ਮਾਰਸ਼ਲ ਆਰਟਸ ਨਾਲ ਜੋੜ ਕੇ ਪੇਸ਼ ਕੀਤਾ ਹੈ, ਜੋ ਚੜ੍ਹਦੀ ਕਲਾ ਅਤੇ ਸੇਵਾ ਵਰਗੇ ਮਹਾਨ ਸਿੱਖ ਸਿਧਾਂਤਾਂ ਨੂੰ ਦਰਸਾਉਂਦਾ ਹੈ। ਐਕਸ਼ਨ ਨਾਲ-ਨਾਲ ਇਹ ਫਿਲਮ ਯੂਕੇ ਵਿੱਚ ਗੈਂਗ ਕ੍ਰਾਈਮ ਅਤੇ ਬੇਘਰ ਹੋਣ ਵਰਗੀਆਂ ਗੰਭੀਰ ਸਮੱਸਿਆਵਾਂ 'ਤੇ ਡੂੰਘੀ ਸੱਟ ਮਾਰਦੀ ਹੈ । 21 ਫਰਵਰੀ 2026 ਨੂੰ ਸਲੌ (ਯੂਕੇ) ਵਿੱਚ ਵਰਲਡ ਪ੍ਰੀਮੀਅਰ ਹਾਊਸਫੁੱਲ ਰਹਿਣ ਤੋਂ ਬਾਅਦ, ਮਾਰਚ 2026 ਦੀਆਂ ਸਕ੍ਰੀਨਿੰਗਾਂ ਨੂੰ ਜ਼ਬਰਦਸਤ ਜਵਾਬ ਮਿਲਿਆ ਹੈ। ਹੁਣ ਭਾਰਤ ਅਤੇ ਕੈਨੇਡਾ ਵਰਗੇ ਦੇਸ਼ਾਂ ਵਿੱਚ ਇਸ ਦੀ ਗਲੋਬਲ ਰਿਲੀਜ਼ ਦਾ ਇੰਤਜ਼ਾਰ ਹੈ।

# ਰੈਪਰ ਬਾਦਸ਼ਾਹ ਨੇ ਪੰਜਾਬੀ ਅਦਾਕਾਰਾ Isha Rikhi ਨਾਲ ਰਚਾਇਆ ਵਿਆਹ



ਗਾਇਕ ਅਤੇ ਰੈਪਰ ਬਾਦਸ਼ਾਹ ਨੇ ਪੰਜਾਬੀ ਫ਼ਿਲਮਾਂ ਦੀ ਮਸ਼ਹੂਰ ਅਦਾਕਾਰਾ ਅਤੇ ਮਾਡਲ ਇਸ਼ਾ ਰਿੱਖੀ ਨਾਲ ਵਿਆਹ ਕਰ ਲਿਆ ਹੈ। ਹਾਲਾਂਕਿ ਬਾਦਸ਼ਾਹ ਜਾਂ ਇਸ਼ਾ ਵੱਲੋਂ ਅਜੇ ਤੱਕ ਕੋਈ ਅਧਿਕਾਰਤ ਬਿਆਨ ਸਾਹਮਣੇ ਨਹੀਂ ਆਇਆ, ਪਰ ਇਸ਼ਾ ਦੀ ਮਾਤਾ ਪੂਨਮ ਰਿੱਖੀ ਨੇ ਇੰਸਟਾਗ੍ਰਾਮ 'ਤੇ ਵਿਆਹ ਦੀਆਂ ਰਸਮਾਂ ਦੀਆਂ ਤਸਵੀਰਾਂ ਸਾਂਝੀਆਂ ਕਰਕੇ ਇਸ ਖ਼ਬਰ 'ਤੇ ਮੋਹਰ ਲਾ ਦਿੱਤੀ ਹੈ। ਇਨ੍ਹਾਂ ਤਸਵੀਰਾਂ ਵਿੱਚ ਬਾਦਸ਼ਾਹ ਭੂਰੇ (Brown) ਰੰਗ ਦੇ ਕੁੜਤੇ ਅਤੇ ਸੁਨਹਿਰੀ ਸਾਫ਼ੇ ਵਿੱਚ ਨਜ਼ਰ ਆ ਰਹੇ ਹਨ, ਜਦੋਂਕਿ ਇਸ਼ਾ ਨੇ ਰਵਾਇਤੀ ਲਾਲ ਰੰਗ ਦਾ ਸਲਵਾਰ ਕਮੀਜ਼ ਪਾਇਆ ਹੋਇਆ ਹੈ। ਦੋਵਾਂ ਦੇ ਗਲੇ ਵਿੱਚ ਵਰਮਾਲਾ ਵੀ ਦਿਖਾਈ ਦੇ ਰਹੀ ਹੈ। ਜਾਣਕਾਰੀ ਅਨੁਸਾਰ ਬਾਦਸ਼ਾਹ ਅਤੇ ਇਸ਼ਾ ਪਿਛਲੇ ਲਗਭਗ ਚਾਰ ਸਾਲਾਂ ਤੋਂ ਇੱਕ-ਦੂਜੇ ਨੂੰ ਡੇਟ ਕਰ ਰਹੇ ਸਨ। ਉਹਨਾਂ ਦੀ ਪਹਿਲੀ ਮੁਲਾਕਾਤ ਇੱਕ ਪਾਰਟੀ ਦੌਰਾਨ ਸਾਂਝੇ ਦੋਸਤਾਂ ਰਾਹੀਂ ਹੋਈ ਸੀ।

ਦੱਸਣਯੋਗ ਹੈ ਕਿ ਬਾਦਸ਼ਾਹ ਦਾ ਇਹ ਦੂਜਾ ਵਿਆਹ ਹੈ; ਇਸ ਤੋਂ ਪਹਿਲਾਂ ਉਨ੍ਹਾਂ ਦਾ ਵਿਆਹ ਜੈਸਮੀਨ ਮਸੀਹ ਨਾਲ ਹੋਇਆ ਸੀ, ਜਿਸ ਤੋਂ ਉਨ੍ਹਾਂ ਦੀ ਇੱਕ ਬੇਟੀ ਜੈਸਮੀ ਗ੍ਰੇਸ ਮਸੀਹ ਸਿੰਘ ਵੀ ਹੈ। ਸਾਲ 2020 ਵਿੱਚ ਉਹ ਆਪਣੀ ਪਹਿਲੀ ਪਤਨੀ ਤੋਂ ਵੱਖ ਹੋ ਗਏ ਸਨ। ਦੂਜੇ ਪਾਸੇ, ਇਸ਼ਾ ਰਿੱਖੀ ਨੇ 2013 ਵਿੱਚ 'ਜੱਟ ਬੁਆਏਜ਼ ਪੁੱਤ ਜੱਟਾਂ ਦੇ' ਨਾਲ ਪੰਜਾਬੀ ਸਿਨੇਮਾ ਵਿੱਚ ਕਦਮ ਰੱਖਿਆ ਸੀ ਅਤੇ 2018 ਵਿੱਚ ਫ਼ਿਲਮ 'ਨਵਾਬਜ਼ਾਦੇ' ਰਾਹੀਂ ਬੌਲੀਵੁੱਡ ਵਿੱਚ ਡੈਬਿਊ ਕੀਤਾ ਸੀ।

## ਹਰਿਆਣਾ ਪੁਲੀਸ ਨੇ ਬਾਦਸ਼ਾਹ ਦੇ ਵਿਵਾਦਤ ਗੀਤ 'Tatihari' ਦੇ 850 ਤੋਂ ਵੱਧ ਲਿੰਕ ਹਟਾਏ

ਪੰਚਕੂਲਾ ਪੁਲੀਸ ਨੇ ਸੋਸ਼ਲ ਮੀਡੀਆ 'ਤੇ ਗੰਦਗੀ ਫੈਲਾਉਣ ਵਾਲੇ ਗਾਇਕਾਂ ਅਤੇ ਕੰਪਨੀਆਂ ਖਿਲਾਫ਼ ਕਾਰਵਾਈ ਦਾ ਅਮਲ ਤੇਜ਼ ਕਰ ਦਿੱਤਾ ਹੈ। ਹਰਿਆਣਾ ਪੁਲੀਸ ਨੇ ਰੈਪਰ ਬਾਦਸ਼ਾਹ ਦੇ ਵਿਵਾਦਿਤ ਗੀਤ 'ਟਟੀਹਰੀ' ਵਿਰੁੱਧ ਆਪਣੀ ਕਾਰਵਾਈ ਨੂੰ ਤੇਜ਼ ਕਰ ਦਿੱਤਾ ਹੈ ਕਿ ਹੁਣ ਡਿਜੀਟਲ ਪਲੇਟਫਾਰਮਾਂ ਤੋਂ ਇਸ ਗੀਤ ਨੂੰ ਲੱਭਣਾ ਮੁਸ਼ਕਿਲ ਹੋ ਰਿਹਾ ਹੈ। ਪੁਲੀਸ ਨੇ ਸਪੱਸ਼ਟ ਕੀਤਾ ਹੈ ਕਿ ਅਜਿਹੀ ਸਮੱਗਰੀ ਜੋ ਸਮਾਜਿਕ ਮਰਿਆਦਾਵਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ, ਉਸ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਫ਼ਿਲਮ ਧੁਰੰਦਰ-2 'ਚ ਸਿੱਖ ਮਰਿਆਦਾ ਵਿਰੁੱਧ ਦ੍ਰਿਸ਼ਾਂ ਲਈ ਮਾਫ਼ੀ ਮੰਗੇ ਨਿਰਮਾਤਾ: ਗੁਰਜੋਤ ਸਿੰਘ




ਮੁੰਬਈ: ਸ਼ਿਵ ਸੈਨਾ ਨੇਤਾ ਗੁਰਜੋਤ ਸਿੰਘ ਕੀਰ ਨੇ ਹਾਲ ਹੀ 'ਚ ਰਿਲੀਜ਼ ਫ਼ਿਲਮ ਧੁਰੰਦਰ-2 'ਚ ਗੁਰਬਾਣੀ ਦੀ ਬੇਅਦਬੀ ਦੇ ਦੋਸ਼ ਲਾਉਂਦਿਆਂ ਫ਼ਿਲਮ ਦੇ ਨਿਰਮਾਤਾਵਾਂ ਤੋਂ ਤੁਰਤ ਮਾਫ਼ੀ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਗੁਰਬਾਣੀ ਪਵਿੱਤਰ ਹੈ ਅਤੇ ਇਸ ਦੀ ਬੇਅਦਬੀ ਕਿਸੇ ਵੀ ਰੂਪ ਵਿਚ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਨੇ ਫਿਲਮ ਵਿਰੁਧ ਪੁਲਿਸ ਕੋਲ ਸ਼ਿਕਾਇਤ ਦਿਤੀ ਹੈ ਅਤੇ ਸ਼ਾਂਤਮਈ ਪ੍ਰਦਰਸ਼ਨ ਕਰਨ ਦੀ ਚੇਤਾਵਨੀ ਵੀ ਦਿਤੀ।

ਦਰਅਸਲ ਫ਼ਿਲਮ ਧੁਰੰਦਰ-2 ਦੇ ਇਕ ਦ੍ਰਿਸ਼ ਉਤੇ ਵਿਵਾਦ ਖੜ੍ਹਾ ਹੋ ਗਿਆ ਹੈ, ਜਿੱਥੇ ਅਦਾਕਾਰ ਆਰ. ਮਾਧਵਨ ਗੁਰਬਾਣੀ ਦੀ ਇਕ ਪੰਗਤੀ ਬੋਲ ਰਹੇ ਹਨ ਅਤੇ ਨਾਲ ਹੀ ਉਨ੍ਹਾਂ ਦੇ ਮੂੰਹ ਵਿਚ ਸਿਗਰਟ ਵੀ ਦਿਸ ਰਹੀ ਹੈ। ਸ਼ਿਵ ਸੈਨਾ ਨੇਤਾ ਗੁਰਜੋਤ ਸਿੰਘ ਕੀਰ ਨੇ ਕਿਹਾ, ''ਗੁਰਬਾਣੀ ਪਵਿੱਤਰ ਹੈ, ਸਿਰਫ਼ ਸੰਵਾਦ ਨਹੀਂ, ਅਤੇ ਇਸ ਤਰ੍ਹਾਂ ਦੀ ਪੇਸ਼ਕਾਰੀ ਸਿੱਖ ਭਾਵਨਾਵਾਂ ਨੂੰ ਢਾਹ ਪਹੁੰਚਾਉਂਦੀ ਹੈ।'' ਕੀਰ ਨੇ ਕਿਹਾ ਕਿ ਆਰ. ਮਾਧਵਨ ਵਲੋਂ ਨਿਭਾਇਆ ਕਿਰਦਾਰ, ਜੋ ਰਣਵੀਰ ਸਿੰਘ ਨਾਲ ਗੱਲ ਕਰਦੇ ਹੋਏ ਸਿਗਰਟ ਪੀ ਰਿਹਾ ਹੈ ਅਤੇ ਪਵਿੱਤਰ ਗੁਰਬਾਣੀ 'ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ' ਦਾ ਉਚਾਰਣ ਕਰਦਾ ਹੈ, ਬਹੁਤ ਹੀ ਦੁਖਦਾਈ ਅਤੇ ਅਸਵੀਕਾਰਯੋਗ ਹੈ।

ਉਨ੍ਹਾਂ ਨੇ ਨਿਰਮਾਤਾ, ਆਦਿਤਿਆ ਧਰ, ਆਰ. ਮਾਧਵਨ ਅਤੇ ਰਣਵੀਰ ਸਿੰਘ ਤੋਂ ਐਸ.ਜੀ.ਪੀ.ਸੀ. ਕੋਲੋਂ ਇਸ ਗਲਤੀ ਦੀ ਮਾਫ਼ੀ ਮੰਗਣ ਲਈ ਕਿਹਾ। ਸ਼ਿਵ ਸੇਨਾ ਨੇਤਾ ਨੇ ਕਿਹਾ ਜੇ ਇਹ ਸਿੱਖ ਕੌਮ ਤੋਂ ਮਾਫ਼ੀ ਨਹੀਂ ਮੰਗਦੇ, ਤਾਂ ਜਿੱਥੇ ਵੀ ਨਜ਼ਰ ਆਉਣ, ਉਨ੍ਹਾਂ ਨੂੰ ਕਾਲੇ ਝੰਡੇ ਵਿਖਾਏ ਜਾਣ। ਉਨ੍ਹਾਂ ਨੇ ਚੇਤਾਵਨੀ ਦਿਤੀ, ''ਤੁਰਤ ਮਾਫ਼ੀ ਮੰਗੋ, ਨਹੀਂ ਤਾਂ ਇਤਿਹਾਸ ਗਵਾਹ ਹੈ ਕਿ ਸਿੱਖ ਕੌਮ ਕੀ ਕਰਨ ਦੇ ਯੋਗ ਹੈ।''

# ਗਾਇਕ ਗੁਰੂ ਰੰਧਾਵਾ ਨੂੰ ਹਾਈਕੋਰਟ ਨੇ ਦਿੱਤੀ ਵੱਡੀ ਰਾਹਤ



ਚੰਡੀਗੜ੍ਹ : ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਮਸ਼ਹੂਰ ਪੰਜਾਬੀ ਗਾਇਕ ਗੁਰੂ ਰੰਧਾਵਾ ਨੂੰ ਵੱਡੀ ਰਾਹਤ ਦਿੰਦਿਆਂ ਉਨ੍ਹਾਂ ਵਿਰੁੱਧ ਸਮਰਾਲਾ ਦੀ ਅਦਾਲਤ ਵਿੱਚ ਚੱਲ ਰਹੀ ਅਪਰਾਧਿਕ ਕਾਰਵਾਈ 'ਤੇ ਰੋਕ ਲਗਾ ਦਿੱਤੀ ਹੈ। ਅਦਾਲਤ ਨੇ ਪਾਇਆ ਕਿ ਹੇਠਲੀ ਅਦਾਲਤ ਨੇ ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਕੀਤੇ ਬਿਨਾਂ ਹੀ ਨੋਟਿਸ ਜਾਰੀ ਕਰ ਦਿੱਤਾ ਸੀ।

ਇਹ ਵਿਵਾਦ ਗੁਰੂ ਰੰਧਾਵਾ ਦੇ ਗੀਤ "ਸਿਰਾ" (SIrra) ਦੇ ਬੋਲਾਂ ਨਾਲ ਜੁੜਿਆ ਹੋਇਆ ਹੈ। ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਸੀ ਕਿ ਇਸ ਗੀਤ ਰਾਹੀਂ ਜੱਟ-ਸਿੱਖ ਭਾਈਚਾਰੇ ਨੂੰ ਬਦਨਾਮ ਕੀਤਾ ਗਿਆ ਹੈ ਅਤੇ ਧਾਰਮਿਕ ਰੀਤੀ-ਰਿਵਾਜਾਂ ਦੀ ਬੇਅਦਬੀ ਕੀਤੀ ਗਈ ਹੈ। ਸਮਰਾਲਾ ਦੇ ਸਬ-ਡਵੀਜ਼ਨਲ ਜੁਡੀਸ਼ੀਅਲ ਮੈਜਿਸਟਰੇਟ ਨੇ 25 ਅਗਸਤ 2025 ਨੂੰ ਇਸ ਮਾਮਲੇ ਵਿੱਚ ਗਾਇਕ ਨੂੰ ਨੋਟਿਸ ਜਾਰੀ ਕੀਤਾ ਸੀ।

ਜਸਟਿਸ ਸੂਰਿਆ ਪ੍ਰਤਾਪ ਸਿੰਘ ਨੇ ਮਾਮਲੇ ਦੀ ਸੁਣਵਾਈ ਕਰਦਿਆਂ ਕਿਹਾ ਕਿ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ (BNSS) ਦੇ ਨਿਯਮਾਂ ਅਨੁਸਾਰ ਕਿਸੇ ਵੀ ਮੁਲਜ਼ਮ ਨੂੰ ਨੋਟਿਸ ਜਾਰੀ ਕਰਨ ਤੋਂ ਪਹਿਲਾਂ ਮੁਢਲੇ ਸਬੂਤ ਦਰਜ ਕਰਨੇ ਲਾਜ਼ਮੀ ਹਨ। ਇਸ ਮਾਮਲੇ ਵਿੱਚ ਅਜਿਹਾ ਨਹੀਂ ਕੀਤਾ ਗਿਆ, ਜਿਸ ਕਾਰਨ ਅਦਾਲਤ ਨੇ ਕਾਰਵਾਈ 'ਤੇ ਸਟੇਅ ਲਗਾ ਦਿੱਤਾ ਹੈ।

ਗੁਰੂ ਰੰਧਾਵਾ ਦੇ ਵਕੀਲਾਂ (ਤੇਜੇਸ਼ਵਰ ਸਿੰਘ ਅਤੇ ਤਰੁਸ਼ੀ ਮੋਂਗਾ) ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਗਾਇਕ ਦੀ ਕੋਈ ਮਾੜੀ ਨੀਅਤ ਨਹੀਂ ਸੀ। ਕਾਨੂੰਨੀ ਨੋਟਿਸ ਮਿਲਣ 'ਤੇ ਉਨ੍ਹਾਂ ਨੇ ਤੁਰੰਤ ਜਵਾਬ ਦਿੱਤਾ ਸੀ। ਵਿਵਾਦਿਤ ਬੋਲਾਂ ਨੂੰ ਹਟਾਉਣ ਜਾਂ ਸੋਧਣ ਲਈ ਡਿਜੀਟਲ ਪਲੇਟਫਾਰਮਾਂ ਨਾਲ ਪਹਿਲਾਂ ਹੀ ਗੱਲਬਾਤ ਕੀਤੀ ਜਾ ਚੁੱਕੀ ਹੈ, ਜੋ ਕਿ ਉਨ੍ਹਾਂ ਦੀ 'ਨੇਕ ਨੀਅਤ' ਨੂੰ ਦਰਸਾਉਂਦਾ ਹੈ। ਹਾਈਕੋਰਟ ਨੇ ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 16 ਜੁਲਾਈ ਲਈ ਤੈਅ ਕੀਤੀ ਹੈ, ਉਦੋਂ ਤੱਕ ਹੇਠਲੀ ਅਦਾਲਤ ਵਿੱਚ ਕੋਈ ਕਾਰਵਾਈ ਨਹੀਂ ਹੋਵੇਗੀ।

LEGAL & BUSINESS SOLUTIONS FOR NRI'S
Property • Family • Business • Taxation Matters

ਪੰਜਾਬ ਵਿੱਚ ਜੇਕਰ ਤੁਹਾਨੂੰ ਆਪਣੇ ਜ਼ਮੀਨੀ, ਪਰਿਵਾਰਿਕ ਜਾਂ ਵਿਓਪਾਰਕ ਝਗੜੇ ਲਈ ਕਨੂੰਨੀ ਸਲਾਹ ਦੀ ਲੋੜ ਹੈ ਤਾਂ ਸਾਡੇ ਕੋਲ ਮਾਹਿਰ ਵਕੀਲਾਂ ਦੀ ਟੀਮ, ਤੁਹਾਡੇ ਸਮਲੇ ਦਾ ਹੱਲ ਕਰ ਸਕਦੀ ਹੈ, ਤੁਹਾਨੂੰ ਜਾਣ ਦੀ ਵੀ ਲੋੜ ਨਹੀਂ

PROPERTY MATTERS
ਜ਼ਮੀਨ/ਜਾਇਦਾਦ ਦੇ ਮਾਮਲੇ
- Ancestral Property Issues
- ਜੱਦੀ ਜਾਇਦਾਦ ਦੇ ਮਸਲੇ
- Wills, Estate, Probate
- ਵਸੀਅਤ, ਅਸਟੇਟ, ਪ੍ਰੋਬੇਟ
- Partition of Property
- ਜਾਇਦਾਦ ਦੀ ਵੰਡ
- Removing illegal possession or encroachments
- ਨਾਜਾਇਜ਼ ਕਬਜ਼ੇ ਦੇ ਮਾਮਲੇ
- Disputes with Municipality, Government etc.
- ਨਗਰ ਪਾਲਿਕਾ ਨਾਲ ਵਿਵਾਦ, ਸਰਕਾਰੀ ਝਗੜੇ

FAMILY MATTERS
ਪਰਿਵਾਰਕ ਝਗੜੇ
- Divorce and Separation
- ਤਲਾਕ ਦੇ ਮਾਮਲੇ
- Maintenance or Alimony
- ਰੱਖ-ਰਖਾਵ ਜਾਂ ਗੁਜ਼ਾਰਾ
- Matrimonial Property disputes
- ਵਿਆਹੁਤਾ ਸੰਪਤੀ ਵਿਵਾਦ
- Child Custody
- ਬੱਚੇ ਦੀ ਹਿਰਾਸਤ

BUSINESS/COMMERCIAL DISPUTES
ਵਿਓਪਾਰਕ ਝਗੜੇ
- Startup business in India (we provide services from incorporation to commencement)
- ਭਾਰਤ ਵਿੱਚ ਕਾਰੋਬਾਰ ਸ਼ੁਰੂ ਕਰਨ ਲਈ ਹਰ ਤਰ੍ਹਾਂ ਦੀ ਸਹਾਇਤਾ ਕਰਦੇ ਹਾਂ
- Business outsourcing
- ਵਪਾਰ ਆਊਟਸੋਰਸਿੰਗ
- Taxation issues
- ਟੈਕਸ ਦੇ ਮਸਲੇ
- Partnership disputes
- ਭਾਈਵਾਲੀ ਦੇ ਝਗੜੇ
- Breach of contract, recovery of unpaid dues
- ਇਕਰਾਰਨਾਮੇ ਦੀ ਉਲੰਘਣਾ, ਅਦਾ ਨਾ ਕੀਤੇ ਬਕਾਏ ਦੀ ਵਸੂਲੀ

INDOWORLD BUSINESS SOLUTIONS INC.
Contact:
Indoworld Business Solutions
Phone: 416-840-4365
Email: info@indoworldbusinesssolutions.com

ACCESS PERSONNEL RESOURCES INC.
TEMPORARY STAFFING AGENCY

WE ARE HIRING
Join Our Team



OPEN POSITION
- General Labour
- Forklift Operators
- Sanitation Workers
- Machine Operators
- Mixers/Bakers
- Shippers/Receivers

REQUIREMENTS:
The person should be fluent in english, able to work long hours.
The person should be able to work full time with valid work permit or PR holders

APPLY NOW

Send your resume
disptach.accesspersonnel@gmail.com
Contact: 416-675-2288

Shift Available
Morning
Afternoon
Night

## ਵਿਸ਼ਵ ਖੁਸ਼ੀ ਦਿਵਸ 'ਤੇ ਵਿਸ਼ੇਸ਼ :–

# ਖੁਸ਼ ਰਹਿਣ ਨੂੰ ਆਪਣਾ ਜੀਵਨ ਮਨੋਰਥ ਬਣਾਓ !

ਹਰ ਸਾਲ 20 ਮਾਰਚ ਦਾ ਦਿਨ ਅੰਤਰਰਾਸ਼ਟਰੀ ਖੁਸ਼ੀ ਦਿਵਸ ਵਜੋਂ ਮਨਾਇਆ ਜਾਂਦਾ ਹੈ। ਖੁਸ਼ੀ ਜਾਂ ਹਾਸੇ ਬਾਰੇ ਹੋਰ ਕੋਈ ਗੱਲ ਕਰਨ ਤੋਂ ਪਹਿਲਾਂ ਇਸ ਦਿਨ ਦੀ ਮਹੱਤਤਾ ਨੂੰ ਹੀ ਜਾਣ ਲਈਏ। ਇਸ ਦਿਨ ਨੂੰ ਮਨਾਉਣ ਦਾ ਉਦੇਸ਼ ਸੰਸਾਰ ਭਰ ਦੇ ਲੋਕਾਂ ਦੇ ਜੀਵਨ ਵਿਚ ਖੁਸ਼ੀਆਂ ਦੀ ਮਹੱਤਤਾ ਦੀ ਪਹਿਚਾਣ ਹੈ। ਇਹ ਦਿਨ ਸਾਨੂੰ ਯਾਦ ਕਰਵਾਉਂਦਾ ਹੈ ਕਿ ਖੁਸ਼ੀ ਮਨੁੱਖ ਦਾ ਮੁੱਢਲਾ ਮਾਨਵੀ ਆਦਰਸ਼ ਹੈ ਅਤੇ ਇਹ ਦਿਨ ਵਿਅਕਤੀਆਂ, ਸਰਕਾਰਾਂ, ਅਤੇ ਵੱਖ ਵੱਖ ਜਥੇਬੰਦੀਆਂ ਆਦਿ ਨੂੰ ਸਰੀਰਕ ਅਤੇ ਮਾਨਸਿਕ ਖੁਸ਼ ਹੋਣ ਨੂੰ ਪਹਿਲ ਦੇਣ ਲਈ ਉਤਸ਼ਾਹਿਤ ਕਰਦਾ ਹੈ।

**ਇਸ ਦਿਨ ਦਾ ਇਤਿਹਾਸ :** ਯੂਨਾਈਟਡ ਨੇਸ਼ਨਜ਼ ਨੇ 2012 ਵਿੱਚ ਇਸ ਦਿਨ ਨੂੰ ਸਥਾਪਿਤ ਕੀਤਾ ਸੀ। ਇਹ ਭੂਟਾਨ ਦੀ ਪਹਿਲ ਨੂੰ ਮੁੱਖ ਰੱਖ ਕੇ ਕੀਤਾ ਗਿਆ ਸੀ। ਭੂਟਾਨ ਇੱਕ ਅਜਿਹਾ ਦੇਸ਼ ਹੈ ਜਿਸ ਨੂੰ ਗਰਾਸ ਡੋਮੇਸਟਿਕ ਪ੍ਰੋਡਕਟ (ਘਧਫ)ਤੋਂ ਨਹੀਂ, ਸਗੋਂ ਗਰਾਸ ਨੈਸ਼ਨਲ ਹੈਪੀਨੈਸ (ਘ੍ਹੂ) ਤੋਂ ਜਾਣਿਆ ਜਾਂਦਾ ਹੈ। 1970 ਦੇ ਦਹਾਕੇ ਵਿੱਚ ਭੂਟਾਨ ਨੇ ਰਾਸ਼ਟਰੀ ਆਮਦਨ ਦੇ ਮੁੱਲ ਨਾਲੋਂ ਰਾਸ਼ਟਰੀ ਖੁਸ਼ੀ ਨੂੰ ਤਰਜੀਹ ਦਿੱਤੀ। ਯੂਨਾਈਟਡ ਨੇਸ਼ਨਜ਼ ਨੇ ਇਸ ਦਿਨ ਨੂੰ ਕਿਸੇ ਵੀ ਦੇਸ਼ ਦੀ ਤਰੱਕੀ ਲਈ ਉਸਦੇ ਲੋਕਾਂ ਦੇ ਖੁਸ਼ ਹੋਣ ਨੂੰ ਵਿਸ਼ਵ ਪੱਧਰ ਦਾ ਜਰੂਰੀ ਮਾਪਦੰਡ ਮੰਨ ਲਿਆ ਸੀ। 2013 ਤੋਂ ਸੰਸਾਰ ,ਟਿਕਾਊ ਤਰੱਕੀ ਨੂੰ ਉਤਸ਼ਾਹਿਤ ਕਰਨ,ਮਾਨਸਿਕ ਸਿਹਤ ਜਾਗਰੂਕਤਾ, ਅਤੇ ਸਕਾਰਾਤਮਕ ਸਮਾਜਿਕ ਸੰਬੰਧਾਂ ਖਾਤਰ ਖੁਸ਼ੀ ਨੂੰ ਇੱਕ ਬ੍ਰਹਿਮੰਡੀ ਅਧਿਕਾਰ ਤੇ ਜੋਰ ਦੇਣ ਵਜੋਂ ਮਨਾਉਂਦਾ ਆ ਰਿਹਾ ਹੈ। ਅੰਤਰਰਾਸ਼ਟਰੀ ਖੁਸ਼ੀ ਦਿਵਸ ਦਾ ਬਹੁਤ ਵੱਡਾ ਮਹੱਤਵ ਹੈ ਕਿਉਂਕਿ ਖੁਸ਼ੀ ਕਿਸੇ ਵੀ ਵਿਅਕਤੀ ਦੇ ਜੀਵਨ ਚ ਸਭ ਤੋਂ ਮਹੱਤਵਪੂਰਨ ਚੀਜ ਹੁੰਦੀ ਹੈ।

**ਇਸ ਦਿਨ ਲਈ 2026 ਦਾ ਥੀਮ :–** ਸੰਯੁਕਤ ਰਾਸ਼ਟਰ ਹਰ ਸਾਲ ਇਸ ਦਿਨ ਲਈ ਇੱਕ ਥੀਮ ਦਿੰਦਾ ਹੈ। ਸਾਰੇ ਸਾਲ ਦੀਆਂ ਗਤੀਵਿਧੀਆਂ ਇਸ ਥੀਮ ਦੁਆਲੇ ਘੁੰਮਦੀਆਂ ਹਨ। 2026 ਲਈ ਯੂ ਐਨ ਵਲੋਂ ਦਿੱਤਾ ਗਿਆ ਥੀਮ ਹੈ ਫ਼ਤੁੱਟ;ਸ਼ੋਚਿਓਲ ੲਦਿਓ ਫ਼ੳਮਪ;ੁੳਪਪਿਨੲਸਸ ਫ਼ਤੁੱਟ; ਜੋ ਡਿਜੀਟਲ ਜਿੰਦਗੀ ਦਾ ਖੁਸ਼ੀ ਨਾਲ ਰਿਸ਼ਤਾ ਢੂੰਡਦਾ ਹੈ। ਕਿ ਕਿਵੇਂ ਨਵੀ ਤਕਨਾਲੋਜੀ ਨੂੰ ਚੰਗੇ ਸੰਬੰਧ ਬਣਾਉਣ ਲਈ, ਦਿਆਲਤਾ ਲਈ ਅਤੇ ਮਾਨਸਿਕ ਰੂਪ ਵਿਚ ਸਿਹਤਮੰਦ ਹੋਣ ਲਈ ਵਰਤਿਆ ਜਾ ਸਕਦਾ ਹੈ। ਇਸਦੇ ਮੁੱਖ ਨੁਕਤੇ ਹੇਠ ਲਿਖੇ ਹਨ –

*** ਨੇਕੀ ਲਈ ਤਕਨਾਲੋਜੀ –** ਸੋਸ਼ਲ ਮੀਡੀਆ ਮਾਨਸਿਕ ਸਿਹਤ ਤੇ ਕੀ ਪ੍ਰਭਾਵ ਪਾਉਂਦਾ ਹੈ। ਕਿਵੇਂ ਇਸਨੂੰ ਇਕੱਲੇਪਣ ਲਈ ਨਹੀਂ ਸਗੋਂ ਸਮਾਜਿਕ ਸੰਬੰਧ ਮਜਬੂਤ ਕਰਨ ਲਈ ਵਰਤਿਆ ਜਾ ਰਿਹਾ ਹੈ। ਸੋਸ਼ਲ ਮੀਡੀਆ ਰਾਹੀਂ ਕਿਹੜੇ ਕਿਹੜੇ ਨੇਕੀ ਦੇ ਕੰਮ ਕੀਤੇ ਜਾ ਸਕਦੇ ਹਨ। ਨਵੀਆਂ ਤਕਨੀਕਾਂ ਤਦ ਹੀ ਫਾਇਦੇਮੰਦ ਹਨ ਜੇ ਉਹਨਾਂ ਰਾਹੀਂ ਸੰਸਾਰ ਵਿੱਚ ਕਲਿਆਣ ਅਤੇ ਖੁਸ਼ੀ ਪੈਦਾ ਕਰਨ ਦਾ ਮਨੋਰਥ ਪੂਰਾ ਹੋਵੇ।

*** ਖਿਆਲ ਰੱਖਣਾ ਅਤੇ ਸਾਂਝਾ ਕਰਨਾ :–** ਇਹ ਦੂਸਰੇ ਦੀ ਭਲਾਈ ,ਹਮਦਰਦੀ ਅਤੇ ਵਿਸ਼ਵਾਸ਼ ਦੀ ਮਹੱਤਤਾ ਤੇ ਹੋਈ ਨਵੀ ਖੋਜ ਤੇ ਅਧਾਰਿਤ ਹੈ। ਦੂਸਰੇ ਦੇ ਕੰਮ ਆ ਕੇ, ਉਸ ਦਾ ਖਿਆਲ ਰੱਖ ਕੇ ਅਤੇ ਉਸਦੇ ਦੁੱਖ ਅਤੇ ਖੁਸ਼ੀਆਂ ਨੂੰ ਵੰਡ ਕੇ ਅਸਲ ਖੁਸ਼ੀ ਪ੍ਰਾਪਤ ਹੁੰਦੀ ਹੈ। ਖੁਸ਼ੀ ਲਈ ਬਹੁਤ ਵੱਡੇ ਕਾਰਜ ਕਰਨ ਦੀ ਲੋੜ ਨਹੀਂ, ਸਗੋਂ ਛੋਟੇ ਛੋਟੇ ਕੰਮਾਂ ਵਿਚੋਂ ਖੁਸ਼ੀ ਲੱਭਣ ਦਾ ਯਤਨ ਕਰਨਾ ਚਾਹੀਦਾ ਹੈ। ਅਮਰੀਕੀ ਇਤਿਹਾਸਕਾਰ ਅਤੇ ਨਾਟਕਕਾਰ ਹੋਵਾਰਡ ਜਿਨ ਦੇ ਸ਼ਬਦਾਂ ਵਿੱਚ , ਫ਼ਤੁੱਟ; ਸਾਨੂੰ ਤਬਦੀਲੀ ਦੀ ਪ੍ਰਕਿਰਿਆ ਵਿੱਚ ਵੱਡੇ ਅਤੇ ਨਾਇਕਾਂ ਵਾਲੇ ਕੰਮਾਂ ਵਿੱਚ ਪੈਣ ਦੀ ਲੋੜ ਨਹੀਂ। ਛੋਟੇ ਛੋਟੇ ਕਾਰਜ, ਜਦੋਂ ਕਰੋੜਾਂ ਲੋਕਾਂ ਨਾਲ ਜਾ ਮਿਲਦੇ ਹਨ, ਸੰਸਾਰ ਵਿੱਚ ਤਬਦੀਲੀ ਲਿਆ ਸਕਦੇ ਹਨ ।ਫ਼ਤੁੱਟ;

*** ਮਾਨਸਿਕ ਸਿਹਤ ਪ੍ਰਤੀ ਜਾਗਰੂਕਤਾ :–** ਦੂਜਿਆਂ ਦੇ ਵਿਵਹਾਰ ਪ੍ਰਤੀ ਬਣਾਈ ਹੋਈ ਨਕਾਰਾਤਮਕ ਸੋਚ ਤਿਆਗਣੀ ਅਤੇ ਆਪਣੀ ਅਤੇ ਦੂਸਰਿਆਂ ਦੀ ਮਾਨਸਿਕ ਭਲਾਈ ਲਈ ਯਤਨ ਕਰਨੇ। ਅਕਸਰ ਅਸੀਂ ਆਪਣੇ ਸਰੀਰ ਦੀ ਤੰਦਰੁਸਤੀ ਲਈ ਤਾਂ ਯਤਨ ਕਰਦੇ ਹਾਂ, ਪਰ ਮਨ ਨੂੰ ਚਿੰਤਾ, ਫਿਕਰਾਂ ਅਤੇ ਸੰਸਿਆਂ ਤੋਂ ਉੱਚਾ ਉੱਠ ਕੇ ਹਮੇਸ਼ਾ ਖੁਸ਼ ਰੱਖਣ ਲਈ ਕੁਝ ਨਹੀਂ ਕਰਦੇ। ਮਨ ਨੂੰ ਵੀ ਸਰੀਰਕ ਤੰਦਰੁਸਤੀ ਵਾਂਗ ਹੀ ਸੰਤੁਲਿਤ ਖੁਰਾਕ (ਜੋ ਮਨ ਅੰਦਰ ਜਾ ਰਿਹਾ ਹੈ, ਪੜ੍ਹਨ, ਸੁਣਨ,ਦੇਖਣ ਆਦਿ ਰਾਹੀਂ, ਉਹ ਸਿਰਫ ਚੰਗਾ, ਉਸਾਰੂ ਅਤੇ ਮਨੁੱਖਤਾ ਦੀ ਭਲਾਈ ਵਾਲਾ ਹੋਵੇ) ਕਸਰਤ (ਚੰਗੀਆਂ ਭਾਵਨਾਵਾਂ ਅਤੇ ਵਿਚਾਰ ਪੈਦਾ ਕਰਨ ਦੇ ਸੁਚੇਤ ਯਤਨ ਕਰਨੇ) ਅਤੇ ਆਰਾਮ ( ਕੁਝ ਸਮੇਂ ਲਈ ਸਾਰੇ ਯਤਨ ਛੱਡ ਦੇਣੇ, ਸਾਰੀਆਂ ਸੋਚਾਂ, ਫੁਰਨਿਆਂ,ਕਲਪਨਾਵਾਂ ਤੋਂ ਦੂਰ ਰਹਿਣਾ ਸਿੱਖਣਾ), ਅੱਜ ਦਾ ਯੁੱਗ ਸੋਸ਼ਲ ਮੀਡੀਆ ਦਾ ਯੁੱਗ ਹੈ, ਪਰ ਅਫਸੋਸ ਅਤੇ ਦੁੱਖ ਇਸ ਗੱਲ ਦਾ ਹੈ ਕਿ ਸੋਸ਼ਲ ਮੀਡੀਆ ਅੱਜ ਨਫਰਤ, ਬੇਈਮਾਨੀ, ਧੋਖੇ, ਅਪਮਾਨ , ਅਫਵਾਹਾਂ, ਮੰਦੀ ਭਾਸ਼ਾ, ਅਤੇ ਅਸ਼ਲੀਲਤਾ ਫੈਲਾ ਰਿਹਾ ਹੈ। ਜਿਹੜਾ ਸਾਧਨ ਮਨੁੱਖ ਨੂੰ ਮਨੁੱਖ ਨਾਲ ਸਾਂਝ ਅਤੇ ਪ੍ਰੇਮ ਗੰਢਾਂ ਪੀਡੀਆਂ ਕਰਨ ਲਈ ਅਤੇ ਆਪਣੇ ਪ੍ਰੇਮ ਨੂੰ ਪੂਰੇ ਵਿਸ਼ਵ ਵਿਚ ਫੈਲਣ ਲਈ ਕੰਮ ਆਉਣਾ ਚਾਹੀਦਾ ਸੀ, ਉਹ ਮਨੁੱਖ ਨੂੰ ਮਨੁੱਖ ਨਾਲੋਂ ਅਤੇ ਇੱਕ ਵਰਗ ਨੂੰ ਦੂਜੇ ਵਰਗ ਨਾਲੋਂ ਤੋੜਨ ਲਈ ਅਤੇ ਨਫਰਤ ਫੈਲਾਉਣ ਲਈ ਵਰਤਿਆ ਜਾ ਰਿਹਾ ਹੈ। ਇਸ ਖੁਸ਼ੀ ਦਿਵਸ ਤੇ ਇਹ ਸੰਕਲਪ ਕਰਨ ਦੀ ਲੋੜ ਹੈ ਕਿ ਸੋਸ਼ਲ ਮੀਡੀਆ ਨੂੰ ਸਿਰਫ ਅਤੇ ਸਿਰਫ ਖੁਸ਼ੀ ਵੰਡਣ ਲਈ ਅਤੇ ਸਾਂਝ ਪੈਦਾ ਕਰਨ ਲਈ ਹੀ ਵਰਤਿਆ ਜਾਵੇ। ਡਾ. ਮਾਰਕ ਵਿਲੀਅਮਸਨ , ਜੋ ਖੁਸ਼ੀਆਂ ਵਾਲੀਆਂ ਗਤੀਵਿਧੀਆਂ ਦੇ ਸਹਿ ਸੰਸਥਾਪਕ ਅਤੇ ਡਾਇਰੈਕਟਰ ਹਨ, ਉਹਨਾਂ ਦੇ ਹੇਠ ਲਿਖੇ ਸ਼ਬਦ ਬਹੁਤ ਮਹੱਤਵਪੂਰਨ ਹਨ :– ਫ਼ਤੁੱਟ;ਦੂਸਰਿਆਂ ਨਾਲ ਸਾਡੇ ਸੰਬੰਧ ਹੀ ਸਾਡੀ ਚਿਰਸਥਾਈ ਤੰਦਰੁਸਤੀ ਅਤੇ ਖੁਸ਼ੀਆਂ ਦਾ ਸਭ ਤੋਂ ਵੱਡਾ ਭਵਿੱਖ ਬਾਣੀ ਕਰਨ ਵਾਲਾ ਕਾਰਕ ਹੈ। ਵੱਧ ਰਹੇ ਧਰੁਵੀਕਰਣ ਅਤੇ ਵਖਰਾਵ ਦੇ ਸਮੇਂ ਸਭ ਤੋਂ ਵੱਧ ਮਹੱਤਵਪੂਰਨ ਕੰਮ ਜੋ ਅਸੀਂ ਕਰ ਸਕਦੇ ਹਾਂ ,ਉਹ ਹੈ ਆਪਣੀ ਵੰਡ ਨੂੰ ਕਾਬੂ ਕਰਨ ਲਈ ਸਕਾਰਾਤਮਕ ਤਰੀਕੇ ਲੱਭਣੇ ਅਤੇ ਦੂਸਰਿਆਂ ਨਾਲ ਹੋਰ ਗਹਿਰਾਈ ਨਾਲ ਜੁੜਨਾ। ਅੱਜ ਇਹ ਹੋਰ ਕਿਸੇ ਵੀ ਮਸਲੇ ਨਾਲੋਂ ਵਧੇਰੇ ਮਹੱਤਤਾ ਰੱਖਦਾ ਹੈ।ਫ਼ਤੁੱਟ; ਅਤੇ ਸੋਸ਼ਲ ਮੀਡੀਆ ਇਸ ਕੰਮ ਲਈ ਬਹੁਤ ਕਾਰਗਰ ਸਾਧਨ ਹੈ, ਜੇ ਇਸਦੀ ਠੀਕ ਵਰਤੋਂ ਕੀਤੀ ਜਾਵੇ ।



**ਖੁਸ਼ੀ ਇੱਕ ਆਦਰਸ਼ ਵਜੋਂ :–** ਖੁਸ਼ੀ ਸਿਰਫ ਇੱਕ ਮਹਿਸੂਸ ਕੀਤੀ ਜਾ ਸਕਣ ਵਾਲੀ ਭਾਵਨਾ ਹੀ ਨਹੀਂ, ਸਗੋਂ ਇਹ ਹੋਰ ਸੋਹਣੇ ਸੰਬੰਧ, ਸੁਧਰੀ ਹੋਈ ਸਕਾਰਤਮਕਤਾ, ਅਤੇ ਸਮੂਹ ਦੀ ਲੰਮੀ ਅਤੇ ਚਿਰ ਸਥਾਈ ਸੁੱਖ ਸਲਾਮਤੀ ਦਾ ਵਰਤਾਰਾ ਹੈ। ਸੱਚੀ ਖੁਸ਼ੀ ਸਿਰਫ ਮਾਇਆ ਜਾਂ ਪਦਾਰਥਕ ਤਰੱਕੀ ਦਾ ਹੀ ਨਾਂ ਨਹੀਂ ਸਗੋਂ ਇਹ ਤਾਂ ਅੰਦਰੂਨੀ ਸ਼ਾਂਤੀ, ਸ਼ੁਕਰਾਨਾ ਭਾਵ, ਮਕਸਦ ਅਤੇ ਅਰਥਪੂਰਨ ਸੰਬੰਧਾਂ ਨਾਲ ਡੂੰਘੇ ਤੌਰ ਤੇ ਜੁੜੀ ਹੋਈ ਹੈ।

**ਖੁਸ਼ੀ ਪ੍ਰਾਪਤ ਕਿਵੇਂ ਹੋਵੇ :–** ਖੁਸ਼ੀ ਨੂੰ ਪ੍ਰਾਪਤ ਕਰਨ ਲਈ ਮਾਨਸਿਕ, ਭਾਵਨਾਤਮਕ, ਅਤੇ ਸਮਾਜਿਕ ਸੁੱਖ ਸਲਾਮਤੀ ਦੀਆਂ ਭਾਵਨਾਵਾਂ ਨੂੰ ਪ੍ਰਬਲ ਕਰਨ ਦੀ ਲੋੜ ਹੈ। ਇਸ ਖੁਸ਼ੀ ਨੂੰ ਪ੍ਰਾਪਤ ਕਰਨ ਦੇ ਸੌਖੇ ਅਤੇ ਪਰਖੇ ਗਏ ਢੰਗ ਹੇਠ ਲਿਖੇ ਹਨ––

**1 ਆਭਾਰ ਦਾ ਅਭਿਆਸ :–** ਜੋ ਕੁਝ ਵੀ ਸਾਨੂੰ ਪ੍ਰਾਪਤ ਹੋਇਆ ਹੈ ਉਸ ਲਈ ਅਭਾਰੀ ਹੋਣਾ ਜਾਂ ਪਰਮਾਤਮਾ ਦਾ ਸ਼ੁਕਰਾਨਾ ਕਰਨਾ ਸੰਤੋਖੀ ਬਿਰਤੀ ਵਧਾਉਂਦਾ ਹੈ ਅਤੇ ਤਣਾਅ ਘਟਾਉਂਦਾ ਹੈ। ਇਹ ਅਹਿਸਾਸ ਬਿਨਾਂ ਕਿਸੇ ਧਰਮ ਨੂੰ ਮੰਨਣ ਦੇ ਜਾਂ ਕਿਸੇ ਕਰਮ ਕਾਂਡ ਵਿਚ ਪਏ ਤੋਂ ਬਿਨਾਂ ਵੀ ਹੋ ਸਕਦਾ ਹੈ। ਇਹ ਤਾਂ ਭਰਿਆ ਭਰਿਆ ਦੇਖਣ ਦੀ ਬਿਰਤੀ ਹੈ, ਸਬਰ ਅਤੇ ਸੰਤੋਖ ਅੰਦਰੂਨੀ ਖੁਸ਼ੀ ਦੇ ਵਾਹਕ ਹਨ। ਹਰ ਉਸ ਵਿਅਕਤੀ ਦਾ ਧੰਨਵਾਦ ਕਰੋ, ਜੋਂ ਤੁਹਾਡੇ ਜਰਾ ਵੀ ਕੰਮ ਆਇਆ ਹੈ। ਪਰਿਵਾਰਿਕ ਮੈਂਬਰਾਂ ਮਾਤਾ, ਪਿਤਾ, ਪਤੀ, ਪਤਨੀ, ਧੀਆ, ਪੁੱਤ ਦਾ ਵੀ ਸ਼ੁਕਰਾਨਾ ਜਰੂਰ ਕਰੋ ਕਿਉਂਕਿ ਇਹਨਾਂ ਨੇ ਆਪਣਾ ਸਮਾਂ ਅਤੇ ਊਰਜਾ ਦੇ ਕੇ ਆਪਣੇ ਪਿਆਰ ਸਤਿਕਾਰ ਨਾਲ ਤੁਹਾਡੀ ਜਿੰਦਗੀ ਨੂੰ ਜਿਊਣ ਯੋਗ ਬਣਾਇਆ ਹੈ।



**2.ਸਕਾਰਾਤਮਕ ਸੰਬੰਧ ਬਣਾਓ :–** ਆਪਣਿਆਂ ਨਾਲ ਵਕਤ ਬਿਤਾਉਣਾ ਅਤੇ ਨਵੀਆਂ ਦੋਸਤੀਆਂ ਬਣਾਉਣੀਆਂ ਖੁਸ਼ੀ ਪੈਦਾ ਕਰਦੀਆਂ ਹਨ। ਬਹੁਤੇ ਜਿਆਦਾ ਦੋਸਤ ਬਣਾਉਣ ਨਾਲੋਂ ਜੋ ਵੀ ਹਨ, ਉਹਨਾਂ ਨਾਲ ਹੀ ਮਿੱਠੇ ਅਤੇ ਗੂੜ੍ਹੇ ਸੰਬੰਧ ਰੱਖਣੇ ਜਰੂਰੀ ਹਨ। ਸ਼ੱਕ, ਸ਼ਿਕਵੇ ਅਤੇ ਸ਼ਿਕਾਇਤਾਂ ਤੋਂ ਪਰ੍ਹੇ ਗੁਣਾਂ ਦੀ ਸਾਂਝ ਸੰਬੰਧ ਸੁਖਾਵੇਂ ਕਰਦੀ ਹੈ।

**3. ਅਰਥਪੂਰਨ ਗਤੀਵਿਧੀਆਂ ਵਿੱਚ ਹਿੱਸਾ ਲੈਣਾ :–** ਅਜਿਹੇ ਕੰਮ ਕਰਨੇ ਜਿਹੜੇ ਤੁਹਾਡੇ ਸ਼ੌਕ ਨਾਲ ਮੇਲ ਖਾਂਦੇ ਹੋਣ । ਇਹਨਾਂ ਕੰਮਾਂ ਦੇ ਕਰਨ ਨਾਲ ਜੀਵਨ ਪ੍ਰਤੀ ਸੰਤੁਸ਼ਟੀ ਦਾ ਵਾਧਾ ਹੁੰਦਾ ਹੈ। ਕਦੇ ਵੀ ਆਪਣੇ ਆਪ ਨੂੰ ਬੇਕਾਰ ਨਾ ਸਮਝੋ। ਕੰਮ ਸਿਰਫ ਮਾਇਆ ਪ੍ਰਾਪਤੀ ਲਈ ਹੀ ਨਹੀਂ ਕਰਨਾ, ਸਗੋਂ ਕੋਈ ਵੀ ਸਾਰਥਕ ਕੰਮ ਜੋ ਸਮਾਜ ਲਈ ਵੀ ਫਾਇਦੇਮੰਦ ਹੋਵੇ ਅਤੇ ਨਿਜ ਨੂੰ ਵੀ ਤਸੱਲੀ ਦੇਵੇ ।



**4.ਸਰੀਰਕ ਤੌਰ ਤੇ ਚੁਸਤ ਫੁਰਤ ਰਹੋ :–** ਸਰੀਰਕ ਕਸਰਤ ਐਂਡਰੋਫਿਨ ਨਾਂ ਦੇ ਰਸ ਦਾ ਰਿਸਾਵ ਕਰਦੀ ਹੈ ,ਜਿਸ ਨੂੰ ਖੁਸ਼ੀਆਂ ਵਾਲਾ ਹਾਰਮੋਨ ਕਿਹਾ ਜਾਂਦਾ ਹੈ। ਇਸ ਨਾਲ ਮੂਡ ਅਤੇ ਊਰਜਾ ਪੱਧਰ ਦੋਵਾਂ ਦਾ ਸੁਧਾਰ ਹੁੰਦਾ ਹੈ। ਆਪਣੇ ਸਰੀਰ ਬਾਰੇ ਜਾਣਕਾਰ ਹੋਣਾ , ਉਸਨੂੰ ਤੰਦਰੁਸਤ ਰੱਖਣ ਲਈ ਵੱਧ ਤੋਂ ਵੱਧ ਯਤਨ ਕਰਨੇ ਅਤੇ ਉਸਤੋਂ ਵੱਧ ਤੋਂ ਵੱਧ ਕੰਮ ਲੈਣਾ ਸਾਡੀ ਜ਼ਿੰਦਗੀ ਨੂੰ ਮੁੱਲਵਾਨ ਬਣਾ ਦੇਵੇਗਾ ਅਤੇ ਜੀਵਨ ਸਾਰਥਕ ਜਾਪਣ ਲੱਗੇਗਾ।

**5. ਜ਼ਿੰਦਾਦਿਲੀ ਅਤੇ ਭਗਤੀ ਦਾ ਅਭਿਆਸ ਕਰੋ :–** ਵਰਤਮਾਨ ਪਲਾਂ ਵਿੱਚ ਜਿਊਣ ਦੀ ਜਾਚ ਸਿੱਖਣੀ ਕਿਸੇ ਵੀ ਤਰਾਂ ਦੇ ਤਣਾਅ ਨੂੰ ਘਟਾਉਂਦੀ ਹੈ। ਇਸੇ ਤਰਾਂ ਭਗਤੀ ਜਾਂ ਸਿਮਰਨ ਵੀ ਮਾਨਸਿਕ ਚੜ੍ਹਦੀ ਕਲਾ ਪੈਦਾ ਕਰਦਾ ਹੈ ਅਤੇ ਬਣਾਈ ਰੱਖਦਾ ਹੈ।ਨਾ ਟਾਲਿਆ ਜਾ ਸਕਣ ਵਾਲਾ ਕੋਈ ਵੀ ਦੁੱਖ, ਸੰਕਟ,ਸਦਾ ਨਹੀਂ ਰਹਿੰਦਾ, ਨਾ ਹੀ ਸਾਡੇ ਇੱਕਲਿਆਂ ਤੇ ਆਉਂਦਾ ਹੈ। ਉਸਨੂੰ ਖੁਸ਼ੀ ਨਾਲ ਝੱਲਣ ਦਾ ਅਭਿਆਸ ਕਰੋ । ਬੀਤੇ ਉੱਤੇ ਝੂਰਨਾ ਅਤੇ ਭਵਿੱਖ ਬਾਰੇ ਚਿੰਤਾ ਕਰਨੀ ਖੁਸ਼ੀ ਦੇ ਮਾਰਗ ਵਿੱਚ ਰੁਕਾਵਟ ਬਣਦੇ ਹਨ।

**6 ਦੂਜਿਆਂ ਦੀ ਮੱਦਦ ਕਰੋ :–** ਨਿਰਸਵਾਰਥ ਦੂਜਿਆਂ ਦੇ ਕੰਮ ਆਉਣਾ, ਸੇਵਾ ਕਰਨੀ ਆਦਿ ਵਰਗੇ ਕੰਮ ਜਿੰਦਗੀ ਨੂੰ ਮਕਸਦਪੂਰਨ ਬਣਾਉਂਦੇ ਹਨ ਅਤੇ ਇਸ ਨਾਲ ਇੱਕ ਮਾਨਸਿਕ ਸਕੂਨ ਮਿਲਦਾ ਹੈ ਜੋ ਅੰਦਰੂਨੀ ਖੁਸ਼ੀ ਦਾ ਆਧਾਰ ਹੈ। ਇਸਦੇ ਖਾਤਰ ਛੋਟੇ ਛੋਟੇ ਕੰਮ ਵੀ ਬਹੁਤ ਵੱਡਾ ਅਰਥ ਰੱਖਦੇ ਹਨ ।

**7.ਯਥਾਰਥਕ ਟੀਚੇ ਸਾਹਮਣੇ ਰੱਖੋ :–** ਬਹੁਤ ਹੀ ਸਪਸ਼ਟ ਅਤੇ ਪੂਰੇ ਕੀਤੇ ਜਾ ਸਕਣ ਵਾਲੇ ਟੀਚੇ ਸਾਹਮਣੇ ਰੱਖ ਕੇ ਵਿਚਰੋ। ਇਸ ਨਾਲ ਪ੍ਰਾਪਤੀ ਦਾ ਅਹਿਸਾਸ ਪੈਦਾ ਹੁੰਦਾ ਹੈ। ਛੋਟੇ ਟੀਚੇ ਪੂਰੇ ਹੁੰਦੇ ਰਹਿਣ ਨਾਲ ਵੱਡੇ ਟੀਚੇ ਪੂਰੇ ਕਰਨ ਦਾ ਉਤਸ਼ਾਹ ਅਤੇ ਚਾਅ ਬਣਿਆ ਰਹਿੰਦਾ ਹੈ।

**8. ਤਣਾਅ ਅਤੇ ਨਕਾਰਤਮਕਤਾ ਨੂੰ ਘੱਟ ਕਰੋ :–** ਉਦਾਸੀ ਵਾਲੇ ਅਤੇ ਨਫਰਤ ਵਾਲੇ ਵਾਤਾਵਰਣ ਤੋਂ ਦੂਰ ਰਹੋ। ਆਪਣੇ ਆਪ ਨੂੰ ਚੰਗੀਆਂ ਅਤੇ ਹਾਂ ਵਾਚਕ ਨਸੀਹਤਾਂ ਦਿੰਦੇ ਰਹਿਣ ਨਾਲ ਮਾਨਸਿਕ ਤੰਦਰੁਸਤੀ ਬਣੀ ਰਹੇਗੀ । ਇਸ ਲਈ ਚੰਗੀਆਂ ਪੁਸਤਕਾਂ, ਚੰਗੀਆਂ ਵੀਡੀਓਜ਼, ਚੰਗੇ ਮਿੱਤਰ ਸਹਾਇਕ ਹੋ ਸਕਦੇ ਹਨ।

**ਖੁਸ਼ ਰਹਿਣ ਦੇ ਲਾਭ :–** ਖੁਸ਼ ਰਹਿਣ ਦੇ ਸਾਡੇ ਸਰੀਰ ਨੂੰ ਵੀ ਅਤੇ ਮਨ ਨੂੰ ਵੀ ਬੇਅੰਤ ਲਾਭ ਹਨ, ਜੋ ਸਾਡੀ ਤੰਦਰੁਸਤੀ ਬਣਾਈ ਰੱਖਣ ਵਿੱਚ ਮੱਦਦ ਕਰਦੇ ਹਨ। ਸਦਾ ਹੱਸਦੇ ਰਹਿਣ ਵਾਲੇ ਛੇਤੀ ਕੀਤੇ ਬਿਮਾਰ ਨਹੀਂ ਹੁੰਦੇ।



ਜਸਵਿੰਦਰ ਸਿੰਘ ਰੁਪਾਲ
9814715796

**1 ਉਦਾਸੀ ਅਤੇ ਤਣਾਅ ਘਟਦੀ ਹੈ :–** ਸੰਤੁਸ਼ਟੀ ਅਤੇ ਆਸ਼ਾਵਾਦ ਮਾਨਸਿਕ ਸਿਹਤ ਦੀਆਂ ਬੇਤਰਤੀਬੀਆਂ ਦਾ ਖਤਰਾ ਘੱਟ ਕਰਦੀ ਹੈ। ਅੱਜ ਉਦਾਸੀ ਬਹੁਤ ਵੱਡਾ ਰੋਗ ਬਣ ਚੁੱਕਿਆ ਹੈ ਪਰ ਜੇ ਖੁਸ਼ ਰਹਿਣ ਦੀ ਆਦਤ ਬਣਾ ਲਈ ਜਾਵੇ ,ਤਾਂ ਉਦਾਸੀ ਨੇੜੇ ਵੀ ਨਹੀਂ ਫਟਕੇਗੀ।

**2.ਬੌਧਿਕ ਸਮਰੱਥਾ ਵਧਾਉਂਦੀ ਹੈ :** ਉਸਾਰੂ ਅਤੇ ਹਾਂ ਵਾਚਕ ਨਜ਼ਰੀਆ ਸਿਰਜਣਾਤਮਕਤਾ, ਸਮੱਸਿਆ ਹੱਲ ਕਰਨ, ਕੁਸ਼ਲਤਾ ਅਤੇ ਯਾਦ ਨੂੰ ਤੇਜ਼ ਕਰਦਾ ਹੈ। ਬੁੱਧੀ ਦਾ ਵਿਕਾਸ ਹੁੰਦਾ ਹੈ।

**3.ਲਚਕੀਲੇਪਣ ਵਿੱਚ ਮਜ਼ਬੂਤੀ ਆਉਂਦੀ ਹੈ :–** ਖੁਸ਼ ਲੋਕ ਚੁਣੌਤੀਆਂ ਦਾ ਸਾਹਮਣਾ ਵਧੇਰੇ ਸੌਖ ਨਾਲ ਕਰ ਸਕਦੇ ਹਨ।ਕਿਸੇ ਵੀ ਤਰਾਂ ਦੇ ਝਟਕੇ ਤੋਂ ਛੇਤੀ ਉੱਠ ਸਕਦੇ ਹਨ। ਕਿਸੇ ਤਰਾਂ ਦੀ ਕੱਟੜਤਾ ਤੋਂ ਦੂਰ ਰਹਿ ਕੇ ਲਚਕੀਲਾ ਵਿਵਹਾਰ ਰੱਖਦੇ ਹਨ ਜਿਸ ਨਾਲ ਉਹ ਆਪਣੇ ਦੁਨਿਆਵੀ ਕਰ ਵਿਹਾਰ ਅਤੇ ਸਮਾਜਿਕ ਸੰਬੰਧ ਹੋਰ ਨਿਖਾਰ ਲੈਂਦੇ ਹਨ ।

**4. ਭਾਵਨਾਤਮਕ ਸੰਤੁਲਨ ਬਣਦਾ ਹੈ :–** ਖੁਸ਼ ਰਹਿਣ ਵਾਲਾ ਇਨਸਾਨ ਆਪਣੀਆਂ ਭਾਵਨਾਵਾਂ ਤੇ ਸੌਖਿਆਂ ਕਾਬੂ ਪਾ ਸਕਦਾ ਹੈ। ਇਸ ਨਾਲ ਉਹ ਗੁੱਸੇ ਅਤੇ ਨਿਰਾਸ਼ਾ ਤੋਂ ਬਚਾਅ ਕਰ ਸਕਦਾ ਹੈ । ਅਤੇ ਸੰਤੁਲਿਤ ਰਹਿੰਦਾ ਹੈ।

**ਅਜੋਕੀ ਦਸ਼ਾ :–** ਅੱਜ ਦਾ ਇਨਸਾਨ ਮਾਇਆ ਵਿਚੋਂ, ਮਹਿੰਗੇ ਕੱਪੜਿਆਂ, ਕਾਰਾਂ, ਕੋਠੀਆਂ ਅਤੇ ਹੋਰ ਦਿਖਾਵੇ ਦੇ ਪਦਾਰਥਾਂ ਵਿਚੋਂ ਖੁਸ਼ੀ ਭਾਲਦਾ ਹੈ। ਇਹ ਜਾਣਦੇ ਹੋਏ ਵੀ ਕਿ ਇਹ ਸਭ ਆਰਜੀ ਹਨ, ਉਹ ਇਹਨਾਂ ਦੀ ਹੋਰ ਅਤੇ ਹੋਰ ਦੀ ਪ੍ਰਾਪਤੀ ਵਿੱਚ ਆਪਣੀ ਸ਼ਾਂਤੀ ਅਤੇ ਸਕੂਨ ਗੁਆ ਬੈਠਦਾ ਹੈ। ਨਿੱਜਵਾਦ ਬਹੁਤ ਭਾਰੂ ਹੋ ਚੁੱਕਿਆ ਹੈ। ਕੁਝ ਦੇਣ ਦੀ ,ਵੰਡਣ ਦੀ ਅਤੇ ਆਪਾ ਤਿਆਗ ਕੇ ਦੂਸਰੇ ਦੇ ਕੰਮ ਆਉਣ ਦੀ ਖੁਸ਼ੀ ਨੂੰ ਉਹ ਭੁਲਾ ਚੁੱਕਿਆ ਹੈ। ਕਾਹਲ, ਬੇਚੈਨੀ, ਉਦਾਸੀ, ਨਿਰਾਸ਼ਾ, ਤਣਾਅ, ਦੂਸਰੇ ਤੋਂ ਅੱਗੇ ਨਿਕਲਣ ਦੀ ਤੀਬਰ ਇੱਛਾ ਨਾਲ ਲੈਸ ਮਨੁੱਖ ਕਿੰਨੇ ਹੀ ਹੋਰ ਵਿਕਾਰਾਂ ਵਿਚ ਫਸ ਜਾਂਦਾ ਹੈ। ਨਾ ਤਾਂ ਕਦੇ ਆਪਣੇ ਅੰਦਰਲੇ ਨਾਲ ਹੀ ਸਹਿਜ ਵਿੱਚ ਗੱਲ ਕਰ ਸਕਦਾ ਹੈ, ਨਾ ਹੀ ਉਹ ਪਰਿਵਾਰ, ਦੋਸਤਾਂ ਅਤੇ ਗੁਆਂਢੀਆਂ ਨਾਲ ਦਿਲੀ ਸਾਂਝ ਬਣਾ ਸਕਦਾ ਹੈ। ਦਿਨੋ ਦਿਨ ਡਿਪ੍ਰੈਸ਼ਨ ਦੇ ਮਰੀਜਾਂ ਵਿੱਚ ਵਾਧਾ ਹੋ ਰਿਹਾ ਹੈ। ਮਹਾਂ ਨਗਰਾਂ ਵਿੱਚ ਬਣੇ ਹੋਏ ਲਾਫਟਰ ਕਲੱਬ ਭਿਆਨਕ ਸਥਿਤੀ ਹੀ ਬਿਆਨ ਕਰਦੇ ਹਨ । ਹੱਸਣ ਲਈ ਵੀ ਉਚੇਚ ਕਰਨਾ ਪੈ ਰਿਹਾ ਹੈ। ਸਾਡੇ ਮੌਲਿਕ ਹਾਸੇ, ਕਿਲਕਾਰੀਆਂ ਅਤੇ ਅਨੰਦ ਵਿਗਾਸ ਕਿੱਥੇ ਖੋ ਗਏ ਹਨ ਅਤੇ ਕਿਉਂ ???

ਅਜਿਹੇ ਵਿਚ ਬਹੁਤ ਜਰੂਰੀ ਹੋ ਜਾਂਦਾ ਹੈ ਕਿ ਉਸਨੂੰ ਖੁਸ਼ੀ ਦੇ ਅਸਲ ਅਰਥ ਸਮਝ ਆਉਣ। ਕੁਝ ਪਲ ਦਾ ਠਹਿਰਾਅ ਅਤੇ ਚਿੰਤਨ ਗੱਲ ਸਪੱਸ਼ਟ ਕਰ ਸਕਦਾ ਹੈ। ਮਾਇਆਵੀ ਦੌੜ, ਦਿਖਾਵੇ ਦੀ ਬਹੁ ਪਰਤੀ ਸ਼ਖਸ਼ੀਅਤ ਵਿਚੋਂ ਬਾਹਰ ਆ ਕੇ ਸਬਰ, ਸ਼ੁਕਰ ਅਤੇ ਦੂਸਰਿਆਂ ਪ੍ਰਤੀ ਹਮਦਰਦਾਨਾ ਨਜ਼ਰੀਆ ਰੱਖ ਕੇ ਛੋਟੀਆਂ ਛੋਟੀਆਂ ਖੁਸ਼ੀਆਂ ਹਾਸਲ ਕੀਤੀਆਂ ਜਾ ਸਕਦੀਆਂ ਹਨ, ਜਿਹੜੀਆਂ ਸਦੀਵੀ ਅਤੇ ਲੰਮੀ ਦੇਰ ਦੀ ਟਿਕਾਊ ਅਤੇ ਅੰਦਰੂਨੀ ਖੁਸ਼ੀ ਲੱਭਣ ਵਿਚ ਸਹਾਇਤਾ ਕਰਦੀਆਂ ਹਨ।

**ਸਿੱਟਾ:–** ਅੰਤਰਰਾਸ਼ਟਰੀ ਖੁਸ਼ੀ ਦਿਵਸ ਇਹ ਯਾਦ ਕਰਵਾਉਂਦਾ ਹੈ ਕਿ ਖੁਸ਼ੀ ਇੱਕ ਵਿਸ਼ੇਸ਼ ਅਧਿਕਾਰ ਨਹੀਂ ਹੈ, ਸਗੋਂ ਇਹ ਹਰ ਮਨੁੱਖ ਲਈ ਬਹੁਤ ਹੀ ਜਰੂਰੀ ਹੈ। ਸਕਾਰਤਮਕਤਾ ਰੱਖਦੇ ਹੋਏ, ਮਜਬੂਤ ਸੰਬੰਧ ਬਣਾਉਂਦੇ ਹੋਏ, ਸਰੀਰਕ ਅਤੇ ਮਾਨਸਿਕ ਤੰਦਰੁਸਤੀ ਬਣਾਉਂਦੇ ਹੋਏ ਵਿਅਕਤੀ ਅਤੇ ਸੋਸਾਇਟੀਆਂ ਵਧੇਰੇ ਖੁਸ਼ ਅਤੇ ਸਿਹਤਮੰਦ ਸੰਸਾਰ ਸਿਰਜ ਸਕਦੇ ਹਨ। ਸੋਸ਼ਲ ਮੀਡੀਆ ਇਸ ਚੰਗੇ ਕੰਮ ਲਈ ਬਹੁਤ ਜਿਆਦਾ ਸਹਾਇਕ ਹੋ ਸਕਦਾ ਹੈ। ਲੋੜ ਸਿਰਫ ਆਪਣਾ ਮਕਸਦ ਪਹਿਚਾਨਣ ਦੀ ਹੈ। ਇਸ ਦਿਨ ਤੇ ਆਓ ਆਪਾਂ ਸਾਰੇ ਖੁਸ਼ੀ ਨੂੰ ਆਪਣੀਆਂ ਜਿੰਦਗੀਆਂ ਵਿੱਚ ਸਭ ਤੋਂ ਵੱਧ ਤਰਜੀਹ ਦੇਣ ਦਾ ਸੰਕਲਪ ਕਰੀਏ।

# ਮਰਨ ਵੇਲੇ ਟਾਈਮ ਦਾ ਕਲਿੱਪ...



ਮਰਨ ਵੇਲੇ ਟਾਈਮ ਦਾ ਕਲਿੱਪ..ਰਾਤ ਦਾ ਇੱਕ ਅਣਜਾਣਿਆ ਪਹਿਰ..ਦਲਾਨ ਵਿੱਚ ਏਧਰ ਓਧਰ ਟਹਿਲਦਾ ਮਨੁੱਖ..ਕਦੇ ਦੋ ਕਦਮ ਤੁਰਦਾ ਫੇਰ ਖਲੋ ਜਾਂਦਾ..ਫੇਰ ਤੁਰਦਾ ਫੇਰ ਖਲੋ ਜਾਂਦਾ..ਅੰਦਰੂਨੀ ਕਸ਼ਮਕਸ਼..ਰੱਸਾ ਕਸ਼ੀ..ਖਿੱਚੋ ਤਾਣ..ਅਨੇਕਾਂ ਕਿੰਤੂ ਪ੍ਰੰਤੂ ਇੰਝ ਉਂਝ..!

ਅਖੀਰ ਮੂੰਹ ਖੋਲ ਆਸਮਾਨ ਵੱਲ ਨੂੰ..ਫੇਰ ਕਿਆਮਤ ਦੀ ਪੁੜੀ ਸੰਘੋਂ ਹੇਠਾਂ ਹੋ ਛੇਤੀ ਨਾਲ ਆਪਣਾ ਕੰਮ ਕਰਨਾ ਸ਼ੁਰੂ ਕਰ ਦਿੰਦੀ..!

ਦੱਸਦੇ ਨਿਹਾਇਤ ਕਾਬਿਲ ਹੋਸ਼ਿਆਰ ਜ਼ਹੀਨ ਯਾਰਾਂ ਦਾ ਯਾਰ ਦੋ ਪੀ.ਐਚ.ਡੀਆਂ..ਐਮ.ਬੀ.ਏ ਅਤੇ ਹੋਰ ਵੀ ਕਿੰਨੇ ਸਾਰੇ ਪੇਪਰ ਵਿਸ਼ੇ ਪ੍ਰੀਖਿਆਵਾਂ ਕਲੀਅਰ ਕੀਤੀਆਂ..ਪਰ ਜਿਹੜਾ ਇਮਤਿਹਾਨ ਓਹਨਾ ਦੋ ਮਿੰਟਾਂ ਵਾਲੀ ਘੜੀ ਨੇ ਲਿਆ ਹੋਣਾ ਰੱਬ ਕਿਸੇ ਦੁਸ਼ਮਣ ਨੂੰ ਵੀ ਨਾ ਦੁਆਵੇ..ਮਰਾਂ ਕੇ ਨਾ ਮਰਾਂ..ਜਾਵਾਂ ਕੇ ਨਾ ਜਾਵਾਂ..ਦੋਚਿੱਤੀ..ਦੁਬਿਧਾ..ਦੋ–ਬੇੜੀਆਂ ਵਿੱਚ ਤਰਦਾ ਇੱਕ ਕਲਬੂਤ..ਐਵੇਂ ਤੇ ਨਹੀਂ ਆਖਦੇ ਮਰਨ ਨਾਲੋਂ ਜਿਉਂਦੇ ਰਹਿਣਾ ਕਈ ਦਰਜੇ ਔਖਾ !

ਅਖੀਰ ਧੀਆਂ ਪੁੱਤ ਨਾਲਦੀ ਮਾਪੇ ਯਾਰ ਦੋਸਤ ਪਦਵੀ ਅਫ਼ਸਰੀ ਅਤੇ ਕੁਲ ਜਹਾਨ ਦੀਆਂ ਦੌਲਤਾਂ ਸ਼ੋਹਰਤਾਂ ਜਮੀਰ ਵਾਲੀ ਤੱਕੜੀ ਤੇ ਹੌਲੀਆਂ ਪੈ ਗਈਆਂ..ਹੋਈ ਬੇ–ਇੱਜਤੀ ਰੁਸਵਾਈ ਅਤੇ ਲੱਥੀ ਪੱਗ ਨੇ ਆਤਮਾਂ ਚਾਰੇ ਖਾਨੇ ਚਿੱਤ ਅਤੇ ਕੱਖੋਂ ਹੌਲੀ ਕਰ ਦਿੱਤੀ..!

ਬੰਦਾ ਅਕਸਰ ਅਖੀਰ ਤੀਕਰ ਜ਼ੋਰ ਲਾਉਂਦਾ ਵਾਸਤੇ ਪਾਉਂਦਾ ਮੈਂ ਬਚ ਜਾਵਾਂ..ਨਹੀਂ ਤੇ ਮੇਰੇ ਬੱਚੇ ਰੁਲ ਜਾਣੇ..ਪਰ ਇਥੇ ਉਲਟੀ ਗੰਗਾ..ਅਖੀਰ ਤੀਕਰ ਬੱਸ ਇੱਕੋ ਗੱਲ..ਯਾਰ ਮੈਨੂੰ ਬਚਾਇਓ ਨਾ..ਨਹੀਂ ਤੇ ਮੇਰੇ ਬੱਚੇ ਮਾਰ ਦੇਣੇ..!

ਹੁਣ ਬੇਸ਼ੱਕ ਲੱਖ ਕਾਨੂੰਨੀ ਕਾਰਵਾਈਆਂ ਧਾਰਾਵਾਂ ਅਦਾਲਤ ਕੇਸ ਵਕੀਲ ਦਲੀਲ ਜਾਂਚ ਨਿਖੇਦੀਆਂ ਸ਼ੋਕ ਮਤੇ ਭੋਗ ਸ਼ਰਧਾਂਜਲੀਆਂ..ਸਜਾਵਾਂ ਜੇਲ ਕੋਠੜੀਆਂ ਸਿਆਸਤ ਫਾਇਦੇ ਨੁਕਸਾਨ ਚੋਣਾਂ ਸਰਕਾਰਾਂ..ਸਭ ਕੁਝ ਨੇ ਆਪਣੇ ਆਪ ਪਾਸੇ ਪਰਤਦੇ ਰਹਿਣਾ..ਸਿਰਫ ਓਦੋਂ ਤੀਕਰ ਜਦੋਂ ਤੀਕਰ ਕੁਝ ਹੋਰ ਵੱਡਾ ਨਹੀਂ ਵਾਪਰ ਜਾਂਦਾ..!

ਪਰ ਇਨਸਾਨਾਂ ਦੇ ਸਮੁੰਦਰ ਵਿੱਚ ਰੁਲ ਜਾਣਾ ਬਿਨ ਬਾਪ ਦੇ ਬੱਚਿਆਂ ਨੇ..ਅਰਥੀ ਦਾ ਬੋਝ ਢੋਂਦੇ ਬੁੱਢੇ ਮਾਂ ਬਾਪ ਨੇ..ਬਿਨਾ ਸਿਰ ਦੇ ਸਾਈਂ ਦੀ ਬੀਬੀ ਨੇ..!

ਉਸ ਨਿਜ਼ਾਮ ਸਿਸਟਮ ਵਿੱਚ ਕਦੇ ਸੁਧਾਰ ਨਹੀਂ ਆ ਸਕਦਾ ਜਿਥੇ ਖੁਦ ਕਾਤਿਲ ਸੱਤਾ ਤੇ ਪੈਰ ਜਮਾਈ ਬੈਠੇ ਹੋਣ..ਕੁੱਕੜ ਰੰਗ ਬਿਰੰਗੇ..ਬਾਂਗਾਂ ਇੱਕੋ ਜਿਹੀਆਂ..ਸੱਟਾਂ ਵੱਖੋਂ ਵੱਖਰੀਆਂ..ਡਾਂਗਾਂ ਇੱਕੋ ਜਿਹੀਆਂ !

ਭਰਾਓ ਤੁੱਛ ਜਿਹੀ ਸੋਚ ਮੁਤਾਬਿਕ ਇਸ ਸਭ ਕੁਝ ਦਾ ਸਿਰਫ ਤੇ ਸਿਰਫ ਇੱਕੋ ਹੱਲ..ਬੇਗਮ ਪੂਰਾ ਵਾਲੀ ਸੋਚ ਸਿਧਾਂਤ ਤੇ ਅਧਾਰਿਤ ਖੜਾ ਕੀਤਾ ਗਿਆ ਇੱਕ ਸੱਚ–ਸੁੱਚ ਅਧਾਰਿਤ ਨਿਜ਼ਾਮ..ਇੱਕ ਸਿਸਟਮ ਜਿਥੇ ਕਾਮ ਕ੍ਰੋਧ ਲੋਭ ਮੋਹ ਹੰਕਾਰ ਤੋਂ ਕੋਹਾਂ ਦੂਰ ਵੱਸਦੀ ਨਿਸ਼ਕਾਮ ਪਵਿੱਤਰ ਸੋਚ ਹਮੇਸ਼ਾਂ ਦੁਪਹਿਰ ਦੇ ਸੂਰਜ ਵਾਂਙ ਸਿਰਾਂ ਵਜੂਦਾਂ ਤੇ ਬੈਠੀ ਰਹੇ..!



ਹਰਪ੍ਰੀਤ ਸਿੰਘ ਜਵੰਦਾ

# ਦੁਖੀ ਵਿਅਕਤੀ ... !

ਇੱਕ ਵਿਅਕਤੀ ਲੰਬੇ ਸਮੇਂ ਤੋਂ ਦੁਖੀ ਸੀ, ਜਿਸ ਕਾਰਨ ਉਹ ਬਹੁਤ ਚਿੜਿਆ ਹੋਇਆ ਅਤੇ ਗੁੱਸੇ ਵਿੱਚ ਰਹਿੰਦਾ ਸੀ।

ਉਸ ਨੂੰ ਹਮੇਸ਼ਾ ਇਹ ਸੋਚ ਘੇਰੀ ਰਹਿੰਦੀ ਸੀ ਕਿ ਘਰ ਦਾ ਸਾਰਾ ਖਰਚਾ ਉਸ ਨੇ ਹੀ ਚੁੱਕਣਾ ਹੈ, ਪੂਰੇ ਪਰਿਵਾਰ ਦੀ ਜ਼ਿੰਮੇਵਾਰੀ ਉਸ 'ਤੇ ਹੈ, ਕੋਈ ਨਾ ਕੋਈ ਰਿਸ਼ਤੇਦਾਰ ਰੋਜ਼ ਉਸ ਨੂੰ ਮਿਲਣ ਆਉਂਦਾ ਰਹਿੰਦਾ ਹੈ, ਉਸ ਨੂੰ ਕਾਫੀ ਖਰਚ ਕਰਨਾ ਪੈਂਦਾ ਹੈ, ਆਦਿ ਆਦਿ।

ਇਹ ਗੱਲਾਂ ਸੋਚ ਕੇ ਉਹ ਅਕਸਰ ਬਹੁਤ ਪਰੇਸ਼ਾਨ ਰਹਿੰਦਾ ਸੀ, ਅਕਸਰ ਆਪਣੇ ਬੱਚਿਆਂ ਨੂੰ ਝਿੜਕਦਾ ਸੀ ਅਤੇ ਕਿਸੇ ਨਾ ਕਿਸੇ ਕਾਰਨ ਉਹ ਆਪਣੀ ਪਤਨੀ ਨਾਲ ਝਗੜਾ ਕਰਦਾ ਰਹਿੰਦਾ ਸੀ।

ਇਵੇਂ ਹੀ ਸਮਾਂ ਬੀਤਦਾ ਗਿਆ।

ਇੱਕ ਦਿਨ ਉਸਦਾ ਬੇਟਾ ਉਸਦੇ ਕੋਲ ਆਇਆ ਅਤੇ ਕਿਹਾ ... ਪਿਤਾ ਜੀ ਕਿਰਪਾ ਕਰਕੇ ਮੇਰੇ ਸਕੂਲ ਦਾ ਹੋਮਵਰਕ ਕਰੋ।

ਉਹ ਆਦਮੀ ਪਹਿਲਾਂ ਹੀ ਤਣਾਅ ਵਿਚ ਸੀ, ਇਸ ਲਈ ਉਸ ਨੇ ਬੇਟੇ ਨੂੰ ਜ਼ੋਰਦਾਰ ਢੰਗ ਨਾਲ ਡਾਂਟਿਆ, ਪਰ ਕੁਝ ਦੇਰ ਬਾਅਦ ਉਸ ਦਾ ਗੁੱਸਾ ਸ਼ਾਂਤ ਹੋ ਗਿਆ, ਉਹ ਪੁੱਤਰ ਕੋਲ ਗਿਆ ਤਾਂ ਉਸ ਨੇ ਦੇਖਿਆ ਕਿ ਪੁੱਤਰ ਗੂੜ੍ਹੀ ਨੀਂਦ ਵਿਚ ਸੁੱਤਾ ਪਿਆ ਸੀ ਅਤੇ ਉਸ ਦੇ ਹੱਥ ਵਿਚ ਉਸ ਦੇ ਹੋਮਵਰਕ ਦੀ ਕਾਪੀ ਸੀ।

ਜਿਵੇਂ ਹੀ ਉਸਨੇ ਕਾਪੀ ਚੁੱਕ ਕੇ ਹੇਠਾਂ ਰੱਖਣ ਦੀ ਕੋਸ਼ਿਸ਼ ਕੀਤੀ ਤਾਂ ਉਸਦੀ ਨਜ਼ਰ ਹੋਮਵਰਕ ਦੇ ਸਿਰਲੇਖ 'ਤੇ ਪਈ।

ਹੋਮਵਰਕ ਦਾ ਸਿਰਲੇਖ ਸੀ..... ਉਹ ਚੀਜ਼ਾਂ ਜੋ ਅਸੀਂ ਸ਼ੁਰੂ ਵਿੱਚ ਪਸੰਦ ਨਹੀਂ ਕਰਦੇ, ਪਰ ਉਹ ਬਾਅਦ ਵਿੱਚ ਚੰਗੀਆਂ ਹੁੰਦੀਆਂ ਹਨ। #ਓਰਜੋਟਧਿਖਓਲਓਮ

ਇਸ ਸਿਰਲੇਖ 'ਤੇ ਬੱਚੇ ਨੇ ਇਕ ਪੈਰਾ ਲਿਖਣਾ ਸੀ ਜੋ ਉਸ ਨੇ ਲਿਖਿਆ ਸੀ। ਉਤਸੁਕਤਾ ਵਿਚ ਉਹ ਬੱਚੇ ਦੀ ਲਿਖਤ ਪੜ੍ਹਨ ਲੱਗਾ। ਬੱਚੇ ਨੇ ਲਿਖਿਆ ਸੀ.......

* ਮੈਂ ਆਪਣੇ ਫਾਈਨਲ ਇਮਤਿਹਾਨ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿਉਂਕਿ ਸ਼ੁਰੂ ਵਿਚ ਇਹ ਬਿਲਕੁਲ ਵੀ ਚੰਗਾ ਨਹੀਂ ਲੱਗਦਾ ਪਰ ਉਸ ਤੋਂ ਬਾਅਦ ਸਕੂਲ ਦੀਆਂ ਛੁੱਟੀਆਂ ਪੈ ਜਾਂਦੀਆਂ ਹਨ।

* ਮੈਂ ਕੌੜੀਆਂ ਦਵਾਈਆਂ ਦੇ ਘਟੀਆ ਸਵਾਦ ਨੂੰ ਬਹੁਤ ਧੰਨਵਾਦ ਕਰਦਾਂ ਹਾਂ ਕਿਉਂਕਿ ਸ਼ੁਰੂ ਵਿਚ ਇਹ ਕੌੜੀਆਂ ਲੱਗਦੀਆਂ ਹਨ ਪਰ ਇਹ ਮੈਨੂੰ ਬਿਮਾਰੀ ਤੋਂ ਛੁਟਕਾਰਾ ਦਵਾ ਦਿੰਦੀਆਂ ਹਨ।

* ਮੈਂ ਸਵੇਰ ਦੀ ਅਲਾਰਮ ਘੜੀ ਦਾ ਧੰਨਵਾਦ ਕਰਦਾ ਹਾਂ ਜੋ ਮੇਰੀ ਨੀਂਦ ਤੋੜਕੇ ਬੁਰਾ ਮਹਿਸੂਸ ਕਰਵਾਉਂਦੀ ਹੈ ਪਰ ਇਹ ਹਰ ਸਵੇਰ ਮੈਨੂੰ ਦੱਸਦੀ ਹੈ ਕਿ ਮੈਂ ਜ਼ਿੰਦਾ ਹਾਂ।

* ਮੈਂ ਉਸ ਪ੍ਰਮਾਤਮਾ ਦਾ ਵੀ ਬਹੁਤ ਸ਼ੁਕਰਗੁਜ਼ਾਰ ਹਾਂ ਜਿਸ ਨੇ ਮੈਨੂੰ ਇੰਨਾ ਚੰਗਾ ਪਿਤਾ ਜੀ ਦਿੱਤੇ ਕਿਉਂਕਿ ਉਹਨਾਂ ਦੀ ਝਿੜਕ ਮੈਨੂੰ ਸ਼ੁਰੂ ਵਿਚ ਬਹੁਤ ਮਾੜੀ ਲਗਦੀ ਹੈ ਪਰ ਉਹ ਮੇਰੇ ਲਈ ਖਿਡੌਣੇ ਲਿਆਉਂਦੇ ਹਨ ਪਰ ਮੈਨੂੰ ਸੈਰ ਕਰਨ ਲਈ ਲੈ ਜਾਂਦੇ ਹਨ ਅਤੇ ਮੈਨੂੰ ਚੰਗੀਆਂ ਚੀਜ਼ਾਂ ਖਵਾਉਂਦੇ ਹਨ ਅਤੇ ਇਸ ਗੱਲ ਦੀ ਮੈਨੂੰ ਖੁਸ਼ੀ ਹੈ ਕਿ ਮੇਰੇ ਕੋਲ ਪਿਤਾ ਹਨ। ਕਿਉਂਕਿ ਮੇਰੇ ਦੋਸਤ ਰਾਜੂ ਦੇ ਪਿਤਾ ਇਸ ਦੁਨੀਆਂ ਵਿੱਚ ਨਹੀਂ ਹਨ।



ਬੱਚੇ ਦਾ ਹੋਮਵਰਕ ਪੜ੍ਹ ਕੇ ਵਿਅਕਤੀ ਅਚਾਨਕ ਨੀਂਦ ਤੋਂ ਜਾਗ ਪੈਂਦਾ ਹੈ। ਉਸਦੀ ਸੋਚ ਬਦਲ ਗਈ। ਬੱਚੇ ਦੇ ਲਿਖੇ ਸ਼ਬਦ ਉਸ ਦੇ ਮਨ ਵਿਚ ਵਾਰ–ਵਾਰ ਘੁੰਮ ਰਹੇ ਸਨ। ਖਾਸ ਕਰਕੇ ਉਹ ਆਖਰੀ ਲਾਈਨ। ਉਸ ਦੀ ਨੀਂਦ ਉੱਡ ਗਈ ਸੀ। ਫਿਰ ਉਹ ਵਿਅਕਤੀ ਥੋੜੀ ਦੇਰ ਬੈਠ ਕੇ ਆਪਣੀਆਂ ਤਕਲੀਫ਼ਾਂ ਬਾਰੇ ਸੋਚਣ ਲੱਗਾ।

* ਮੈਨੂੰ ਘਰ ਦਾ ਸਾਰਾ ਖਰਚਾ ਚੁੱਕਣਾ ਪੈਂਦਾ ਹੈ, ਭਾਵ ਮੇਰੇ ਕੋਲ ਘਰ ਹੈ ਅਤੇ ਪਰਮਾਤਮਾ ਦੀ ਕਿਰਪਾ ਨਾਲ ਮੈਂ ਉਨ੍ਹਾਂ ਲੋਕਾਂ ਨਾਲੋਂ ਬਿਹਤਰ ਸਥਿਤੀ ਵਿਚ ਹਾਂ ਜਿਨ੍ਹਾਂ ਕੋਲ ਘਰ ਨਹੀਂ ਹੈ।

*ਮੈਨੂੰ ਪੂਰੇ ਪਰਿਵਾਰ ਦੀ ਜ਼ਿੰਮੇਵਾਰੀ ਝੱਲਣੀ ਪੈਂਦੀ ਹੈ, ਭਾਵ ਮੇਰੇ ਕੋਲ ਪਰਿਵਾਰ ਹੈ, ਪਤਨੀ ਹੈ,,ਇੱਕ ਬੱਚਾ ਹੈ ਅਤੇ ਪ੍ਰਮਾਤਮਾ ਦੀ ਕਿਰਪਾ ਨਾਲ ਮੈਂ ਉਨ੍ਹਾਂ ਲੋਕਾਂ ਨਾਲੋਂ ਵੱਧ ਭਾਗਾਂ ਵਾਲਾ ਹਾਂ ਜਿਨ੍ਹਾਂ ਦਾ ਕੋਈ ਪਰਿਵਾਰ ਨਹੀਂ ਹੈ ਅਤੇ ਸੰਸਾਰ ਵਿੱਚ ਪੂਰੀ ਤਰ੍ਹਾਂ ਇੱਕਲੇ ਹਨ ।

* ਕੋਈ ਨਾ ਕੋਈ ਦੋਸਤ ਜਾਂ ਰਿਸ਼ਤੇਦਾਰ ਮੇਰੇ ਘਰ ਆਉਂਦਾ ਰਹਿੰਦਾ ਹੈ, ਇਸ ਦਾ ਮਤਲਬ ਹੈ ਕਿ ਮੇਰਾ ਸਮਾਜਿਕ ਰੁਤਬਾ ਹੈ ਅਤੇ ਮੇਰੇ ਸੁੱਖ–ਦੁੱਖ ਵਿਚ ਮੇਰਾ ਸਾਥ ਦੇਣ ਵਾਲੇ ਲੋਕ ਹਨ।

* ਮੈਂ ਬਹੁਤ ਜ਼ਿਆਦਾ ਖਰਚ ਕਰਦਾ ਹਾਂ, ਇਸਦਾ ਮਤਲਬ ਹੈ ਕਿ ਮੇਰੇ ਕੋਲ ਚੰਗੀ ਨੌਕਰੀ ਹੈ ਅਤੇ ਮੈਂ ਉਨ੍ਹਾਂ ਲੋਕਾਂ ਨਾਲੋਂ ਬਿਹਤਰ ਹਾਂ ਜੋ ਪੈਸੇ ਦੇ ਕਾਰਨ ਬੇਰੁਜ਼ਗਾਰ ਹਨ ਜਾਂ ਬਹੁਤ ਸਾਰੀਆਂ ਚੀਜ਼ਾਂ ਅਤੇ ਸਹੂਲਤਾਂ ਤੋਂ ਵਾਂਝੇ ਹਨ।

ਮੈਂ ਜ਼ਿੰਦਗੀ ਦਾ ਸ਼ੁਕਗੁਜ਼ਾਰ ਹਾਂ ਤੇ ਮੈਨੂੰ ਅਫਸੋਸ ਵੀ ਹੈ, ਮੈਂ ਤੇਰੀ ਮਿਹਰ ਨੂੰ ਪਛਾਣ ਨਹੀਂ ਸਕਿਆ।

ਇਸ ਤੋਂ ਬਾਅਦ ਉਸ ਦੀ ਸੋਚ ਇਕਦਮ ਬਦਲ ਗਈ, ਉਸ ਦੀਆਂ ਸਾਰੀਆਂ ਪ੍ਰੇਸ਼ਾਨੀਆਂ, ਸਾਰੀਆਂ ਚਿੰਤਾਵਾਂ ਜਲਦੀ ਤੋਂ ਜਲਦੀ ਖਤਮ ਹੋ ਗਈਆਂ। ਉਹ ਇਕਦਮ ਬਦਲ ਗਿਆ। ਉਹ ਭੱਜ ਕੇ ਆਪਣੇ ਪੁੱਤਰ ਕੋਲ ਗਿਆ ਅਤੇ ਸੁੱਤੇ ਪਏ ਪੁੱਤਰ ਨੂੰ ਆਪਣੀ ਗੋਦ ਵਿੱਚ ਲੈ ਲਿਆ, ਉਸਦੇ ਮੱਥੇ ਨੂੰ ਚੁੰਮਿਆ ਅਤੇ ਆਪਣੇ ਪੁੱਤਰ ਅਤੇ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ।

ਦੋਸਤੋ.......ਸਾਡੀ ਸੋਚ ਇਕਦਮ ਬਦਲ ਜਾਵੇਗੀ, ਸਾਡੀਆਂ ਸਾਰੀਆਂ ਚਿੰਤਾਵਾਂ,ਸਾਰੇ ਦੁੱਖ,ਸਾਰੇ ਤਣਾਅ ਇਕ ਵਾਰੀ ਖਤਮ ਹੋ ਜਾਣਗੇ ਅਤੇ ਸਾਨੂੰ ਮੁਸ਼ਕਿਲਾਂ ਵਿਚੋਂ ਨਿਕਲਣ ਦੇ ਨਵੇਂ ਤਰੀਕੇ ਦਿਸਣ ਲੱਗ ਪੈਣਗੇ।

ਹਿੰਦੀ ਤੋਂ ਅਨੁਵਾਦ :
ਹਰਜੋਤ ਸਿੰਘ
70094 52602

# ਨਾਨਕਾ ਪਿੰਡ...



ਨਿੱਕੇ ਹੁੰਦੇ ਨਾਨਕੇ ਜਾਣਾ... ਮਾਂ ਨੇ ਗੇਟ ਲੰਘਦਿਆਂ ਹੀ ਸਭ ਤੋਂ ਪਹਿਲਾਂ ਡੰਗਰਾ ਦੇ ਢਾਰੇ ਕੋਲ ਬਣੇ ਨਿੱਕੇ ਜਿਹੇ ਕਮਰੇ ਵੱਲ ਨੂੰ ਦੌੜੀ ਜਾਣਾ !

ਅਸੀਂ ਵੀ ਪਿੱਛੇ ਪਿੱਛੇ ..ਜਾਂਦਿਆਂ ਹੀ ਨਾਨੀ ਨੇ ਮੂੰਹ ਚੁੰਮ ਚੁੰਮ ਗਿੱਲਾ ਕਰ ਦੇਣਾ ਤੇ ਫੇਰ ਮਾਂ ਕਿੰਨਾ ਚਿਰ ਨਾਨੀ ਦੇ ਗੱਲ ਲੱਗ ਰੋਂਦੀ ਰਹਿੰਦੀ ਸੀ... !

ਫੇਰ ਮਾਂ ਨੇ ਮਾਮੇ ਨਾਲ ਗਿਲਾ ਕਰਨਾ ਕੇ ਕੋਈ ਹੋਰ ਚੰਗਾ ਕਮਰਾ ਦੇ ਦਿਓ ..ਇਥੇ ਕੱਲੀ–ਕਾਰੀ ਬਿਮਾਰੀ ਦੀ ਮਾਰੀ ਨੂੰ ਠੰਡ ਲਗਦੀ ਹੋਊ .. ! ਕੋਲ ਹੀ ਬੂਹੇ ਨਾਲ ਲੱਗ ਗੱਲਾਂ ਸੁਣਦੀ ਮਾਮੀਂ ਨੇ ਓਸੇ ਵੇਲੇ ਆ ਜਾਣਾ ਤੇ ਆਖਣਾ .." ਬੀਬੀ ਜੇ ਏਨਾ ਹੇਜ ਆਉਂਦਾ ਈ ਤਾਂ ਲੈ ਜਾ ਨਾਲ ਆਪਣੇ ... !"

ਪਤਾ ਹੀ ਨੀ ਲੱਗਣਾ ਕਦੋ ਤਿੰਨਾ ਜਾਣਿਆਂ ਚ ਹੁੰਦੀ ਬਹਿਸ ਲੜਾਈ ਚ ਬਦਲ ਜਾਂਦੀ ! ਫੇਰ ਡੁਸਕਦੀ ਹੋਈ ਮਾਂ ਨੇ ਬਿਨਾ ਰੋਟੀ ਖਾਦਿਆਂ ਹੀ ਨੇ ਮੈਨੂੰ ਬਾਹੋਂ ਫੜ ਬੱਸ ਤੇ ਚੜਾ ਪਿੰਡ ਨੂੰ ਤੋਰ ਲੈਣਾ ! ਮੈਨੂੰ ਅਣਮੰਨੇ ਮਨ ਨਾਲ ਤੁਰੇ ਜਾਂਦੇ ਨੂੰ ਰਾਹ ਵਿਚ ਰੇਹੜੀ ਤੋਂ ਲਏ ਕੇਲਿਆਂ ਨਾਲ ਸਬਰ ਕਰਨਾ ਪੈਂਦਾ !

ਬੱਸ ਵਿਚ ਬੈਠੀਆਂ ਦੂਜੀਆਂ ਸੁਆਰੀਆਂ ਰੋਂਦੀ ਡੁਸਕਦੀ ਮਾਂ ਨੂੰ ਨਾ ਦੇਖਣ ..ਇਸ ਲਈ ਮੈਂ ਓਦਾ ਮੂੰਹ ਚੁੰਨੀ ਨਾਲ ਢੱਕੀ ਜਾਣਾ ! ..ਫੇਰ ਮਾਂ ਨੇ ਮੈਨੂੰ ਗੱਲ ਨਾਲ ਲਾ ਲੈਣਾ ਤੇ ਆਖਣਾ "ਤੂੰ ਨਾ ਕਰੀਂ ਏਦਾਂ ਮੇਰੇ ਨਾਲ ਜਦੋਂ ਮੈਂ ਬੁੱਡੀ ਹੋ ਗਈ "... !

ਪੰਜ ਸਾਲ ਦੇ ਜੁਆਕ ਨੂੰ ਕੀ ਸਮਝ ਹੁੰਦੀ ਏਨਾ ਗੱਲਾ ਦੀ ..ਪਰ ਫੇਰ ਵੀ ਦਿਲ ਰਖਣ ਲਈ ਝੱਟ –ਪੱਟ ਕਹ ਦੇਣਾ.... ਨਹੀਂ ਕਰਦਾ ਬਸ ਤੂੰ ਰੋਣੋਂ ਚੁੱਪ ਕਰ ਜਾ !

ਜਦੋਂ ਕਦੀ ਮਾਂ ਕੋਲੋਂ ਆਪਣਾ ਰੋਣਾ ਨਾ ਡੱਕਿਆ ਜਾਣਾ ..ਤਾਂ ਮੇਰੇ ਕੋਲ ਇੱਕ ਆਖਰੀ ਹਥਿਆਰ ਹੁੰਦਾ ਸੀ . ...ਮੈਂ ਵੀ ਜੋਰ ਜੋਰ ਨਾਲ ਰੋਣਾ ਸ਼ੁਰੂ ਕਰ ਦੇਣਾ !....ਮਾਂ ਨੇ ਮੈਨੂੰ ਰੋਂਦਿਆਂ ਦੇਖ ਛੇਤੀ ਨਾਲ ਅਖਾਂ ਪੂੰਝ ਮੈਨੂੰ ਆਪਣੀ ਬੁੱਕਲ ਵਿਚ ਲੈ ਲੈਣਾ ਤੇ ਕਹਿਣਾ "ਚੁੱਪ ਕਰ ਮੇਰਾ ਪੁੱਤ ..ਨਾ ਰੋ ...ਤੇ ਮੈਨੂੰ ਉਸਦੀ ਬੁੱਕਲ ਵਿਚ ਹੀ ਨੀਂਦ ਆ ਜਾਣੀ ! "

ਅਗਲੀ ਵਾਰੀ ਜਦੋਂ ਵੀ ਨਾਨਕਿਆਂ ਵੱਲ ਮੂੰਹ ਕਰਨਾ ਤਾਂ ਖੁਸ਼ੀ ਵੀ ਹੋਣੀ ਤੇ ਡਰ ਵੀ ਲੱਗੀ ਜਾਣਾ ਤੇ ਸਾਰੇ ਰਾਹ ਏਹੋ ਕਹੀ ਜਾਣਾ .. " ਅੱਜ ਜਾ ਕੇ ਲੜਾਈ ਨੀ ਕਰਨੀ ਤੇ ਨਾ ਹੀ ਰੋਣਾ..ਠੀਕ ਹੈ ਨਾ ? " ..ਉਸਨੇ ਅੱਗੋਂ ਹੱਸਣ ਲੱਗ ਜਾਣਾ ਤੇ ਮੈਨੂੰ ਤੱਸਲੀ ਹੋ ਜਾਣੀ ਤੇ ਨਾਨਕੇ ਜਾਣ ਦਾ ਚਾਅ ਦੂਣਾ ਹੋ ਜਾਣਾ !

ਆਖਿਰ ਇੱਕ ਦਿਨ ਸੁਨੇਹਾ ਆ ਗਿਆ ..ਨਾਨੀ ਪੂਰੀ ਹੋ ਗਈ ...ਮਾਂ ਨਾਨੀ ਨੂੰ ਯਾਦ ਕਰ ਕਿੰਨੇ ਦਿਨ ਭੁੱਖੀ –ਭਾਣੀ ਰੋਂਦੀ ਰਹੀ ਤੇ ਮਾਂ ਨੂੰ ਚੁੱਪ ਕਰਾਉਣ ਵਾਲਾ ਮੇਰਾ ਆਖਰੀ ਹਥਿਆਰ ਵੀ ਬੇਅਸਰ ਹੁੰਦਾ ਜਾਪਿਆ .. !

ਕੁਝ ਸਾਲ ਪਹਿਲਾਂ ਮਾਮੇ ਦੀ ਨੂੰਹ ਕਾਲੇ ਪੀਲੀਏ ਨਾਲ ਪੂਰੀ ਹੋ ਗੀ ..ਮਾਮਾ ਲਿਵਰ ਫੇਲ ਹੋਣ ਕਾਰਨ ਚੱਲ ਵੱਸਿਆ ! ਇੱਕ ਮੁੰਡਾ ਵੀ ਚੰਗਾ ਭਲਾ ਕੈਂਸਰ ਦੀ ਭੇਂਟ ਚੜ ਗਿਆ ....ਤੇ ਪਿਛੇ ਜਿਹੇ ਜਹਾਨ ਨੂੰ ਅਲਵਿਦਾ ਆਖਣ ਤੋਂ ਕੁਝ ਦਿਨ ਪਹਿਲਾਂ ਮਾਮੀ ਮਾਂ ਨੂੰ ਫੋਨ ਕਰ ਕੇ ਆਖਣ ਲੱਗੀ .."ਬੀਬੀ ਫੋਨ ਕਰ ਲਿਆ ਕਰ ..ਮੇਰਾ ਤਾਂ ਸਭ ਕੁਝ ਮੁੱਕ ਗਿਆ ..ਕੱਲੀ ਜਿਹੀ ਰਹ ਗਈ ਹਾਂ " !

ਹੁਣ ਅਕਸਰ ਹੀ ਕਈ ਵਾਰ ਸੋਚੀਂ ਪੈ ਜਾਂਦਾ ਹਾਂ ਕੇ ਜੇ ਸਾਰਿਆਂ ਦਾ ਅਖੀਰ ਇਹੋ ਕੁਝ ਹੈ ਤਾਂ ਫੇਰ ਚੜਾਈ ਦੇ ਦਿਨਾਂ ਵਿਚ ਬੰਦੇ ਦੇ ਪੈਰ ਮੱਲੋ ਮੱਲੀ ਜਮੀਨ ਤੋਂ ਉੱਪਰ ਕਿਓਂ ਉੱਠ ਜਾਂਦੇ ਨੇ ?

–ਧੀਆਂ

# ਨਾਸਤਿਕ ਅਤੇ ਆਸਤਿਕ

ਇੱਕ ਬਹੁਤ ਅਦਭੁੱਤ ਘਟਨਾ ਹੈ। ਲਾਓਤਸੇ ਨੂੰ ਕੋਈ ਮਿਲਣ ਆਇਆ। ਉਹ ਨਾਸਤਿਕ ਸੀ ਅਤੇ ਕਹਿੰਦਾ ਸੀ ਕਿ ਰੱਬ ਨਹੀਂ ਹੈ। ਲਾਓਤਸੇ ਦੇ ਕੋਲ ਪਹਿਲਾਂ ਹੀ ਉਸਦਾ ਕੋਈ ਚੇਲਾ ਬੈਠਾ ਸੀ। ਉਹ ਆਸਤਿਕ ਸੀ ਅਤੇ ਕਹਿੰਦਾ ਕਿ ਰੱਬ ਹੈ। ਲਾਓਤਸੇ ਕਹਿੰਦਾ ਹੈ, ਤੁਸੀ ਦੋਵੇਂ ਠੀਕ ਹੋ; ਕਿਉਂਕਿ ਤੁਸੀਂ ਦੋਵੇਂ ਹੀ ਰੱਬ ਦੇ ਇੱਕ – ਇੱਕ ਰੂਪ ਦੀ ਚਰਚਾ ਕਰ ਰਹੇ ਹੋ। ਤੁਹਾਡੇ ਵਿੱਚ ਕੋਈ ਝਗੜਾ ਨਹੀਂ ਹੈ। ਤੁਹਾਡੇ ਵਿੱਚ ਕੋਈ ਵਿਰੋਧ ਨਹੀਂ ਹੈ। ਰੱਬ ਦਾ ਇੱਕ ਰੂਪ ਹੈ ਹੋਣਾ।ਅਤੇ ਇੱਕ ਰੂਪ ਹੈ ਨਾ ਹੋਣਾ। ਨਾਸਤਿਕ ਨਾ ਹੋਣ ਦੀ ਚਰਚਾ ਕਰ ਰਿਹਾ ਹੈ, ਆਸਤਿਕ ਹੋਣ ਦੀ ਚਰਚਾ ਕਰ ਰਿਹਾ ਹੈ। ਤੁਸੀ ਦੋਵੇਂ ਠੀਕ ਹੋ ਅਤੇ ਦੋਵੇਂ ਗਲਤ; ਕਿਉਂਕਿ ਤੁਸੀਂ ਦੋਵੇਂ ਹੀ ਅਧੂਰੀ ਗੱਲਾਂ ਕਰ ਰਹੇ ਹੋ।

ਲਾਓਤਸੇ ਕਹਿੰਦਾ ਹੈ, ਰੱਬ ਹੈ ਅਤੇ ਰੱਬ ਨਹੀਂ ਹੈ; ਇਹ ਸੱਚ ਹੈ। ਕਿਉਂਕਿ ਇਹ ਦੋਵੇਂ ਉਸਦੇ ਹੋਣ ਦੇ ਢੰਗ ਹਨ। ਤਾਂ ਲਾਓਤਸੇ ਸਾਡੇ ਲਈ ਮੁਸ਼ਕਲ ਹੋ ਜਾਂਦਾ ਹੈ। ਪਰਿਭਾਸ਼ਾ ਔਖੀ ਹੋ ਜਾਂਦੀ ਹੈ। ਕੋਈ ਕਹੇ, ਰੱਬ ਹੈ; ਤਾਂ ਪਰਿਭਾਸ਼ਾ ਹੋ ਗਈ। ਕੋਈ ਕਹੇ, ਨਹੀਂ ਹੈ; ਤਾਂ ਵੀ ਪਰਿਭਾਸ਼ਾ ਹੋ ਗਈ। ਦੋਵੇਂ ਨਿਸ਼ਚਿਤ ਹਨ। ਲਾਓਤਸੇ ਕਹਿੰਦਾ ਹੈ, ਰੱਬ ਹੈ ਵੀ ਅਤੇ ਨਹੀਂ ਵੀ, ਤਾਂ ਪਰਿਭਾਸ਼ਾ ਔਖੀ ਹੋ ਗਈ।

ਪਰ ਲਾਓਤਸੇ ਠੀਕ ਕਹਿ ਰਿਹਾ ਹੈ। ਨਾ ਹੋਣਾ ਵੀ ਹੋਣ ਦਾ ਇੱਕ ਢੰਗ ਹੈ, ਵਿਰੋਧ ਨਹੀਂ, ਉਲਟਾ ਨਹੀਂ। ਇਹ ਜੇਕਰ ਵਿਖਾਈ ਪਏ ਤਾਂ ਜਨਮ ਵੀ ਮੇਰੇ ਹੋਣ ਦਾ ਇੱਕ ਢੰਗ ਹੈ ਅਤੇ ਮੌਤ ਵੀ ਮੇਰੇ ਹੋਣ ਦਾ ਇੱਕ ਢੰਗ ਹੈ। ਜਨਮ ਵਿੱਚ ਮੈਂ ਜ਼ਾਹਰ ਹੁੰਦਾ; ਮੌਤ ਵਿੱਚ ਮੈਂ ਲੀਨ ਹੁੰਦਾ। ਜਾਗਣਾ ਵੀ ਮੇਰੇ ਹੋਣ ਦਾ ਇੱਕ ਢੰਗ ਹੈ; ਨੀਂਦ ਵੀ ਮੇਰੇ ਹੋਣ ਦਾ ਇੱਕ ਢੰਗ ਹੈ। ਜਾਗਣ ਵਿੱਚ ਮੈਂ ਗਤੀਮਾਨ ਹੁੰਦਾ ਹਾਂ; ਨੀਂਦ ਵਿੱਚ ਮੈਂ ਸ਼ਾਂਤ ਹੋ ਜਾਂਦਾ ਹਾਂ। ਜਾਗਣ ਵਿੱਚ ਮੈਂ ਬਾਹਰ ਚੱਲਦਾ; ਨੀਂਦ ਵਿੱਚ ਮੈਂ ਅੰਦਰ ਚਲਣ ਲੱਗਦਾ। ਨੀਂਦ ਵਿੱਚ ਹੋਸ਼



ਵੀ ਮੇਰੇ ਹੋਣ ਦਾ ਇੱਕ ਢੰਗ ਹੈ ਅਤੇ ਬੇਹੋਸ਼ੀ ਵੀ ਮੇਰੇ ਹੋਣ ਦਾ ਇੱਕ ਢੰਗ ਹੈ। ਹੋਸ਼ ਵਿੱਚ ਮੇਰੇ ਅੰਦਰ ਹੱਲ – ਚੱਲ ਹੁੰਦੀ, ਬੇਹੋਸ਼ੀ ਵਿੱਚ ਸਭ ਸ਼ਾਂਤ ਹੋ ਜਾਂਦਾ, ਹੋਸ਼ ਵੀ ਸ਼ਾਂਤ ਹੋ ਜਾਂਦਾ। ਨੀਂਦ ਨੂੰ ਮੌਤ ਕਹਿਣਾ ਵੀ ਗ਼ਲਤ ਹੈ। ਪਹਿਲੂ ਜ਼ਰੂਰ ਕਿਹਾ ਜਾ ਸਕਦਾ ਹੈ।

ਸਾਡੇ ਮਨ ਵਿੱਚ ਹੋਣ ਅਤੇ ਨਾ ਹੋਣ ਦੇ ਵਿੱਚ ਜੋ ਵਿਰੋਧ ਹੈ, ਉਸਨੂੰ ਤੋੜ ਦੇਣਾ ਜਰੂਰੀ ਹੈ। ਤਾਂ ਹੀ ਲਾਓਤਸੇ ਸਮਝ ਵਿੱਚ ਆ ਸਕਦਾ ਹੈ। ਦੋਵਾਂ ਵਿੱਚ ਕੋਈ ਵਿਰੋਧ ਨਹੀਂ, ਕੋਈ ਦੁਸ਼ਮਣੀ ਨਹੀਂ ਹੈ। ਦੋਵੇਂ ਇੱਕ ਹੀ ਗੱਲ ਦੇ ਦੋ ਢੰਗ ਹਨ। ਫੇਰ ਪਰਿਭਾਸ਼ਾ ਹੋਰ ਵੀ ਔਖੀ ਹੋ ਗਈ। ਕਿਉਂਕਿ ਫੇਰ ਉਹ ਸਿਫ਼ਰ ਵਿੱਚ ਜੁੜ ਜਾਂਦਾ ਹੈ। ਜੇਕਰ ਉਹ ਹਮੇਸ਼ਾ ਬਣਿਆਂ ਰਹੇ, ਤਾਂ ਵੀ ਅਸੀ ਉਸਦੀ ਪਰਿਭਾਸ਼ਾ ਕਰ ਸਕਦੇ ਹਾਂ। ਲੇਕਿਨ ਉਹ ਕਦੇ – ਕਦੇ ਖੋ ਜਾਂਦਾ ਹੈ, ਤਾਂ ਕਹਿ ਸਕਦੇ ਹਾਂ ਕਿ ਨਹੀਂ ਹੈ। ਤਾਂ ਪਰਿਭਾਸ਼ਾ ਹੋਰ ਮੁਸ਼ਕਲ ਹੋ ਜਾਂਦੀ ਹੈ।

ਇਸ ਲਈ ਉਸਨੂੰ ਨਿਰਾਕਾਰ ਰੂਪ ਵਿੱਚ ਵਰਣਿਤ ਕੀਤਾ ਜਾਂਦਾ ਹੈ। ਇਸ ਲਈ ਨਿਰਾਕਾਰ ਹੀ ਉਸਦਾ ਸਰੂਪ ਕਿਹਾ ਜਾਂਦਾ ਹੈ। ਉਸਦਾ ਸਰੂਪ ਹੀ ਨਿਰਾਕਾਰ ਹੋਣਾ ਹੈ। ਉਹ ਇਸ ਢੰਗ ਨਾਲ ਹੈ ਕਿ ਸਰੂਪ, ਰੂਪ ਉਸ ਵਿੱਚ ਨਹੀਂ ਹਨ। ਇਹ ਵੀ ਥੋੜ੍ਹਾ ਔਖਾ ਲੱਗੂਗਾ; ਕਿਉਂਕਿ ਸਾਡੇ ਸੋਚਣ ਦੇ ਸਾਰੇ ਢੰਗ ਚੀਜਾਂ ਨੂੰ ਤੋੜ ਦਿੰਦੇ ਹਨ। ਜਦੋਂ ਕਿ ਲਾਓਤਸੇ ਦੇ ਸੋਚਣ, ਦੇਖਣ ਦਾ ਢੰਗ ਸਾਰੇ ਚੀਜਾਂ ਨੂੰ ਜੋੜ ਲੈਣਾ ਹੈ।

ਅਸੀ ਜਾਣਦੇ ਹਨ ਉਨ੍ਹਾਂ ਲੋਕਾਂ ਨੂੰ, ਜੋ ਸਰਗੁਣ ਸਰੂਪ ਰੱਬ ਨੂੰ ਮੰਨਦੇ ਹਨ। ਉਹ ਕਹਿੰਦੇ ਹਨ, ਉਹ ਆਕਾਰਵਾਨ ਹੈ, ਰੂਪਵਾਨ ਹੈ। ਅਸੀ ਜਾਣਦੇ ਹਾਂ ਉਨ੍ਹਾਂ ਲੋਕਾਂ ਨੂੰ, ਜੋ ਨਿਰਗੁਣ ਰੱਬ ਨੂੰ ਮੰਨਦੇ ਹਨ। ਜੋ ਕਹਿੰਦੇ ਹਨ, ਨਿਰਾਕਾਰ ਹੈ, ਉਸਦੀ ਕੋਈ ਤਸਵੀਰ ਨਹੀਂ। ਅਤੇ ਇਹ ਵੀ ਕਿ ਉਨ੍ਹਾਂ ਵਿੱਚ ਕਿੰਨਾ ਵਿਵਾਦ ਹੈ।

—ਓਸ਼ੋ

# ਪੰਜਾਬ ਪਹਿਲੀ ਵਾਰ ਏਸ਼ੀਆਈ ਹਾਕੀ ਚੈਂਪੀਅਨਸ਼ਿਪ ਦੀ ਕਰੇਗਾ ਮੇਜ਼ਬਾਨੀ : ਮੁੱਖ ਮੰਤਰੀ ਮਾਨ

## ਅਕਤੂਬਰ ਮਹੀਨੇ ਦੇ ਆਖਰ 'ਚ ਮੋਹਾਲੀ ਅਤੇ ਜਲੰਧਰ 'ਚ ਖੇਡੇ ਜਾਣਗੇ ਮੈਚ



ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਅੱਜ ਚੰਡੀਗੜ੍ਹ 'ਚ ਇਕ ਪ੍ਰੈਸ ਕਾਨਫਰੰਸ ਕੀਤੀ ਗਈ। ਇਸ ਦੌਰਾਨ ਉਨ੍ਹਾਂ ਵੱਲੋਂ ਕਈ ਵੱਡੇ ਐਲਾਨ ਕੀਤੇ ਗਏ । ਉਨ੍ਹਾਂ ਕਿਹਾ ਕਿ ਖ਼ੇਡਾਂ ਵਿਚ ਪੰਜਾਬ ਦੀ ਧਰਤੀ ਦਾ ਬਹੁਤ ਵੱਡਾ ਯੋਗਦਾਨ ਹੈ ਤੇ ਨਾਲ ਹੀ ਪੰਜਾਬ ਦਾ ਖ਼ੇਡਾਂ ਦਾ ਬਹੁਤ ਲੰਬਾ ਇਤਿਹਾਸ ਰਿਹਾ ਹੈ । ਉਨ੍ਹਾਂ ਐਲਾਨ ਕੀਤਾ ਕਿ ਪੰਜਾਬ ਏਸ਼ੀਆਈ ਹਾਕੀ ਚੈਂਪੀਅਨਸ਼ਿਪ ਦੀ ਮੇਜ਼ਬਾਨੀ ਕਰੇਗਾ । ਉਨ੍ਹਾਂ ਕਿਹਾ ਕਿ ਪਹਿਲੀ ਵਾਰ ਪੰਜਾਬ ਨੂੰ ਅੰਤਰਰਾਸ਼ਟਰੀ ਟੂਰਨਾਮੈਂਟ ਮਿਲਿਆ ਹੈ ਤੇ ਇਹ ਸਾਡੇ ਲਈ ਬਹੁਤ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ ਨੇ ਕਈ ਵੱਡੇ ਖਿਡਾਰੀ ਦੇਸ਼ ਨੂੰ ਦਿੱਤੇ ਹਨ ਤੇ ਹਾਕੀ ਵਿਚ 50 ਤੋਂ ਵੱਧ ਖਿਡਾਰੀਆਂ ਨੇ ਉਲੰਪਿਕ ਤਗਮੇ ਜਿੱਤੇ ਹਨ। ਉਨ੍ਹਾਂ ਕਿਹਾ ਕਿ ਏਸ਼ੀਆਈ ਖੇਡਾਂ ਦੀਆਂ ਚੋਟੀ ਦੀਆਂ ਛੇ ਟੀਮਾਂ ਇਸ ਟੂਰਨਾਮੈਂਟ ਵਿਚ ਹਿੱਸਾ ਲੈਣਗੀਆਂ । ਪਹਿਲਾ ਮੈਚ 26-27 ਅਕਤੂਬਰ ਨੂੰ ਹੋਵੇਗਾ ਤੇ ਸਾਰੇ ਮੈਚ ਮੋਹਾਲੀ ਅਤੇ ਜਲੰਧਰ ਵਿਚ ਹੋਣਗੇ।

ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ 2023 ਵਿਚ ਪੰਜਾਬ ਵਿਚ ਇਕ ਨਵੀਂ ਖੇਡ ਨੀਤੀ ਲਾਗੂ ਕੀਤੀ ਗਈ । ਮਾਨ ਸਰਕਾਰ ਨੇ ਖੇਡ ਬਜਟ 350 ਕਰੋੜ ਤੋਂ ਵਧਾ ਕੇ 1791 ਕਰੋੜ ਕਰ ਦਿੱਤਾ । ਪੰਜਾਬ ਵਿਚ ਕੋਚਾਂ ਦੀ ਗਿਣਤੀ 500 ਤੋਂ ਵਧਾ ਕੇ 2,458 ਕਰ ਦਿੱਤੀ । 324 ਨਵੇਂ ਕੋਚ ਭਰਤੀ ਕੀਤੇ ਗਏ ਅਤੇ 48 ਐਥਲੀਟਾਂ ਨੂੰ ਕੋਚ ਨਿਯੁਕਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਉਲੰਪਿਕ ਤਿਆਰੀ ਲਈ 15 ਲੱਖ ਅਤੇ ਏਸ਼ੀਆਈ ਖੇਡਾਂ ਲਈ 8 ਲੱਖ ਪ੍ਰਦਾਨ ਕੀਤੇ ਗਏ।

ਉਨ੍ਹਾਂ ਅੱਗੇ ਕਿਹਾ ਕਿ ਸੋਨ ਤਗਮਾ ਜੇਤੂਆਂ ਨੂੰ 1 ਕਰੋੜ ਦਾ ਇਨਾਮ ਮਿਲਿਆ, ਜਿਸ ਵਿਚ ਚਾਰ ਸਾਲਾਂ ਵਿਚ ਲਗਭਗ 100 ਕਰੋੜ ਦੇ ਇਨਾਮ ਦਿੱਤੇ ਗਏ। ਫੌਜ/ਹਵਾਈ ਸੈਨਾ ਦੇ ਐਥਲੀਟਾਂ ਨੂੰ ਵੀ ਸਨਮਾਨਿਤ ਕੀਤਾ ਗਿਆ ਤੇ 9 ਖਿਡਾਰੀਆਂ ਨੂੰ ਪੀ.ਸੀ.ਐਸ. ਅਤੇ ਡੀ.ਐਸ.ਪੀ. ਦੀਆਂ ਨੌਕਰੀਆਂ ਮਿਲੀਆਂ। 3,100 ਖੇਡ ਮੈਦਾਨ (1350 ਕਰੋੜ), 2,700 'ਤੇ ਕੰਮ ਚੱਲ ਰਿਹਾ ਹੈ ਤੇ ਜੂਨ 2026 ਤੱਕ ਪੂਰਾ ਹੋ ਜਾਵੇਗਾ। 3,000 ਥਾਵਾਂ 'ਤੇ ਜਿੰਮ ਤੇ 17,000 ਖੇਡ ਕਿੱਟਾਂ ਵੰਡੀਆਂ ਗਈਆਂ। ਮੋਹਾਲੀ, ਬਠਿੰਡਾ ਅਤੇ ਲੁਧਿਆਣਾ ਵਿਚ ਟਰਫ ਅੱਪਗ੍ਰੇਡ ਅਤੇ ਮੋਹਾਲੀ ਵਿਚ ਇਕ ਸਿੰਥੈਟਿਕ ਟਰੈਕ ਬਣਾਇਆ ਗਿਆ। ਇਸ ਦੇ ਨਾਲ ਹੀ ਖੁਰਾਕ ਭੱਤਾ 240 ਤੋਂ ਵਧਾ ਕੇ 480 ਕੀਤਾ ਗਿਆ। ਉਨ੍ਹਾਂ ਕਿਹਾ ਕਿ 1,046 ਖ਼ਿਡਾਰੀਆਂ ਨੂੰ ਸਿੱਧੇ ਫੰਡ ਟ੍ਰਾਂਸਫਰ ਕੀਤੇ ਗਏ ਹਨ।

'ਖੇਡਾਂ ਵਤਨ ਪੰਜਾਬ ਦੀਆਂ' ਵਿਚ ਭਾਗੀਦਾਰੀ 1.5 ਲੱਖ ਤੋਂ 5 ਲੱਖ ਰੁਪਏ ਤੱਕ ਹੈ ਤੇ ਹਰ ਸਾਲ 10,000 ਐਥਲੀਟਾਂ ਨੂੰ 10 ਕਰੋੜ ਰੁਪਏ ਇਨਾਮ, ਜਿਨ੍ਹਾਂ ਵਿਚ ਪੈਰਾ-ਸਪੋਰਟਸ ਸ਼ਾਮਿਲ ਹਨ, ਦਿੱਤੇ ਗਏ। ਪੰਜਾਬ ਸਰਕਾਰ ਵੱਲੋਂ ਮਹਿਲਾ ਕ੍ਰਿਕਟ ਵਿਸ਼ਵ ਕੱਪ ਜਿੱਤਣ ਵਾਲੀਆਂ ਤਿੰਨ ਖਿਡਾਰਨਾਂ ਹਰਮਨਪ੍ਰੀਤ ਕੌਰ, ਹਰਲੀਨ ਅਤੇ ਅਮਨਜੋਤ ਕੌਰ ਦੇ ਖਾਤਿਆਂ ਵਿਚ 1.50-1.50 ਕਰੋੜ ਰੁਪਏ ਟਰਾਂਸਫਰ ਕੀਤੇ ਗਏ। ਉਨ੍ਹਾਂ ਕਿਹਾ ਬੇਸ਼ੱਕ ਹਰਲੀਨ ਹਿਮਾਚਲ ਪ੍ਰਦੇਸ਼ ਲਈ ਖੇਡਦੀ ਹੈ ਉਸ ਦਾ ਪਿਛੋਕੜ ਪੰਜਾਬ ਨਾਲ ਸਬੰਧਤ ਹੈ ਉਸ ਨੂੰ ਅਸੀਂ ਪੰਜਾਬ ਲੈ ਕੇ ਆਵਾਂਗੇ ਅਤੇ ਉਹ ਪੰਜਾਬ ਆਉਣ ਲਈ ਤਿਆਰ ਹੈ।

# ਮੁਹਾਲੀ 'ਚ ਖੇਡੇ ਜਾਣਗੇ IPL 2026 ਦੇ ਦੋ ਮੁਕਾਬਲੇ




ਚੰਡੀਗੜ੍ਹ : ਟੀ-20 ਵਿਸ਼ਵ ਕੱਪ ਤੋਂ ਬਾਅਦ ਹੁਣ 28 ਮਾਰਚ ਤੋਂ ਟਾਟਾ ਆਈ.ਪੀ.ਐਲ. ਸ਼ੁਰੂ ਹੋਣ ਜਾ ਰਿਹਾ ਹੈ। ਮੁਹਾਲੀ ਦੇ ਮਾਹਾਰਾਜਾ ਯਾਦਵਿੰਦਰ ਸਿੰਘ ਕ੍ਰਿਕੇਟ ਸਟੇਡੀਅਮ ਵਿੱਚ 31 ਮਾਰਚ ਨੂੰ ਪਹਿਲਾ ਆਈ.ਪੀ.ਐਲ ਮੁਕਾਬਲਾ ਪੰਜਾਬ ਅਤੇ ਗੁਜਰਾਤ ਟਾਈਟਨਸ ਦੇ ਦਰਮਿਆਨ ਖੇਡਿਆ ਜਾਵੇਗਾ । ਮੁਲਾਂਪੁਰ ਇਕ ਬਾਰ ਫਿਰ ਆਈ.ਪੀ.ਐਲ ਦੇ ਰੋਮਾਂਚ ਲਈ ਤਿਆਰ ਹੈ । ਬੀ.ਸੀ.ਸੀ.ਆਈ. ਨੇ ਪਹਿਲੇ 20 ਮੁਕਾਬਲਿਆਂ ਦੀ ਸੂਚੀ ਕਰ ਦਿੱਤੀ ਹੈ, ਪਹਿਲੇ ਗੇੜ ਦੇ ਦੋ ਮੁਕਾਬਲੇ ਮੋਹਾਲੀ ਦੇ ਮੁਲਾਂਪੁਰ ਦੇ ਮੈਦਾਨ 'ਤੇ ਖੇਡੇ ਜਾਣਗੇ । ਇਸ ਮੈਦਾਨ ਵਿੱਚ ਪਹਿਲਾ ਮੁਕਾਬਲਾ 31 ਮਾਰਚ ਸ਼ਾਮ ਨੂੰ ਪੰਜਾਬ ਕਿੰਗਸ ਅਤੇ ਗੁਜਰਾਤ ਟਾਈਟਨਸ ਵਿਚਾਲੇ ਖੇਡਿਆ ਜਾਵੇਗਾ ਤੇ ਦੂਜਾ ਮੈਚ 11 ਅਪ੍ਰੈਲ ਨੂੰ ਪੰਜਾਬ ਕਿੰਗਜ ਅਤੇ ਸਨਰਾਈਜ਼ ਹੈਦਰਾਬਾਦ ਦਰਮਿਆਨ ਖੇਡਿਆ ਜਾਵੇਗਾ ।

ਮੁਲਾਂਪੁਰ ਸਟੇਡੀਅਮ ਵਿੱਚ ਹੁਣ ਤੱਕ ਆਈ.ਪੀ.ਐਲ ਦੇ 11 ਮੈਚ ਖੇਡੇ ਜਾ ਚੁੱਕੇ ਹਨ ਜਿਸ ਵਿੱਚ ਪੰਜਾਬ ਨੇ ਆਪਣੇ ਘਰੇਲੂ ਮੈਦਾਨ 'ਤੇ 10 ਮੁਕਾਬਲੇ ਖੇਡੇ ਹਨ, ਜਿਸ ਵਿੱਚ ਪੰਜਾਬ ਦਾ ਪ੍ਰਦਰਸ਼ਨ ਕੁੱਝ ਖਾਸ ਨਹੀਂ ਰਿਹਾ । ਪੰਜਾਬ ਨੇ 10 ਮੁਕਾਬਲਿਆਂ 'ਚੋਂ ਸਿਰਫ 3 ਮੁਕਾਬਲੇ ਜਿੱਤੇ ਜਦਕਿ 7 ਮੁਕਾਬਲਿਆਂ ਵਿਚ ਪੰਜਾਬ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ । ਪੰਜਾਬ 2026 ਆਈ.ਪੀ.ਐਲ. ਦਾ ਆਪਣਾ ਪਹਿਲਾ ਮੈਚ ਗੁਜਰਾਤ ਦੇ ਨਾਲ ਖੇਡੇਗਾ । ਪੰਜਾਬ ਅਤੇ ਗੁਜਰਾਤ ਦੀਆਂ ਟੀਮਾਂ ਨੇ ਹੁਣ ਤੱਕ 6 ਮੁਕਾਬਲੇ ਹੋਏ ਹਨ ਅਤੇ ਦੋਵਾਂ ਟੀਮਾਂ ਨੇ 3-3 ਮੁਕਾਬਲੇ ਜਿੱਤੇ ਹਨ।

ਪਿਛਲੇ ਸੀਜ਼ਨ ਵਿੱਚ ਪੰਜਾਬ ਕਿੰਗਸ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਸੀ ਅਤੇ ਕਪਤਾਨ ਸ਼੍ਰੇਅਸ ਅਈਅਰ ਦੀ ਕਪਤਾਨੀ ਵਿੱਚ ਟੀਮ ਫਾਈਨਲ ਵਿੱਚ ਪਹੁੰਚੀ ਸੀ, ਪਰ ਆਰ.ਸੀ.ਬੀ. ਨੇ ਪੰਜਾਬ ਨੂੰ 6 ਦੌੜਾਂ ਨਾਲ ਹਰਾ ਕੇ ਆਪਣੀ ਪਹਿਲੀ ਆਈ.ਪੀ.ਐਲ. ਟਰ੍ਹਾਫੀ ਜਿੱਤੀ । ਹੁਣ ਦੇਖਣਾ ਹੈ ਕਿ ਸ਼੍ਰੇਅਸ ਅਈਅਰ ਦੀ ਕਪਤਾਨੀ ਵਿੱਚ ਪੰਜਾਬ ਦੀ ਟੀਮ ਆਈ.ਪੀ.ਐਲ. 2026 ਦੌਰਾਨ ਕਿਹੋ ਜਿਹਾ ਪ੍ਰਦਰਸ਼ਨ ਕਰਦੀ ਹੈ।

# ਟੀ20 ਦਰਜਾਬੰਦੀ 'ਚ ਮੰਧਾਨਾ ਦੂਜੇ ਸਥਾਨ 'ਤੇ ਬਰਕਰਾਰ

## ਹਰਮਨਪ੍ਰੀਤ 14ਵੇਂ ਪਾਇਦਾਨ 'ਤੇ ਪਹੁੰਚੀ



ਭਾਰਤ ਦੀ ਸਲਾਮੀ ਬੱਲੇਬਾਜ਼ ਸਮ੍ਰਿਤੀ ਮੰਧਾਨਾ ਨੇ ਆਈ ਸੀ ਸੀ ਮਹਿਲਾ ਟੀ20 ਕੌਮਾਂਤਰੀ ਵਿੱਚ ਬੱਲੇਬਾਜ਼ਾਂ ਦੀ ਦਰਜਾਬੰਦੀ ਵਿੱਚ ਦੂਜੇ ਸਥਾਨ 'ਤੇ ਆਪਣੇ ਦਾਅਵੇ ਨੂੰ ਬਰਕਰਾਰ ਰੱਖਿਆ ਹੈ। ਕਪਤਾਨ ਹਰਮਨਪ੍ਰੀਤ ਕੌਰ ਮੰਗਲਵਾਰ ਨੂੰ ਜਾਰੀ ਨਵੀਂ ਦਰਜਾਬੰਦੀ ਵਿੱਚ 14ਵੇਂ ਸਥਾਨ 'ਤੇ ਪਹੁੰਚ ਗਈ। ਸਿਖਰਲੇ 10 ਬੱਲੇਬਾਜ਼ਾਂ ਵਿੱਚ ਮੰਧਾਨਾ ਤੋਂ ਇਲਾਵਾ ਹਮਲਾਵਰ ਬੱਲੇਬਾਜ਼ ਸ਼ੇਫਾਲੀ ਵਰਮਾ ਦੂਜੀ ਭਾਰਤੀ ਖਿਡਾਰਨ ਹੈ, ਜਿਸ ਨੇ ਆਪਣਾ 6ਵਾਂ ਸਥਾਨ ਕਾਇਮ ਰੱਖਿਆ ਹੈ। ਜੇਮੀਮਾ ਰੌਡਰਿਗਜ਼ ਸੰਯੁਕਤ 11ਵੇਂ ਸਥਾਨ 'ਤੇ ਬਣੀ ਹੋਈ ਹੈ।

ਗੇਂਦਬਾਜ਼ੀ ਵਿੱਚ ਸਪਿੰਨ ਹਰਫ਼ਨਮੌਲਾ ਦੀਪਤੀ ਸ਼ਰਮਾ ਇਕ ਪਾਇਦਾਨ ਉਪਰ ਚੜ੍ਹ ਕੇ ਤੀਜੇ ਸਥਾਨ 'ਤੇ ਪਹੁੰਚ ਗਈ; ਤੇਜ਼ ਗੇਂਦਬਾਜ਼ ਰੇਣੁਕਾ ਸਿੰਘ ਠਾਕੁਰ 6ਵੇਂ ਸਥਾਨ 'ਤੇ ਬਣੀ ਹੋਈ ਹੈ। ਤੇਜ਼ ਗੇਂਦਬਾਜ਼ ਅਰੁੰਧਤੀ ਰੈੱਡੀ ਸਿਖਰਲੇ 10 'ਚੋਂ ਬਾਹਰ ਹੋ ਕੇ 11ਵੇਂ ਸਥਾਨ 'ਤੇ ਖਿਸਕ ਗਈ। ਦੀਪਤੀ ਹਰਫ਼ਨਮੌਲਾ ਖਿਡਾਰੀਆਂ ਦੀ ਦਰਜਾਬੰਦੀ ਵਿੱਚ ਵੀ ਤੀਜੇ ਨੰਬਰ 'ਤੇ ਪਹੁੰਚ ਗਈ। ਆਸਟਰੇਲੀਆ ਦੀ ਸਲਾਮੀ ਬੱਲੇਬਾਜ਼ ਜੌਰਜੀਆ ਵੋਲ ਪਹਿਲੀ ਵਾਰ ਬੱਲੇਬਾਜ਼ੀ ਦਰਜਾਬੰਦੀ ਵਿੱਚ ਸਿਖਰਲੇ 10 ਵਿੱਚ ਸ਼ਾਮਲ ਹੋਈ। ਨਿਊਜ਼ੀਲੈਂਡ ਦੀ ਸਟਾਰ ਸੋਫੀ ਡਿਵਾਇਨ ਦੇ ਦੱਖਣੀ ਅਫ਼ਰੀਕਾ ਖਿਲਾਫ਼ ਲਗਾਤਾਰ ਦੋ ਨੀਮ ਸੈਂਕੜਿਆਂ ਨੇ ਉਨ੍ਹਾਂ ਨੂੰ ਸੂਚੀ ਵਿੱਚ ਦੋ ਸਥਾਨ ਉੱਤੇ 18ਵੇਂ ਸਥਾਨ 'ਤੇ ਪਹੁੰਚਾਉਣ ਵਿੱਚ ਮਦਦ ਕੀਤੀ।

# ਇੰਡੀਅਨ ਏਅਰ ਫੋਰਸ ਨੇ ਹਾਕੀ ਕੱਪ ਜਿੱਤਿਆ




ਇੰਡੀਅਨ ਏਅਰ ਫੋਰਸ ਨੇ ਪੈਟਰੋਲੀਅਮ ਸਪੋਰਟਸ ਕੰਟਰੋਲ ਬੋਰਡ ਨੂੰ 2-1 ਦੇ ਫਰਕ ਨਾਲ ਹਰਾ ਕੇ ਭੁਲੱਥ ਹਾਕੀ ਕੱਪ ਦੇ ਪੁਰਸ਼ਾਂ ਦੇ ਵਰਗ ਦਾ ਖਿਤਾਬ ਆਪਣੇ ਨਾਂ ਕਰ ਲਿਆ। ਰਾਊਂਡ ਗਲਾਸ ਹਾਕੀ ਅਕਾਦਮੀ ਮੁਹਾਲੀ ਨੇ ਗੁਰੂ ਨਾਨਕ ਦੇਵ ਯੂਨੀਵਰਸਟੀ ਅੰਮ੍ਰਿਤਸਰ ਦੀ ਟੀਮ ਨੂੰ 5-1 ਦੇ ਵੱਡੇ ਫਰਕ ਨਾਲ ਹਰਾ ਕੇ ਭੁਲੱਥ ਹਾਕੀ ਕੱਪ 2026 ਦਾ ਮਹਿਲਾਵਾਂ ਦੇ ਵਰਗ ਦਾ ਖਿਤਾਬ ਜਿੱਤਿਆ। ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਜਲੰਧਰ ਵਿੱਚ ਮੋਹਨਬੀਰ ਸਿੰਘ ਬੱਲ, ਗੁਰਜੀਤ ਸਿੰਘ ਪੱਟੀ, ਪਰਮਿੰਦਰ ਸੰਧੂ ਅਤੇ ਹੋਰਾਂ ਵਲੋਂ ਕਰਵਾਏ ਗਏ ਟੂਰਨਾਮੈਂਟ ਵਿੱਚ ਰਾਊਂਡ ਗਲਾਸ ਹਾਕੀ ਅਕਾਦਮੀ ਦੀ ਕਪਤਾਨ ਬਲਜੀਤ ਕੌਰ ਨੇ ਫਾਈਨਲ ਵਿੱਚ ਹੈਟ੍ਰਿਕ ਕੀਤੀ ਅਤੇ ਉਸ ਦਾ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਜੇਤੂ ਟੀਮ ਨੂੰ ਪੰਜ ਲੱਖ ਰੁਪਏ ਨਗਦ ਅਤੇ ਟਰਾਫੀ ਅਤੇ ਉਪ ਜੇਤੂ ਟੀਮ ਨੂੰ 2 ਲੱਖ ਰੁਪਏ ਨਗਦ ਅਤੇ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ। ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਹਾਕੀ ਇੰਡੀਆ ਦੇ ਜਨਰਲ ਸਕੱਤਰ ਭੋਲਾ ਨਾਥ ਨੇ ਕੀਤੀ। ਮਰਦਾਂ ਦੇ ਵਰਗ ਦੀ ਜੇਤੂ ਟੀਮ ਨੂੰ ਟਰਾਫੀ ਦੇ ਨਾਲ 15 ਲੱਖ ਰੁਪਏ ਅਤੇ ਦੂਜੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ ਟਰਾਫੀ ਦੇ ਨਾਲ 10 ਲੱਖ ਰੁਪਏ ਨਗ਼ਦ ਇਨਾਮ ਦਿੱਤਾ ਗਿਆ। ਤੀਜੇ ਸਥਾਨ 'ਤੇ ਰਹਿਣ ਵਾਲੀ ਭਾਰਤੀ ਨੇਵੀ ਦੀ ਟੀਮ ਨੂੰ 5 ਲੱਖ ਰੁਪਏ ਨਗ਼ਦ ਦਾ ਇਨਾਮ ਦਿੱਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਨਿਤਿਨ ਕੋਹਲੀ ਪ੍ਰਧਾਨ ਹਾਕੀ ਪੰਜਾਬ, ਉਲੰਪੀਅਨ ਰਜਿੰਦਰ ਸਿੰਘ ਜੂਨੀਅਰ, ਨਰਿੰਦਰ ਸਿੰਘ ਸੋਢੀ, ਸੁਰਿੰਦਰ ਸਿੰਘ ਭਾਪਾ, ਅਮਰੀਕ ਸਿੰਘ ਪੁਆਰ ਜਨਰਲ ਸਕੱਤਰ ਹਾਕੀ ਪੰਜਾਬ, ਉਲੰਪੀਅਨ ਰਜਿੰਦਰ ਸਿੰਘ ਸੀਨੀਅਰ, ਸੁਖਬੀਰ ਸਿੰਘ ਗਰੇਵਾਲ, ਉਲੰਪੀਅਨ ਬਲਵਿੰਦਰ ਸਿੰਘ ਸ਼ੰਮੀ ਤੇ ਹੋਰ ਹਾਜ਼ਰ ਸਨ।

## ਓਪਿੰਦਰ ਸੇਖੋਂ ਨੇ ਕੌਮੀ ਖੇਡਾਂ ਲਚ ਤਿੰਨ ਸੋਨ ਤਗ਼ਮੇ ਜਿੱਤੇ

ਹਿਮਾਚਲ ਪ੍ਰਦੇਸ਼ ਦੇ ਮੰਤਰੀ ਵਿਕਰਮਾਦਿੱਤਿਆ ਸਿੰਘ ਦੀ ਕਰੀਬੀ ਰਿਸ਼ਤੇਦਾਰ ਓਪਿੰਦਰ ਕੌਰ ਸੇਖੋਂ ਨੇ ਚੰਡੀਗੜ੍ਹ ਦੇ ਸੈਕਟਰ 7 ਦੇ ਖੇਡ ਕੰਪਲੈਕਸ ਵਿਚ ਚੱਲ ਰਹੀਆਂ 'ਖੇਲੋ ਮਾਸਟਰਜ਼' ਕੌਮੀ ਖੇਡਾਂ ਵਿਚ ਔਰਤਾਂ ਦੇ 65+ ਉਮਰ ਜੁੱਟ ਵਿਚ ਤਿੰਨ ਸੋਨ ਤਗ਼ਮੇ ਜਿੱਤੇ ਹਨ। ਹਿਮਾਚਲ ਦੇ ਸ਼ਾਹੀ ਪਰਿਵਾਰ ਦੇ ਵਾਰਿਸ ਵਿਕਰਮਾਦਿੱਤਿਆ ਦੀ ਰਿਸ਼ਤੇ 'ਚ ਸੱਸ ਲੱਗਦੀ ਸੇਖੋਂ ਨੇ 100 ਮੀਟਰ ਦੀ ਦੌੜ 19.21 ਸਕਿੰਟਾਂ 'ਚ ਪੂਰੀ ਕਰ ਕੇ ਪਹਿਲਾ ਸਥਾਨ ਹਾਸਲ ਕੀਤਾ ਤੇ ਇਸ ਤੋਂ ਬਾਅਦ 200 ਮੀਟਰ ਦੀ ਦੌੜ 'ਚ ਵੀ ਪਹਿਲੀ ਥਾਂ ਮੱਲੀ। ਇਸ ਤੋਂ ਇਲਾਵਾ ਡਿਸਕਸ ਥ੍ਰੋ ਵਿਚ ਵੀ ਓਪਿੰਦਰ ਸੇਖੋਂ ਨੇ 24.22 ਮੀਟਰ ਦੇ ਫ਼ਾਸਲੇ ਨਾਲ ਪਹਿਲਾ ਸਥਾਨ ਹਾਸਲ ਕੀਤਾ। ਗ਼ੌਰਤਲਬ ਹੈ ਕਿ ਵਿਕਰਮਾਦਿੱਤਿਆ ਪ੍ਰਮੁੱਖ ਕਾਂਗਰਸੀ ਆਗੂ ਤੇ ਹਿਮਾਚਲ ਦੇ ਛੇ ਵਾਰ ਮੁੱਖ ਮੰਤਰੀ ਰਹੇ ਮਰਹੂਮ ਵੀਰਭੱਦਰ ਸਿੰਘ ਦੇ ਪੁੱਤਰ ਹਨ।

# ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫੀ ਲਈ ਪੰਜਾਬ ਤਿਆਰ



ਮੁੱਖ ਮੰਤਰੀ ਭਗਵੰਤ ਮਾਨ ਨੇ ਚੰਡੀਗੜ੍ਹ ਸਥਿਤ ਆਪਣੀ ਰਿਹਾਇਸ਼ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਨੂੰ ਪ੍ਰਫੁੱਲਤ ਕਰ ਰਹੀ ਹੈ ਅਤੇ ਇਸੇ ਸਦਕਾ ਪੰਜਾਬ ਪਹਿਲੀ ਵਾਰ ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫੀ ਦੀ ਮੇਜ਼ਬਾਨੀ ਕਰੇਗਾ। ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫੀ ਦੇ ਨਾਲ-ਨਾਲ ਪੰਜਾਬ 40 ਸਾਲਾਂ ਬਾਅਦ ਨੈਸ਼ਨਲ ਬੈਡਮਿੰਟਨ ਚੈਂਪੀਅਨਸ਼ਿਪ ਅੰਡਰ-13 ਦੀ ਮੇਜ਼ਬਾਨੀ ਵੀ ਕਰੇਗਾ। ਮੁੱਖ ਮੰਤਰੀ ਨੇ ਕਿਹਾ, "ਏਸ਼ਿਆਈ ਖੇਡਾਂ 3-4 ਅਕਤੂਬਰ ਨੂੰ ਸਮਾਪਤ ਹੋਣਗੀਆਂ ਅਤੇ ਹਾਕੀ ਦੀਆਂ ਚੋਟੀ ਦੀਆਂ ਛੇ ਟੀਮਾਂ ਇਨ੍ਹਾਂ ਖੇਡਾਂ ਵਿੱਚ ਹਿੱਸਾ ਲੈਣਗੀਆਂ। ਪੰਜਾਬ ਨੂੰ ਪਹਿਲੀ ਵਾਰ ਇਸ ਕੌਮਾਂਤਰੀ ਮੁਕਾਬਲੇ ਦੀ ਮੇਜ਼ਬਾਨੀ ਕਰਨ ਦਾ ਮੌਕਾ ਮਿਲਿਆ ਹੈ ਅਤੇ ਖੇਡਾਂ ਦੇ ਖੇਤਰ ਵਿੱਚ ਇਹ ਵੱਡੀ ਪ੍ਰਾਪਤੀ ਹੈ।" ਹਾਕੀ ਮੈਚ ਮੁਹਾਲੀ ਦੇ ਬਲਬੀਰ ਸਿੰਘ ਸੀਨੀਅਰ ਹਾਕੀ ਸਟੇਡੀਅਮ ਅਤੇ ਜਲੰਧਰ ਦੇ ਸੁਰਜੀਤ ਹਾਕੀ ਸਟੇਡੀਅਮ 'ਚ ਹੋਣਗੇ। ਇਸ ਤੋਂ ਇਲਾਵਾ ਸੂਬੇ ਨੂੰ ਚਾਰ ਦੇਸ਼ਾਂ ਦੇ ਇੱਕ ਹੋਰ ਕੌਮਾਂਤਰੀ ਮੁਕਾਬਲੇ ਦੀ ਮਨਜ਼ੂਰੀ ਦਿੱਤੀ ਗਈ ਹੈ ਜਿਸ ਨਾਲ ਸੂਬੇ ਵਿੱਚ ਹਾਕੀ ਨੂੰ ਹੋਰ ਹੁਲਾਰਾ ਦੇਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਖੇਡਾਂ 'ਤੇ ਰਾਜਸੀ ਆਗੂਆਂ ਦੇ ਕਬਜ਼ੇ ਕਰਵਾ ਦਿੱਤੇ ਸਨ। ਜਿਹੜੇ ਆਗੂ ਖੇਡ ਫੈਡਰੇਸ਼ਨਾਂ ਦੇ ਪ੍ਰਧਾਨ ਬਣੇ ਰਹੇ ਹਨ, ਉਨ੍ਹਾਂ ਨੂੰ ਉਹ ਖੇਡ ਖੇਡਣੀ ਵੀ ਨਹੀਂ ਆਉਂਦੀ ਸੀ।











